ਸ਼ਨੀਵਾਰ, 14 ਮਾਰਚ, 2026
1 ਚੇਤ { ਨਾਨਕਸ਼ਾਹੀ 558
ਬਿਕਰਮੀ 2082
ਜਿਲਦ/VOL. : 74
ਅੰਕ/NO. : 282

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SATURDAY, 14 MARCH, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਸੰਮੇਲਨ ਦੇ ਪਹਿਲੇ ਦਿਨ 10 ਹਜ਼ਾਰ ਕਰੋੜ ਦੇ ਨਿਵੇਸ਼ ਦੇ ਵਾਅਦੇ

## ਉੱਦਮੀਆਂ ਲਈ ਕਾਰੋਬਾਰ ਪੱਖੀ ਮਾਹੌਲ ਸਿਰਜ ਰਿਹਾ ਪੰਜਾਬ : ਭਗਵੰਤ ਮਾਨ

## ਚੀਨ ਨਾਲ ਮੁਕਾਬਲਾ ਕਰਨ ਲਈ ਸਾਰੀਆਂ ਸਹੂਲਤਾਂ ਦੇਵੇਗੀ ਸਰਕਾਰ : ਕੇਜਰੀਵਾਲ

**ਮੋਹਾਲੀ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਤਿੰਨ ਦਿਨ ਚੱਲਣ ਵਾਲੇ ਪੰਜਾਬ ਪ੍ਰਗਤੀਸ਼ੀਲ ਨਿਵੇਸ਼ਕ ਸੰਮੇਲਨ-2026 ਦੀ ਸ਼ੁੱਕਰਵਾਰ ਧਮਾਕੇਦਾਰ ਸ਼ੁਰੂਆਤ ਹੋਈ। ਸੰਮੇਲਨ ਦੇ ਪਹਿਲੇ ਦਿਨ ਦਿੱਗਜ ਉਦਯੋਗਪਤੀਆਂ ਨੇ 10,000 ਕਰੋੜ ਰੁਪਏ ਦਾ ਨਿਵੇਸ਼ ਕਰਨ ਦੇ ਵਾਅਦੇ ਕਰਦਿਆਂ ਸੂਬੇ ਵਿੱਚ ਕਾਰੋਬਾਰ ਹੋਰ ਵਧਾਉਣ ਦਾ ਐਲਾਨ ਵੀ ਕੀਤਾ। ਨਿਵੇਸ਼ਕਾਰਾਂ ਅਤੇ ਉਦਯੋਗਪਤੀਆਂ ਨੂੰ ਮੁਖਾਤਿਬ ਹੁੰਦਿਆਂ ਆਪ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਚੀਨ ਨਾਲ ਮੁਕਾਬਲਾ ਕਰਨ ਲਈ ਪੰਜਾਬ ਸਰਕਾਰ ਉਦਯੋਗ ਨੂੰ ਹਰ ਤਰ੍ਹਾਂ ਦੀ ਸਹੂਲਤ ਦੇਵੇਗੀ।ਉਨ੍ਹਾ ਕਿਹਾ ਕਿ ਕਾਰੋਬਾਰ ਪੱਖੀ ਮਾਹੌਲ ਸਦਕਾ ਮਹਿਜ਼ ਚਾਰ ਸਾਲਾਂ ਵਿੱਚ ਪੰਜਾਬ ਵਿੱਚ ਇਕ ਲੱਖ 50 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਆ ਚੁੱਕਾ ਹੈ।

ਕੇਜਰੀਵਾਲ ਨੇ ਕਿਹਾ, "ਕਿਸੇ ਵੀ ਸੂਬੇ ਜਾਂ ਦੇਸ਼ ਦੀ ਪ੍ਰਗਤੀ ਲਈ ਤਿੰਨ ਜਾਂ ਚਾਰ ਸਾਲ ਦਾ ਸਮਾਂ ਬਹੁਤ ਘੱਟ ਹੁੰਦਾ ਹੈ।ਪਰ ਜੇਕਰ ਚਾਰ ਸਾਲਾਂ ਵਿੱਚ ਅਸੀਂ ਹਵਾ ਦੀ ਦਿਸ਼ਾ ਬਦਲਣ ਅਤੇ ਪੰਜਾਬ ਬਾਰੇ ਨਵੀਂ ਊਰਜਾ ਅਤੇ ਸਕਾਰਾਤਮਕਤਾ ਲਿਆਉਣ ਵਿੱਚ ਕਾਮਯਾਬ ਹੋ ਗਏ ਹਾਂ ਤਾਂ ਮੇਰਾ ਮੰਨਣਾ ਹੈ ਕਿ ਇਹ ਪੰਜਾਬ ਸਰਕਾਰ ਦੀ ਇੱਕ ਵੱਡੀ ਪ੍ਰਾਪਤੀ ਹੈ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਹ ਬਹੁਤ ਮਾਣ ਅਤੇ ਤਸੱਲੀ ਵਾਲੀ ਗੱਲ ਹੈ ਕਿ ਸੰਮੇਲਨ ਦੇ ਪਹਿਲੇ ਦਿਨ ਹੀ ਪੰਜਾਬ ਨੇ 10,000 ਕਰੋੜ ਰੁਪਏ ਤੋਂ ਵੱਧ ਦੇ ਨਿਵੇਸ਼ ਪ੍ਰਾਪਤ ਕੀਤੇ ਹਨ।ਐਚ ਐਮ ਈ ਐਲ, ਟਾਟਾ ਸਟੀਲ, ਜੇ ਐਸ ਡਬਲਿਊ, ਟ੍ਰਾਈਡੈਂਟ ਗਰੁੱਪ, ਹੀਰੋ ਇੰਡਸਟਰੀਜ਼ ਅਤੇ ਉਦਯੋਗ ਜਗਤ ਦੇ ਕਈ ਹੋਰ ਸਨਅਤਕਾਰਾਂ ਨੇ ਸੂਬੇ ਵਿੱਚ ਪਹਿਲਾਂ ਹੀ ਚੱਲ ਰਹੇ ਕਾਰੋਬਾਰ ਦਾ ਵਿਸਥਾਰ ਕਰਨ ਅਤੇ ਨਵੇਂ ਪ੍ਰਾਜੈਕਟ ਲਾਉਣ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਹੈ।"

ਉਨ੍ਹਾਂ ਅੱਗੇ ਕਿਹਾ, ਪੰਜਾਬੀ ਆਪਣੇ ਉੱਦਮੀ ਸੁਭਾਅ, ਨਿਵੇਕਲੀ ਸੋਚਣੀ ਅਤੇ ਹਰੇਕ ਸਮੱਸਿਆ ਦਾ ਹੱਲ ਕੱਢ ਲੈਣ ਵਾਲੀ ਭਾਵਨਾ ਲਈ ਜਾਣੇ ਜਾਂਦੇ ਹਨ। ਤੁਹਾਨੂੰ ਸ਼ਾਇਦ ਹੀ ਕੋਈ ਪੰਜਾਬੀ ਭੀਖ ਮੰਗਦਾ ਮਿਲੇਗਾ ਕਿਉਂਕਿ ਸਾਡੇ ਲੋਕ ਸਖ਼ਤ ਮਿਹਨਤ ਵਿੱਚ ਵਿਸ਼ਵਾਸ ਰੱਖਦੇ ਹਨ ਅਤੇ ਉਹ ਅਜਿਹੇ ਸੁਭਾਅ ਦੇ ਮਾਲਕ ਹਨ ਕਿ ਸਭ ਤੋਂ ਔਖੇ ਸਮੇਂ ਵਿੱਚ ਵੀ ਹਾਰ ਮੰਨਣ ਦੀ ਬਜਾਏ ਸਫਲ ਹੁੰਦੇ ਹਨ। ਪੰਜਾਬੀ ਸਮਰਪਣ ਭਾਵਨਾ, ਵਚਨਬੱਧਤਾ ਅਤੇ ਸਖ਼ਤ ਮਿਹਨਤ ਨਾਲ ਦਿਨ ਵਿੱਚ 20 ਘੰਟੇ ਕੰਮ ਕਰ ਸਕਦੇ ਹਨ। ਦੁਨੀਆ ਭਰ ਵਿੱਚ ਇਹ ਨਿਰਾਲਾ ਗੁਣ ਪੰਜਾਬੀਆਂ ਵਿੱਚ ਹੀ ਹੈ।

ਪੰਜਾਬੀਆਂ ਦੀ ਵਿਸ਼ਵਵਿਆਪੀ ਪਛਾਣ ਦਾ ਵਿਸ਼ੇਸ਼ ਤੌਰ ਉਤੇ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬੀ ਇਕ ਜੁਝਾਰੂ ਕੌਮ ਹੈ ਜੋ ਦਲੇਰ ਤੇ ਉੱਦਮੀ ਹਨ। ਉਨ੍ਹਾਂ ਨੇ ਦੁਨੀਆ ਦੇ ਹਰ ਖੇਤਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਜਦੋਂ ਵੀ ਦੁਨੀਆ ਵਿੱਚ ਕਿਤੇ ਵੀ ਕੋਈ ਦੁਖਾਂਤ ਆਉਂਦਾ ਹੈ, ਤਾਂ ਉਸ ਵੇਲੇ ਲੋੜਵੰਦਾਂ ਤੱਕ ਲੰਗਰ ਪਹੁੰਚਾਉਣ ਲਈ ਪੰਜਾਬੀ ਸਭ ਤੋਂ ਪਹਿਲਾਂ ਪਹੁੰਚਦਾ ਹੈ ਅਤੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੇਵਾ ਅਤੇ ਮਨੁੱਖੀ ਸਿੱਖਿਆਵਾਂ ਦੇ ਸੰਦੇਸ਼ ਦੀ ਪਾਲਣਾ ਕਰਦਾ ਹੈ। ਪੰਜਾਬ ਨੂੰ ਅਮੀਰ ਸੱਭਿਆਚਾਰ, ਜ਼ਰੇਖਜ਼ ਧਰਤੀ ਅਤੇ ਭਾਈਚਾਰਕ ਸਾਂਝ ਦੀ ਬਖਸ਼ਿਸ਼ ਪ੍ਰਾਪਤ ਹੈ। ਪੰਜਾਬ ਦੀ ਉਪਜਾਊ ਧਰਤੀ ਤੇ ਸਭ ਕੁਝ ਉੱਗ ਸਕਦਾ ਹੈ, ਪਰ ਨਫ਼ਰਤ ਦਾ ਬੀਜ ਇੱਥੇ ਕਦੇ ਵੀ ਜੜ੍ਹ ਨਹੀਂ ਫੜ ਸਕਦਾ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਹਾਨ ਸਿੱਖ ਗੁਰੂਆਂ ਦੇ ਸੰਦੇਸ਼ ਦੀ ਪਾਲਣਾ ਕਰਦੇ ਹੋਏ ਹਰ ਪੰਜਾਬੀ ਸਰਬੱਤ ਦੇ ਭਲੇ ਅਤੇ ਚੜ੍ਹਦੀ ਕਲਾ ਲਈ ਅਰਦਾਸ ਕਰਦਾ ਹੈ। ਸਾਲ 2022 ਤੋਂ ਜਦੋਂ ਸਾਡੀ ਸਰਕਾਰ ਨੇ ਸੱਤਾ ਸੰਭਾਲੀ ਹੈ, ਪੰਜਾਬ ਨੇ ਬਿਜਲੀ, ਸਿਹਤ, ਰੀਅਲ ਅਸਟੇਟ, ਬੁਨਿਆਦੀ ਢਾਂਚਾ ਅਤੇ ਸਿੱਖਿਆ ਵਰਗੇ ਖੇਤਰਾਂ ਵਿੱਚ ਸ਼ਾਨਦਾਰ ਤਰੱਕੀ ਦੇਖੀ ਹੈ।

ਨਵੀਨਤਾ ਅਤੇ ਤਕਨਾਲੋਜੀ ਨੂੰ ਉਜਾਗਰ ਕਰਦੇ ਹੋਏ, ਉਨ੍ਹਾਂ ਅੱਗੇ ਕਿਹਾ, ਪੰਜਾਬ ਹੁਣ ਨਵੀਨਤਾ ਅਤੇ ਤਕਨਾਲੋਜੀ ਦੇ ਸਮੂਲੇ ਵਾਲੇ ਉੱਦਮ ਦੇ ਨਵੇਂ ਸੱਭਿਆਚਾਰ ਵੱਲ ਤਬਦੀਲੀ ਦੀ ਦਹਿਲੀਜ਼ ਤੇ ਹੈ। ਸੂਬੇ ਦੇ ਨੌਜਵਾਨ ਨਵੇਂ ਵਿਚਾਰਾਂ ਤੇ ਨਵੀਨਤਾਵਾਂ ਨਾਲ ਆ ਰਹੇ ਹਨ ਅਤੇ ਉਨ੍ਹਾਂ ਦਾ ਸਹਿਯੋਗ ਕਰਨਾ ਸਾਡੀ ਜ਼ਿੰਮੇਵਾਰੀ ਹੈ। ਅਸੀਂ ਇਸ ਨੇਕ ਕਾਰਜ ਲਈ ਕੋਈ ਕਸਰ ਨਹੀਂ ਛੱਡ ਰਹੇ। ਵਿਸ਼ਵ ਪੱਧਰੀ ਬੁਨਿਆਦੀ ਢਾਂਚਾ, ਸ਼ਾਨਦਾਰ ਸੰਪਰਕ, ਪ੍ਰਮੁੱਖ ਵਿਦਿਅਕ ਸੰਸਥਾਵਾਂ ਅਤੇ ਸਹਾਇਕ ਸਰਕਾਰੀ ਨੀਤੀਆਂ ਮਿਲ ਕੇ ਪੰਜਾਬ ਨੂੰ ਵਿਸ਼ਵ ਪੱਧਰ ਤੇ ਸਭ ਤੋਂ ਪਸੰਦੀਦਾ ਨਿਵੇਸ਼ ਸਥਾਨਾਂ ਵਿੱਚੋਂ ਇੱਕ ਬਣਾਉਂਦੀਆਂ ਹਨ।

ਉਦਯੋਗਪਤੀਆਂ ਦਾ ਧੰਨਵਾਦ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਮੈਂ ਪੰਜਾਬ ਦੀ ਵਿਕਾਸ ਕਹਾਣੀ ਦਾ ਹਿੱਸਾ ਬਣਨ ਲਈ ਸਾਰੇ ਕਾਰੋਬਾਰੀ ਆਗੂਆਂ ਦਾ ਧੰਨਵਾਦ ਕਰਦਾ ਹਾਂ। ਸਾਡੀ ਸਰਕਾਰ ਪੰਜਾਬ ਨੂੰ ਦੁਨੀਆ ਦੇ ਪ੍ਰਮੁੱਖ ਉਦਯੋਗਿਕ ਅਤੇ ਨਿਰਯਾਤ ਕੇਂਦਰ ਵਿੱਚ ਬਦਲਣ ਲਈ ਵਚਨਬੱਧ ਹੈ। ਭਾਰਤ ਸਰਕਾਰ ਦੁਆਰਾ ਕਰਵਾਈ ਗਈ 'ਈਜ਼ ਆਫ ਡੂਇੰਗ ਬਿਜ਼ਨਸ' (ਕਾਰੋਬਾਰ ਨੂੰ ਸੁਖਾਲਾ ਬਣਾਉਣਾ) ਦੀ ਰੈਂਕਿੰਗ ਵਿੱਚ ਪੰਜਾਬ ਚੋਟੀ ਦੇ ਪ੍ਰਦਰਸ਼ਨ ਕਰਨ ਵਾਲੇ ਸੂਬਿਆਂ ਵਿੱਚੋਂ ਇੱਕ ਹੈ। ਪੰਜਾਬ ਸਰਕਾਰ ਦੇ ਏਕੀਕ੍ਰਿਤ ਰੈਗੂਲੇਟਰ, ਇਨਵੈਸਟ ਪੰਜਾਬ, ਨੂੰ ਭਾਰਤ ਸਰਕਾਰ ਦੁਆਰਾ ਚੋਟੀ ਦੇ ਪ੍ਰਦਰਸ਼ਨ ਕਰਨ ਵਾਲੀਆਂ ਨਿਵੇਸ਼ ਪ੍ਰਮੋਸ਼ਨ ਏਜੰਸੀਆਂ ਵਿੱਚੋਂ ਇੱਕ ਵਜੋਂ ਮਾਨਤਾ ਦਿੱਤੀ ਗਈ ਹੈ।

ਦੇਸ਼-ਵਿਦੇਸ਼ ਤੋਂ ਪਹੁੰਚੇ ਕਾਰੋਬਾਰੀਆਂ ਦਾ ਸਵਾਗਤ ਕਰਦੇ ਹੋਏ ਮਾਨ ਨੇ ਕਿਹਾ, "ਪੰਜਾਬ, ਦੇਸ਼ ਦੇ ਸਭ ਤੋਂ ਅਨੁਕੂਲ ਨਿਵੇਸ਼ ਸਥਾਨਾਂ ਵਿੱਚੋਂ ਇੱਕ ਹੈ ਅਤੇ ਅਸੀਂ ਨਿਵੇਸ਼ਕਾਂ ਨੂੰ ਸਹੂਲਤ ਦੇਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਾਂਗੇ। ਸਾਡਾ ਦ੍ਰਿਸ਼ਟੀਕੋਣ ਪੰਜਾਬ ਨੂੰ ਮੋਹਰੀ ਉਦਯੋਗਿਕ ਹੱਬ ਬਣਾਉਣ ਲਈ ਸਰਕਾਰ ਅਤੇ ਉਦਯੋਗ ਵਿਚਕਾਰ ਮਜ਼ਬੂਤ ਭਾਈਵਾਲੀ ਬਣਾਉਣਾ ਹੈ।"

ਮਾਨ ਨੇ ਕਿਹਾ, "ਭਵਿੱਖ ਸਾਡੇ ਸਾਰਿਆਂ ਲਈ ਸਾਂਝੀ ਜ਼ਿੰਮੇਵਾਰੀ ਹੈ।ਪੰਜਾਬ ਸ਼ਾਇਦ ਦੁਨੀਆ ਦਾ ਇੱਕੋ ਇੱਕ ਸੂਬਾ ਹੈ ਜਿਸ ਦੇ ਲੋਕਾਂ ਦੀ ਦੁਨੀਆ ਭਰ ਵਿੱਚ ਮੌਜੂਦਗੀ ਹੈ ਕਿਉਂਕਿ ਪੰਜਾਬੀ ਜਿੱਥੇ ਵੀ ਜਾਂਦੇ ਹਨ, ਬੁਲੰਦੀਆਂ ਛੂੰਹਦੇ ਹਨ। ਪੰਜਾਬੀ ਸਖ਼ਤ ਮਿਹਨਤ ਕਰਨ ਅਤੇ ਸਫਲ ਹੋਣ ਦੀ ਅਦੁੱਤੀ ਭਾਵਨਾ ਰੱਖਦੇ ਹਨ।ਉਹ ਜਿੱਥੇ ਵੀ ਜਾਂਦੇ ਹਨ, ਆਪਣੀ ਪਛਾਣ ਛੱਡਦੇ ਹਨ। ਪੰਜਾਬ ਦਾ ਅਰਥ ਹੈ ਕਾਰੋਬਾਰ ਅਤੇ ਮੈਂ ਉਦਯੋਗ ਦੇ ਆਗੂਆਂ ਨੂੰ ਸੱਦਾ ਦਿੰਦਾ ਹਾਂ ਕਿ ਉਹ ਇਕੱਠੇ ਇੱਕ ਖੁਸ਼ਹਾਲ ਭਵਿੱਖ ਬਣਾਉਣ ਲਈ ਸਰਕਾਰ ਨਾਲ ਹੱਥ ਮਿਲਾਉਣ।"



# ਈਰਾਨੀ ਲੀਡਰਸ਼ਿਪ ਸੜਕਾਂ 'ਤੇ ਨਿੱਤਰੀ



**ਤਹਿਰਾਨ** : ਰਮਜ਼ਾਨ ਦੇ ਆਖਰੀ ਸ਼ੁੱਕਰਵਾਰ ਫਲਸਤੀਨੀਆਂ ਨਾਲ ਯਕਜਹਿਤੀ ਦਾ ਇਜ਼ਹਾਰ ਕਰਨ ਲਈ ਸਾਲਾਨਾ ਅਲ-ਕੁਦਸ ਦਿਵਸ (ਯੋਰੋਸ਼ਲਮ ਦਿਵਸ) ਮਨਾਉਣ ਲਈ ਤਹਿਰਾਨ ਵਿੱਚ ਹਜ਼ਾਰਾਂ ਈਰਾਨੀ ਇਕੱਠੇ ਹੋਏ। ਵਰ੍ਹਦੇ ਮੀਂਹ ਵਿੱਚ ਇਸ ਇਕੱਠ 'ਚ ਰਾਸ਼ਟਰਪਤੀ ਮਸੂਦ ਪੇਜ਼ੇਸ਼ਕਿਅਨ ਦੇ ਨਾਲ-ਨਾਲ ਕੌਮੀ ਸੁਰੱਖਿਆ ਮੁਖੀ ਅਲੀ ਲਾਰੀਜਾਨੀ, ਚੀਫ ਜਸਟਿਸ ਗੁਲਾਮ ਹੁਸੈਨ, ਕੌਮੀ ਪੁਲਸ ਮੁਖੀ ਅਹਿਮਦ ਰਜ਼ਾ ਰਦਾਨ, ਵਿਦੇਸ਼ ਮੰਤਰੀ ਅੱਬਾਸ ਅਰਾਗਚੀ ਤੇ ਕਈ ਹੋਰ ਵੱਡੇ ਆਗੂ ਅਤੇ ਫੌਜੀ ਅਧਿਕਾਰੀ ਵੀ ਸ਼ਾਮਲ ਹੋਏ। ਇਸ ਦੌਰਾਨ ਇਜ਼ਰਾਈਲੀ ਬੰਬਾਰੀ ਨਾਲ ਇੱਕ ਮੁਜ਼ਾਹਰਾਕਾਰੀ ਮਹਿਲਾ ਦੀ ਮੌਤ ਵੀ ਹੋ ਗਈ। ਲਾਰੀਜਾਨੀ ਨੇ ਕਿਹਾ ਕਿ ਇਹ ਬੰਬਾਰੀ ਬਦਹਵਾਸੀ ਦਾ ਸਬੂਤ ਹੈ। ਜਦੋਂ ਬੰਬਾਰੀ ਹੋਈ ਤਾਂ ਚੀਫ ਜਸਟਿਸ ਨੇ ਮੁੱਕਾ ਲਹਿਰਾਉਂਦਿਆਂ ਕਿਹਾ ਕਿ ਈਰਾਨ ਮੀਂਹ ਤੇ ਮਿਜ਼ਾਈਲਾਂ ਤੋਂ ਯਰਕਣ ਵਾਲਾ ਨਹੀਂ। 28 ਫਰਵਰੀ ਨੂੰ ਸੁਪਰੀਮ ਲੀਡਰ ਆਇਤੁੱਲ੍ਹਾ ਖਾਮਨੇਈ ਦੇ ਮਾਰੇ ਜਾਣ ਤੋਂ ਬਾਅਦ ਈਰਾਨੀ ਲੀਡਰਸ਼ਿਪ ਪਹਿਲੀ ਵਾਰ ਸੜਕਾਂ 'ਤੇ ਨਜ਼ਰ ਆਈ ਹੈ। ਰਾਸ਼ਟਰਪਤੀ ਪੇਜ਼ੇਸ਼ਕਿਅਨ ਨਾਲ ਲੋਕਾਂ ਨੇ ਸੈਲਫੀਆਂ ਵੀ ਲਈਆਂ।

# ਚੀਮਾ ਵੱਲੋਂ ਭਾਜਪਾ ਆਗੂਆਂ ਨੂੰ ਅੱਜ ਸ਼ਾਹ ਅੱਗੇ ਪੰਜਾਬ ਦਾ ਪੱਖ ਰੱਖਣ ਦਾ ਚੈਲੰਜ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**



ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ 14 ਮਾਰਚ ਨੂੰ ਮੋਗਾ ਵਿੱਚ ਹੋਣ ਵਾਲੀ ਸਿਆਸੀ ਰੈਲੀ ਤੋਂ ਪਹਿਲਾਂ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਕਈ ਤਿੱਖੇ ਸਵਾਲ ਕੀਤੇ ਅਤੇ ਪੰਜਾਬ ਭਾਜਪਾ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਰੈਲੀ ਦੌਰਾਨ ਅਮਿਤ ਸ਼ਾਹ ਤੋਂ ਸਪੱਸ਼ਟ ਜਵਾਬ ਮੰਗਣ।ਚੀਮਾ ਨੇ ਕਿਹਾ ਕਿ ਕੇਂਦਰ ਨੇ ਦਿਹਾਤੀ ਵਿਕਾਸ ਫੰਡ (ਆਰਡੀਐਫ) ਸਮੇਤ ਕਈ ਸਕੀਮਾਂ ਤਹਿਤ ਪੰਜਾਬ ਦੇ ਹਜ਼ਾਰਾਂ ਕਰੋੜ ਰੁਪਏ ਰੋਕੇ ਹੋਏ ਹਨ। ਉਨ੍ਹਾਂ ਨੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨਾਲ ਮੀਟਿੰਗਾਂ ਦੌਰਾਨੇ ਦਿਹਾਤੀ ਵਿਕਾਸ ਫੰਡ, ਨੈਸ਼ਨਲ ਹੈਲਥ ਮਿਸ਼ਨ, ਪ੍ਰਧਾਨ ਮੰਤਰੀ ਆਵਾਸ ਯੋਜਨਾ ਅਤੇ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਤਹਿਤ ਪੰਜਾਬ ਦੇ ਪੈਂਡਿੰਗ ਫੰਡ ਜਾਰੀ ਕਰਨ ਦੀ ਮੰਗ ਕੀਤੀ ਹੈ, ਪਰ ਕੇਂਦਰ ਨੇ ਕਿਸੇ ਨਾ ਕਿਸੇ ਬਹਾਨੇ ਭੁਗਤਾਨ ਵਿੱਚ ਲਗਾਤਾਰ ਦੇਰੀ ਕੀਤੀ ਹੈ।ਚੀਮਾ ਨੇ ਕਿਹਾ ਕਿ ਕੇਂਦਰ ਨੇ ਵਾਰ-ਵਾਰ ਪਾਣੀ ਵਿੱਚ ਪੰਜਾਬ ਦੇ ਹੱਕੀ ਹਿੱਸੇ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ ਹੈ।

ਚੀਮਾ ਨੇ ਸਵਾਲ ਕੀਤਾ ਕਿ ਕੀ ਖੇਤੀਬਾੜੀ ਵਿੱਚ ਪ੍ਰਸਤਾਵਿਤ ਭਾਰਤ-ਅਮਰੀਕਾ ਵਪਾਰ ਸਮਝੌਤੇ ਭਾਰਤੀ ਕਿਸਾਨਾਂ ਨੂੰ ਨੁਕਸਾਨ ਪਹੁੰਚਾਉਣਗੇ? ਅਮਰੀਕੀ ਖੇਤੀਬਾੜੀ ਸਕੱਤਰ ਦੀਆਂ ਟਿੱਪਣੀਆਂ ਦਾ ਹਵਾਲਾ ਦਿੰਦੇ ਹੋਏ, ਜਿਸ ਵਿੱਚ ਸੁਝਾਅ ਦਿੱਤਾ ਗਿਆ ਸੀ ਕਿ ਭਾਰਤੀ ਬਾਜ਼ਾਰ ਤੱਕ ਪਹੁੰਚ ਨਾਲ ਅਮਰੀਕੀ ਕਿਸਾਨਾਂ ਨੂੰ ਫਾਇਦਾ ਹੋਵੇਗਾ, • ਬਾਕੀ ਸਫਾ 2 'ਤੇ

## 'ਟਟੀਹਰੀ' ਮਾਮਲੇ 'ਚ ਬਾਦਸ਼ਾਹ ਨੂੰ ਗ੍ਰਿਫਤਾਰ ਕਰਨ ਦੇ ਹੁਕਮ

**ਚੰਡੀਗੜ੍ਹ** : 'ਟਟੀਹਰੀ' ਗੀਤ ਦੇ ਵਿਵਾਦ ਨੂੰ ਲੈ ਕੇ ਹਰਿਆਣਾ ਮਹਿਲਾ ਕਮਿਸ਼ਨ ਨੇ ਬੌਲੀਵੁੱਡ ਸਿੰਗਰ ਅਤੇ ਰੈਪਰ ਬਾਦਸ਼ਾਹ ਨੂੰ ਗ੍ਰਿਫਤਾਰ ਕਰਨ ਦੇ ਹੁਕਮ ਦਿੱਤੇ ਹਨ। ਬਾਦਸ਼ਾਹ ਨੂੰ ਸ਼ੁੱਕਰਵਾਰ ਵਾਲੇ ਦਿਨ ਪਾਣੀਪਤ ਵਿੱਚ ਪੇਸ਼ ਹੋਣ ਲਈ ਕਿਹਾ ਗਿਆ ਸੀ, ਪਰ ਉਹ ਉੱਥੇ ਨਹੀਂ ਪਹੁੰਚਿਆ। ਬਾਦਸ਼ਾਹ ਦੇ ਪੇਸ਼ ਨਾ ਹੋਣ ਕਰਕੇ ਮਹਿਲਾ ਕਮਿਸ਼ਨ ਦੀ ਪ੍ਰਧਾਨ ਰੇਣੂ ਭਾਟੀਆ ਕਾਫੀ ਨਾਰਾਜ਼ ਹੋ ਗਏ ਅਤੇ ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਬਾਦਸ਼ਾਹ ਦੁਪਹਿਰ 3 ਵਜੇ ਤੱਕ ਪੇਸ਼ ਨਾ ਹੋਇਆ ਤਾਂ ਉਸ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ। ਜਦੋਂ 3 ਵਜੇ ਫਿਰ ਤੋਂ ਵਕੀਲਾਂ ਨੇ ਆ ਕੇ ਸਮਾਂ ਮੰਗਿਆ ਤਾਂ ਕਮਿਸ਼ਨ ਦੀ ਪ੍ਰਧਾਨ ਨੇ ਤੁਰੰਤ ਪੰਚਕੂਲਾ ਅਤੇ ਪਾਣੀਪਤ ਦੇ ਐੱਸ ਪੀ ਨੂੰ ਬਾਦਸ਼ਾਹ ਦੀ ਗ੍ਰਿਫਤਾਰੀ ਅਤੇ ਉਸ ਦਾ ਪਾਸਪੋਰਟ ਜ਼ਬਤ ਕਰਨ ਦੇ ਨਿਰਦੇਸ਼ ਦੇ ਦਿੱਤੇ ਤਾਂ ਕਿ ਉਹ ਦੇਸ਼ ਛੱਡ ਕੇ ਨਾ ਜਾ ਸਕੇ। ਇਹ ਸਾਰਾ ਮਾਮਲਾ ਟਟੀਹਰੀ ਗੀਤ ਦੇ ਇਤਰਾਜ਼ਯੋਗ ਬੋਲਾਂ ਅਤੇ ਵੀਡੀਓ ਵਿੱਚ ਕੁੜੀਆਂ ਨੂੰ ਗਲਤ ਤਰੀਕੇ ਨਾਲ ਦਿਖਾਉਣ ਨਾਲ ਜੁੜਿਆ ਹੋਇਆ ਹੈ।

## ਸ਼ਾਹੀਨ ਸਈਦ ਸਮੇਤ 6 ਹੋਰਨਾਂ ਦੀ ਨਿਆਂਇਕ ਹਿਰਾਸਤ ਵਧਾਈ

**ਨਵੀਂ ਦਿੱਲੀ** : ਪਟਿਆਲਾ ਹਾਊਸ ਸਥਿਤ ਵਿਸ਼ੇਸ਼ ਅਦਾਲਤ ਨੇ ਡਾਕਟਰ ਸ਼ਾਹੀਨ ਸਈਦ, ਮੁਫ਼ਤੀ ਇਰਫ਼ਾਨ, ਡਾਕਟਰ ਅਦੀਲ ਅਹਿਮਦ, ਜਾਸਿਰ ਬਿਲਾਲ ਵਾਨੀ, ਡਾਕਟਰ ਮੁਜ਼ੰਮਿਲ ਅਤੇ ਯਾਸਿਰ ਅਹਿਮਦ ਡਾਰ, ਨਾਸਿਰ ਬਿਲਾਲ ਮੱਲਾ ਸਮੇਤ 7 ਮੁਲਜ਼ਮਾਂ ਦੀ ਨਿਆਂਇਕ ਹਿਰਾਸਤ 15 ਦਿਨਾਂ ਲਈ ਵਧਾ ਦਿੱਤੀ ਹੈ। 11 ਨਵੰਬਰ 2025 ਨੂੰ ਲਾਲ ਕਿਲ੍ਹੇ ਨੇੜੇ ਇੱਕ ਕਾਰ ਵਿੱਚ ਹੋਏ ਧਮਾਕੇ ਉਪਰੰਤ ਸਭ ਤੋਂ ਪਹਿਲਾਂ ਆਮਿਰ ਰਸ਼ੀਦ ਮੀਰ ਨੂੰ ਗ੍ਰਿਫ਼ਤਾਰ ਕੀਤਾ ਸੀ।

## ਪੱਤਰਕਾਰਾਂ ਲਈ ਸੂਚਨਾ

'ਨਵਾਂ ਜ਼ਮਾਨਾ' ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ 31 ਮਾਰਚ 2026 ਨੂੰ ਲੰਘ ਰਹੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪਣੇ ਕਾਰਡ 'ਨਵਾਂ ਜ਼ਮਾਨਾ' ਦਫਤਰ ਆ ਕੇ 31 ਮਾਰਚ ਤੋਂ ਪਹਿਲਾਂ-ਪਹਿਲਾਂ ਬਾਅਦ ਦੁਪਹਿਰ ਰੀਨਿਊ ਕਰਵਾਉਣ। ਪਿਛਲੇ ਸਾਲ ਦੀ ਅਧਿਕਾਰਤ ਪੱਤਰ ਦੀ ਕਾਪੀ ਨਾਲ ਲਿਆਉਣ।

-ਮੈਨੇਜਰ

# ਲਾਈਨ ਵਿੱਚ ਲੱਗੇ ਬਜ਼ੁਰਗ ਦੀ ਮੌਤ

**ਸ਼ਹਿਣਾ** : ਇੱਥੇ ਸ਼ੁੱਕਰਵਾਰ ਸਵੇਰੇ ਗੈਸ ਸਿਲੰਡਰ ਲੈਣ ਦੀ ਜੱਦੋ-ਜਹਿਦ ਦੌਰਾਨ ਇੱਕ ਬਜ਼ੁਰਗ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਭੂਸ਼ਣ ਕੁਮਾਰ ਮਿੱਤਲ (65) ਵਾਸੀ ਸ਼ਹਿਣਾ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਦੇਸ਼ ਵਿੱਚ ਚੱਲ ਰਹੀ ਗੈਸ ਦੀ ਕਿੱਲਤ ਕਾਰਨ ਭੂਸ਼ਣ ਕੁਮਾਰ ਪਿਛਲੇ ਦੋ ਦਿਨਾਂ ਤੋਂ ਸਿਲੰਡਰ ਲੈਣ ਲਈ ਭੱਜ-ਨੱਠ ਕਰ ਰਿਹਾ ਸੀ। ਸ਼ੁੱਕਰਵਾਰ ਸਵੇਰੇ ਉਹ ਤੜਕੇ 5 ਵਜੇ ਹੀ ਗੈਸ ਏਜੰਸੀ ਅੱਗੇ ਲਾਈਨ ਵਿੱਚ ਲੱਗ ਗਿਆ ਸੀ। ਦੱਸਿਆ ਜਾ ਰਿਹਾ ਹੈ ਕਿ ਲਾਈਨ ਵਿੱਚ ਉਸ ਦਾ 25ਵਾਂ ਨੰਬਰ ਸੀ, ਪਰ ਏਜੰਸੀ ਅੱਗੇ ਲੋਕਾਂ ਦੀ ਭਾਰੀ ਭੀੜ ਅਤੇ ਸਪਲਾਈ ਦੀ ਅਨਿਸ਼ਚਿਤਤਾ ਨੂੰ ਦੇਖ ਕੇ ਉਹ ਅਚਾਨਕ ਬੇਹੋਸ਼ ਹੋ ਕੇ ਡਿੱਗ ਪਿਆ। ਉੱਥੇ ਮੌਜੂਦ ਲੋਕਾਂ ਨੇ ਉਸ ਨੂੰ ਮੰਜੇ 'ਤੇ ਲਿਟਾ ਕੇ ਮੁੱਢਲੀ ਸਹਾਇਤਾ ਦੇਣ ਦੀ ਕੋਸ਼ਿਸ਼ ਕੀਤੀ, ਪਰ ਉਦੋਂ ਤੱਕ ਉਸ ਦੀ ਮੌਤ ਹੋ ਚੁੱਕੀ ਸੀ।




## ਪੰਜਾਬ ਨੂੰ 1176 ਕਿਲੋ ਲੀਟਰ ਮਿੱਟੀ ਦਾ ਤੇਲ ਅਲਾਟ

**ਜਲੰਧਰ** : ਕੇਂਦਰ ਨੇ ਜਨਤਕ ਵੰਡ ਪ੍ਰਣਾਲੀ ਦੇ ਤਹਿਤ ਰਾਸ਼ਨ ਡਿਪੂਆਂ ਰਾਹੀਂ ਵੰਡਣ ਲਈ ਮਿੱਟੀ ਦੇ ਤੇਲ ਦੀ ਐਡਹਾਕ ਅਲਾਟਮੈਂਟ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜਿਸ ਵਿੱਚ ਪੰਜਾਬ ਨੂੰ 1176 ਕਿਲੋ ਲੀਟਰ ਸੁਪੀਰੀਅਰ ਮਿੱਟੀ ਦਾ ਤੇਲ ਮਿਲੇਗਾ।

ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਦੁਆਰਾ 12 ਮਾਰਚ ਨੂੰ ਜਾਰੀ ਕੀਤੇ ਗਏ ਨਿਰਦੇਸ਼ਾਂ ਅਨੁਸਾਰ ਉਨ੍ਹਾਂ ਪਰਵਾਰਾਂ ਲਈ ਜ਼ਰੂਰੀ ਬਾਲਣ ਦੀ ਉਪਲੱਬਧਤਾ ਨੂੰ ਯਕੀਨੀ ਬਣਾਉਣ ਲਈ ਇਹ ਵਾਧੂ ਮਿੱਟੀ ਦਾ ਤੇਲ ਇੱਕ ਸਾਵਧਾਨੀ ਵਜੋਂ ਮਨਜ਼ੂਰ ਕੀਤਾ ਗਿਆ ਹੈ ਜੋ ਅਜੇ ਵੀ ਖਾਣਾ ਪਕਾਉਣ ਅਤੇ ਰੌਸ਼ਨੀ ਦੇ ਉਦੇਸ਼ਾਂ ਲਈ ਮਿੱਟੀ ਦੇ ਤੇਲ 'ਤੇ ਨਿਰਭਰ ਹਨ।

# ਸੀਚੇਵਾਲ ਨੇ ਪੇਂਡੂ ਵਿਕਾਸ ਫੰਡ ਦਾ ਮੁੱਦਾ ਚੁੱਕਿਆ

**ਨਵੀਂ ਦਿੱਲੀ** : ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਰਾਜ ਸਭਾ ਵਿੱਚ ਪੇਂਡੂ ਵਿਕਾਸ ਮੰਤਰਾਲੇ ਦੇ ਬਜਟ 'ਤੇ ਚਰਚਾ ਦੌਰਾਨ ਪੰਜਾਬ ਨਾਲ ਸੰਬੰਧਤ ਅਹਿਮ ਮੁੱਦੇ ਚੁੱਕੇ। ਸੰਤ ਸੀਚੇਵਾਲ ਨੇ ਦੱਸਿਆ ਕਿ ਪੰਜਾਬ ਦੇ ਪੇਂਡੂ ਵਿਕਾਸ ਲਈ ਰੱਖੇ ਗਏ 8,000 ਕਰੋੜ ਰੁਪਏ ਤੋਂ ਵੱਧ ਦੇ ਫੰਡ ਇਸ ਵੇਲੇ ਕੇਂਦਰ ਸਰਕਾਰ ਦੀਆਂ ਫਾਈਲਾਂ ਵਿੱਚ ਫਸੇ ਹੋਏ ਹਨ। ਉਨ੍ਹਾਂ ਸਦਨ ਨੂੰ ਜਾਣਕਾਰੀ ਦਿੱਤੀ ਕਿ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਦੇ ਤੀਜੇ ਪੜਾਅ ਤਹਿਤ ਪੰਜਾਬ ਲਈ ਕਰੀਬ 828 ਕਰੋੜ ਰੁਪਏ ਦੇ ਪ੍ਰੋਜੈਕਟਾਂ ਨੂੰ ਪ੍ਰਵਾਨਗੀ ਦਿੱਤੀ ਗਈ ਸੀ। ਇਨ੍ਹਾਂ ਪ੍ਰੋਜੈਕਟਾਂ ਵਿੱਚ 64 ਸੜਕਾਂ ਅਤੇ 38 ਪੁਲਾਂ ਦੀ ਉਸਾਰੀ ਸ਼ਾਮਲ ਹੈ। ਹਾਲਾਂਕਿ ਐੱਫ ਡੀ ਆਰ ਤਕਨੀਕ ਦੀ ਵਰਤੋਂ ਕਰਕੇ ਬਣਾਏ ਜਾਣ ਵਾਲੇ ਸੜਕਾਂ ਅਤੇ ਪੁਲ ਪਿਛਲੇ ਛੇ-ਸੱਤ ਮਹੀਨਿਆਂ ਤੋਂ ਟੈਂਡਰ ਪ੍ਰਕਿਰਿਆ ਵਿੱਚ ਫਸੇ ਹੋਏ ਹਨ ਅਤੇ ਅਜੇ ਤੱਕ ਕੰਮ ਸ਼ੁਰੂ ਨਹੀਂ ਹੋਇਆ ਹੈ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪਿੰਡਾਂ ਦੀਆਂ ਸੜਕਾਂ ਵਿਕਾਸ ਦੀ ਜੀਵਨ ਰੇਖਾ ਹੁੰਦੀਆਂ ਹਨ ਅਤੇ ਜਦੋਂ ਅਜਿਹੇ ਕੰਮ ਰੁਕ ਜਾਂਦੇ ਹਨ ਤਾਂ ਪੇਂਡੂ ਖੇਤਰਾਂ ਦਾ ਸਮੁੱਚਾ ਵਿਕਾਸ ਵੀ ਠੱਪ ਹੋ ਜਾਂਦਾ ਹੈ। ਸੰਤ ਸੀਚੇਵਾਲ ਨੇ ਅੱਗੇ ਕਿਹਾ ਕਿ ਪੇਂਡੂ ਸੜਕਾਂ, ਜਲ ਸਪਲਾਈ, ਮਨਰੇਗਾ, ਪ੍ਰਧਾਨ ਮੰਤਰੀ ਆਵਾਸ ਯੋਜਨਾ ਅਤੇ ਪਿੰਡਾਂ ਦੀਆਂ ਕਈ ਹੋਰ ਵਿਕਾਸ ਸਕੀਮਾਂ ਸਿੱਧੇ ਤੌਰ 'ਤੇ ਪੇਂਡੂ ਵਿਕਾਸ ਫੰਡ ਨਾਲ ਜੁੜੀਆਂ ਹੋਈਆਂ ਹਨ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ • ਬਾਕੀ ਸਫਾ 2 'ਤੇ

## ਅਮਰੀਕਾ ਵਿਰੁੱਧ ਕਸ਼ਮੀਰ 'ਚ ਪ੍ਰਦਰਸ਼ਨ

**ਜੰਮੂ** : ਈਰਾਨ 'ਤੇ ਹਮਲਿਆਂ ਦੇ ਵਿਰੋਧ ਵਿੱਚ ਸ਼ੁੱਕਰਵਾਰ ਨੂੰ ਕਸ਼ਮੀਰ ਦੇ ਸ਼ੀਆ ਬਹੁਗਿਣਤੀ ਵਾਲੇ ਇਲਾਕਿਆਂ ਵਿੱਚ ਭਾਰੀ ਰੋਸ ਪ੍ਰਦਰਸ਼ਨ ਹੋਏ। ਮਾਗਮ ਅਤੇ ਬਡਗਾਮ ਸਮੇਤ ਕਈ ਥਾਵਾਂ 'ਤੇ ਲੋਕਾਂ ਨੇ ਸੜਕਾਂ 'ਤੇ ਉੱਤਰ ਕੇ ਅਮਰੀਕਾ ਤੇ ਇਜ਼ਰਾਈਲ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ। ਰਮਜ਼ਾਨ ਦੇ ਆਖ਼ਰੀ ਜੁਮੇ (ਜੁਮਾ-ਤੁਲ-ਵਿਦਾ) ਦੇ ਮੱਦੇਨਜ਼ਰ ਪ੍ਰਸ਼ਾਸਨ ਨੇ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਸ੍ਰੀਨਗਰ ਅਤੇ ਘਾਟੀ ਦੇ ਹੋਰ ਸੰਵੇਦਨਸ਼ੀਲ ਹਿੱਸਿਆਂ ਵਿੱਚ ਸਖ਼ਤ ਪਾਬੰਦੀਆਂ ਲਗਾ ਦਿੱਤੀਆਂ ਹਨ। ਪ੍ਰਦਰਸ਼ਨਕਾਰੀਆਂ ਨੇ ਫਲਸਤੀਨੀਆਂ ਦੇ ਸਮਰਥਨ ਵਿੱਚ ਅਤੇ ਈਰਾਨ 'ਤੇ ਹੋਏ ਹਮਲਿਆਂ ਨੂੰ 'ਗੈਰ-ਮਨੁੱਖੀ' ਦੱਸਦਿਆਂ ਰੋਸ ਜਤਾਇਆ।

# ਮੋਦੀ ਸਰਕਾਰ ਐੱਲ ਪੀ ਜੀ ਦੀ ਸਪਲਾਈ ਯਕੀਨੀ ਬਣਾਉਣ 'ਚ ਨਾਕਾਮ : ਸੀ ਪੀ ਆਈ

**ਲੁਧਿਆਣਾ (ਐੱਮ ਐੱਸ ਭਾਟੀਆ)**



ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਦੀ ਜ਼ਿਲ੍ਹਾ ਲੁਧਿਆਣਾ ਇਕਾਈ ਨੇ ਐੱਲ ਪੀ ਜੀ ਅਤੇ ਪੈਟਰੋਲੀਅਮ ਉਤਪਾਦਾਂ ਨੂੰ ਯਕੀਨੀ ਬਣਾਉਣ ਵਿੱਚ ਅਸਫਲ ਰਹਿਣ ਲਈ ਮੋਦੀ ਸਰਕਾਰ ਦੀ ਨਿੰਦਾ ਕੀਤੀ ਹੈ।ਕਾਮਰੇਡ ਡੀ ਪੀ ਮੌੜ, ਐੱਮ ਐੱਸ ਭਾਟੀਆ, ਡਾਕਟਰ ਅਰੁਣ ਮਿੱਤਰਾ, ਚਮਕੌਰ ਸਿੰਘ, ਡਾ. ਰਜਿੰਦਰ ਪਾਲ ਸਿੰਘ ਔਲਖ ਤੇ ਰਮੇਸ਼ ਰਤਨ ਨੇ ਕਿਹਾ ਹੈ ਕਿ ਸਰਕਾਰ ਇਨ੍ਹਾਂ ਉਤਪਾਦਾਂ ਦੇ ਸੰਕਟ ਨੂੰ ਮੱਧ ਪੂਰਬ ਵਿੱਚ ਜੰਗ ਦੇ ਨਤੀਜੇ ਵਜੋਂ ਸਮਝਣ ਵਿੱਚ ਅਸਫਲ ਰਹੀ। ਧਿਆਨ ਦੇਣਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਈਰਾਨ 'ਤੇ ਅਮਰੀਕਾ-ਇਜ਼ਰਾਈਲ ਦੇ ਬਿਨਾਂ ਭੜਕਾਹਟ ਦੇ ਹਮਲੇ ਤੋਂ ਸਿਰਫ਼ ਦੋ ਦਿਨ ਪਹਿਲਾਂ ਇਜ਼ਰਾਈਲ ਵਿੱਚ ਸਨ। ਇਹ ਮੰਨਣਾ ਭੋਲਾਪਣ ਹੋਵੇਗਾ ਕਿ ਮੋਦੀ ਨੂੰ ਈਰਾਨ 'ਤੇ ਹਮਲਾ ਕਰਨ ਦੇ ਫੈਸਲੇ ਬਾਰੇ ਸੂਚਿਤ ਨਹੀਂ ਕੀਤਾ ਗਿਆ ਸੀ। ਹਮਲੇ ਤੋਂ ਬਾਅਦ ਉਨ੍ਹਾਂ ਨੇ ਇੱਕ ਵਾਰ ਵੀ ਇਸ ਦੀ ਨਿੰਦਾ ਨਹੀਂ ਕੀਤੀ। ਨਾ ਹੀ ਉਨ੍ਹਾਂ ਨੇ ਈਰਾਨ ਦੇ ਸਰਵਉੱਚ ਨੇਤਾ ਆਇਤੁੱਲਾ ਖਮਾਨੇਈ ਦੀ ਹੱਤਿਆ, ਅਮਰੀਕੀ ਮਿਜ਼ਾਈਲਾਂ ਦੁਆਰਾ 160 ਪ੍ਰਾਇਮਰੀ ਸਕੂਲ ਦੀਆਂ ਕੁੜੀਆਂ ਦੀ ਹੱਤਿਆ ਅਤੇ ਹਿੰਦ ਮਹਾਂਸਾਗਰ ਵਿੱਚ ਈਰਾਨੀ ਜਹਾਜ਼ ਨੂੰ ਤਾਰਪੀਡੋ ਕਰਨ ਦੀ ਨਿੰਦਾ ਕੀਤੀ ਹੈ। ਭਾਰਤ ਸਰਕਾਰ ਬੇਸ਼ਰਮੀ ਨਾਲ ਇਜ਼ਰਾਈਲ ਦੇ ਨਾਲ ਖੜ੍ਹੀ ਹੈ। ਹੁਣ ਜਦੋਂ ਦੇਸ਼ ਵਿੱਚ ਤੇਲ ਸੰਕਟ ਹੋ ਰਿਹਾ • ਬਾਕੀ ਸਫਾ 2 'ਤੇ

## ਇਹ ਸੜਕ ਮੁਸਲਮਾਨਾਂ ਲਈ ਨਹੀਂ ਹੈ...

**ਸਹਾਰਨਪੁਰ** : ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਜ਼ਿਲ੍ਹੇ ਵਿੱਚ ਦਿੱਲੀ-ਦੇਹਰਾਦੂਨ ਹਾਈਵੇਅ 'ਤੇ ਇੱਕ ਵਿਸ਼ੇਸ਼ ਭਾਈਚਾਰੇ ਵਿਰੁੱਧ ਇਤਰਾਜ਼ਯੋਗ ਨਾਅਰੇ ਲਿਖ ਕੇ ਫ਼ਿਰਕੂ ਮਾਹੌਲ ਵਿਗਾੜਨ ਦੀ ਕੋਸ਼ਿਸ਼ ਕਰਨ ਦੇ ਦੋਸ਼ ਹੇਠ ਪੁਲਸ ਨੇ ਦੋ ਔਰਤਾਂ ਸਮੇਤ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਪੁਲਸ ਅਨੁਸਾਰ ਇਨ੍ਹਾਂ ਮੁਲਜ਼ਮਾਂ ਨੇ ਸੜਕ 'ਤੇ "ਇਹ ਰੋਡ ਮੁਸਲਮਾਨਾਂ ਲਈ ਨਹੀਂ ਹੈ" ਵਰਗੇ ਨਫ਼ਰਤੀ ਨਾਅਰੇ ਲਿਖੇ ਸਨ। ਬਿਹਾਰੀਗੜ੍ਹ ਥਾਣੇ ਦੇ ਇੰਚਾਰਜ ਅਕਸ਼ੈ ਸ਼ਰਮਾ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਸੁਲੇਖਾ, ਸ਼ਾਰਦਾ ਅਤੇ ਜਤਿੰਦਰ ਰਾਘਵ ਵਜੋਂ ਹੋਈ ਹੈ, ਜੋ ਕਿ ਦੇਹਰਾਦੂਨ ਦੇ ਰਹਿਣ ਵਾਲੇ ਹਨ।

ਜ਼ਿਕਰਯੋਗ ਹੈ ਕਿ 26 ਫਰਵਰੀ ਨੂੰ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਵਾਇਰਲ ਹੋਈ ਸੀ, ਜਿਸ ਵਿੱਚ ਇਹ ਲੋਕ ਸਪਰੇਅ ਪੇਂਟ ਦੀ ਵਰਤੋਂ ਕਰਕੇ ਹਾਈਵੇਅ 'ਤੇ ਨਾਅਰੇ ਲਿਖਦੇ ਨਜ਼ਰ ਆ ਰਹੇ ਸਨ। ਉਸ ਸਮੇਂ 'ਹਿੰਦੂ ਰੱਖਿਆ ਦਲ' ਨਾਲ ਜੁੜੇ ਕਾਰਕੁਨਾਂ ਨੇ ਇਸ ਕਾਰਵਾਈ ਦੀ ਜ਼ਿੰਮੇਵਾਰੀ ਲਈ ਸੀ।

## ਸਾਬਕਾ ਸੁਪਰਡੈਂਟ ਵੱਲੋਂ ਖੁਦਕੁਸ਼ੀ

**ਜਲੰਧਰ** : ਚੁਗਿੱਟੀ ਚੌਕ ਨੇੜਲੇ ਇਲਾਕੇ ਅਵਤਾਰ ਨਗਰ ਵਿੱਚ ਸ਼ੁੱਕਰਵਾਰ ਤੜਕੇ ਨਗਰ ਨਿਗਮ ਦੇ ਇੱਕ ਸੇਵਾਮੁਕਤ ਸੁਪਰਡੈਂਟ ਵੱਲੋਂ ਕਰਜ਼ੇ ਤੋਂ ਪਰੇਸ਼ਾਨ ਹੋ ਕੇ ਆਤਮਦਾਹ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਪਛਾਣ ਸੋਹਨ ਸਿੰਘ ਵਜੋਂ ਹੋਈ ਹੈ।

ਜਾਣਕਾਰੀ ਅਨੁਸਾਰ ਸੋਹਨ ਸਿੰਘ ਨੇ ਤੜਕੇ ਸਾਢੇ ਚਾਰ ਵਜੇ ਆਪਣੇ ਕਮਰੇ ਨੂੰ ਅੰਦਰੋਂ ਅੱਗ ਲਗਾ ਲਈ। ਜਦੋਂ ਅੱਗ ਦੀਆਂ ਲਪਟਾਂ ਵਧੀਆਂ ਤਾਂ ਉਸ ਨੇ ਬਚਾਓ ਲਈ ਆਵਾਜ਼ਾਂ ਵੀ ਮਾਰੀਆਂ, ਪਰ ਜਦੋਂ ਤੱਕ ਪਰਵਾਰਕ ਮੈਂਬਰ ਅਤੇ ਗੁਆਂਢੀ ਪਹੁੰਚੇ, ਅੱਗ ਇੰਨੀ ਭਿਆਨਕ ਰੂਪ ਧਾਰਨ ਕਰ ਚੁੱਕੀ ਸੀ ਕਿ ਉਸ ਨੂੰ ਬਚਾਇਆ ਨਹੀਂ ਜਾ ਸਕਿਆ। ਮ੍ਰਿਤਕ ਦੇ ਪੁੱਤਰ ਵਿਵੇਕ ਨੇ ਦੱਸਿਆ ਕਿ ਉਸ ਦੇ ਪਿਤਾ ਕਰਜ਼ੇ ਕਾਰਨ ਕਾਫ਼ੀ ਸਮੇਂ ਤੋਂ ਮਾਨਸਿਕ ਤੌਰ 'ਤੇ ਪਰੇਸ਼ਾਨ ਚੱਲ ਰਹੇ ਸਨ। ਪੁਲਸ ਨੇ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤਾ ਹੈ।

## ਜੀਰਾ ਸੋਡਾ ਦੀ ਬੋਤਲ 'ਚ ਮੱਖੀ

**ਚੰਡੀਗੜ੍ਹ** : ਜ਼ਿਲ੍ਹਾ ਖਪਤਕਾਰ ਝਗੜਾ ਨਿਵਾਰਣ ਕਮਿਸ਼ਨ ਚੰਡੀਗੜ੍ਹ ਨੇ ਅਫਗਾਨੀ ਜੀਰਾ ਸੋਡਾ ਦੀ ਮੈਨੂਫੈਕਚਰਿੰਗ ਕੰਪਨੀ ਅਤੇ ਡਿਸਟਰੀਬਿਊਟਰ ਨੂੰ ਇੱਕ ਸ਼ਹਿਰ ਨਿਵਾਸੀ ਨੂੰ 5000 ਰੁਪਏ ਮੁਆਵਜ਼ਾ ਦੇਣ ਦਾ ਨਿਰਦੇਸ਼ ਦਿੱਤਾ ਹੈ, ਜਿਸ ਨੇ ਪੀਣ ਲਈ ਪੈਕ ਕੀਤੀ ਬੋਤਲ ਖਰੀਦੀ ਸੀ, ਪਰ ਉਸ ਵਿੱਚ ਮਰੀ ਹੋਈ ਮੱਖੀ ਪਾਈ ਗਈ। ਕਮਿਸ਼ਨ ਨੇ ਉਨ੍ਹਾਂ ਨੂੰ ਉਪਭੋਗਤਾ ਕਾਨੂੰਨੀ ਸਹਾਇਤਾ ਫੰਡ ਖਾਤੇ ਵਿੱਚ ਵੀ 5,000 ਰੁਪਏ ਜਮ੍ਹਾਂ ਕਰਾਉਣ ਦਾ ਨਿਰਦੇਸ਼ ਦਿੱਤਾ ਹੈ। ਚੰਡੀਗੜ੍ਹ ਦੇ ਰਹਿਣ ਵਾਲੇ ਅਮਿਤ ਕੁਮਾਰ ਨੇ ਐਡਵੋਕੇਟ ਸਾਹਿਲ ਸਿੰਗਲਾ ਰਾਹੀਂ ਕਮਿਸ਼ਨ ਕੋਲ ਦਾਇਰ ਸ਼ਿਕਾਇਤ ਵਿੱਚ ਦੱਸਿਆ ਕਿ 04 ਅਪਰੈਲ, 2022 ਨੂੰ ਉਸ ਨੇ ਚੰਡੀਗੜ੍ਹ ਦੇ ਹੱਲੋਮਾਜਰਾ ਦੀ ਇੱਕ ਦੁਕਾਨ ਤੋਂ 10 ਰੁਪਏ ਨਕਦ ਦੇ ਕੇ ਅਫਗਾਨੀ ਜੀਰਾ ਸੋਡਾ (200 ਮਿਲੀਲੀਟਰ) ਦੀ ਇੱਕ ਬੋਤਲ ਖਰੀਦੀ ਸੀ। ਜਦੋਂ ਉਹ • ਬਾਕੀ ਸਫਾ 2 'ਤੇ

## ਅੱਜ-ਨਾਮਾ

ਹੁੰਦੀ ਸਾਡੇ ਲਈ ਸਿਰਫ ਤਾਂ ਖਬਰ ਭਾਵੇਂ,
ਲੱਗਦੀ ਜੰਗ ਆ ਕਿਤੇ ਜਦ ਕੋਈ ਮੀਆਂ।
ਜਿਨ੍ਹਾਂ ਲੋਕਾਂ ਨਾਲ ਵਾਪਰਦੀ, ਜਾਣਦੇ ਆ,
ਹਰ ਪਲ ਜਾਂਦੇ ਨੇ ਸਿਸਕਦੇ ਰੋਈ ਮੀਆਂ।
ਰਾਤੀਂ ਤ੍ਰਭਕ ਕੇ ਵਾਰ-ਵਾਰ ਉੱਠਦੇ ਆ,
ਅੰਦਰਲੀ ਪੀੜ ਨਾ ਜਾਂਦੀ ਲੁਕੋਈ ਮੀਆਂ।
ਆਗੂ ਕਦੇ ਨਹੀਂ ਕਿਸੇ ਦਾ ਦੁੱਖ ਸਮਝਣ,
ਜਿਨ੍ਹਾਂ ਨਾਲ ਵਾਪਰੀ ਜਾਣਦੇ ਸੋਈ ਮੀਆਂ।
ਸਰਕਾਰ ਹੋਰ ਨਹੀਂ ਕੁਝ ਜੇ ਕਰਨ ਜੋਗੀ,
ਧਰਵਾਸੇ ਦੇਵਣ ਦਾ ਕੰਮ ਹੀ ਕਰੀ ਜਾਵੇ।
ਏਨਾ ਕੁ ਕੰਮ ਵੀ ਕਿਸੇ ਨੂੰ ਸੁੱਝਦਾ ਨਹੀਂ,
ਹਰ ਕੋਈ ਜੇਬ ਬੱਸ ਆਪਣੀ ਭਰੀ ਜਾਵੇ।

-ਤੀਸ ਮਾਰ ਖਾਂ

# 23 ਦੇ ਸਾਮਰਾਜ ਵਿਰੋਧੀ ਦਿਨ ਲਈ 16 ਨੂੰ ਜ਼ਿਲ੍ਹਾ ਪੱਧਰੀ ਮੀਟਿੰਗਾਂ ਕਰਨ ਦਾ ਫੈਸਲਾ

**ਚੰਡੀਗੜ੍ਹ (ਗਿਆਨ ਸੈਦਪੁਰੀ)**

ਸੰਯੁਕਤ ਕਿਸਾਨ ਮੋਰਚਾ, ਸੰਯੁਕਤ ਮਜ਼ਦੂਰ ਮੋਰਚਾ, ਏਟਕ, ਸੀਟੂ, ਦੋਧੀ ਡੇਅਰੀ ਯੂਨੀਅਨ, ਪੰਜਾਬ ਇਸਤਰੀ ਸਭਾ, ਬਿਜਲੀ ਵਿਭਾਗ ਤੋਂ ਜੁਆਇੰਟ ਫੋਰਮ, ਟੀ ਐਸ ਯੂ , ਪਹਿਲਵਾਨ ਗਰੁੱਪ, ਜਲ ਸਪਲਾਈ, ਫਰਦ ਕੇਂਦਰ, ਵੇਰਕਾ, ਆਈ ਟੀ ਆਈ, ਸਕਿਉਰਟੀ ਗਾਰਡ ਅਤੇ ਪਾਵਰਕੌਮ ਐਂਡ ਟਰਾਂਸਕੋ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਦੀਆਂ ਜਥੇਬੰਦੀਆਂ ਦੀ ਕਿਸਾਨ ਭਵਨ ਵਿਖੇ ਹੋਈ ਸਾਂਝੀ ਮੀਟਿੰਗ ਵਿੱਚ ਬ੍ਰਿਟਿਸ਼ ਸਾਮਰਾਜ ਵਿਰੋਧੀ ਆਜ਼ਾਦੀ ਸੰਗਰਾਮ ਦੇ ਮਾਣਮੱਤੇ ਸ਼ਹੀਦਾਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਨ 23 ਮਾਰਚ ਨੂੰ ਸਾਮਰਾਜ ਵਿਰੋਧੀ ਦਿਨ ਵਜੋਂ ਮਨਾਉਣ ਦਾ ਫੈਸਲਾ ਕੀਤਾ ਗਿਆ। ਸੂਬੇ ਭਰ ਵਿੱਚ ਜਥੇਬੰਦੀਆਂ ਵੱਲੋਂ ਇਹ ਦਿਨ ਸਾਮਰਾਜ ਖਾਸ ਕਰਕੇ ਅਮਰੀਕਨ ਸਾਮਰਾਜ ਅਤੇ ਉਸ ਵੱਲੋਂ ਥੋਪੀਆਂ ਜਾ ਰਹੀਆਂ ਨੀਤੀਆਂ ਵਿਰੁੱਧ ਲੋਕ ਲਾਮਬੰਦੀ ਕਰਕੇ ਮਨਾਇਆ ਜਾਵੇਗਾ। ਸਮਾਗਮਾਂ ਦੀ ਤਿਆਰੀ ਲਈ ਤਾਲਮੇਲ ਕਰਨ ਵਾਸਤੇ 16 ਮਾਰਚ ਨੂੰ ਜ਼ਿਲ੍ਹਾ ਪੱਧਰੀ ਸਾਂਝੀਆਂ ਮੀਟਿੰਗਾਂ ਕੀਤੀਆਂ ਜਾਣਗੀਆਂ।ਮੀਟਿੰਗ ਦੀ ਪ੍ਰਧਾਨਗੀ ਸੰਯੁਕਤ ਕਿਸਾਨ ਮੋਰਚਾ ਵੱਲੋਂ ਹਰਿੰਦਰ ਸਿੰਘ ਲੱਖੋਵਾਲ, ਜੋਗਿੰਦਰ ਸਿੰਘ ਉਗਰਾਹਾਂ, ਰਾਮਿੰਦਰ ਸਿੰਘ ਪਟਿਆਲਾ, ਟ੍ਰੇਡ ਯੂਨੀਅਨਾਂ ਵੱਲੋਂ ਬੰਤ ਬਰਾੜ ਅਤੇ ਸੰਯੁਕਤ ਮਜ਼ਦੂਰ ਮੋਰਚਾ ਵੱਲੋਂ ਲਛਮਣ ਸੇਵੇਵਾਲਾ ਅਤੇ ਦੇਵੀ ਕੁਮਾਰੀ ਨੇ ਕੀਤੀ।

ਮੀਟਿੰਗ ਵਿੱਚ ਅਮਰੀਕਾ ਵੱਲੋਂ ਈਰਾਨ 'ਤੇ ਹਮਲਾ ਕਰਨ ਸਮੇਤ ਦੁਨੀਆ ਭਰ 'ਚ ਦਿਖਾਈ ਜਾ ਰਹੀ ਥਾਣੇਦਾਰੀ ਨੂੰ ਵਿਸ਼ੇਸ਼ ਤੌਰ 'ਤੇ ਨਿਸ਼ਾਨੇ 'ਤੇ ਰੱਖਿਆ ਗਿਆ। ਭਾਰਤ ਸਰਕਾਰ ਉੱਤੇ ਅਮਰੀਕਾ ਦੇ ਦਬਾਅ ਹੇਠ ਕੰਮ ਕਰਨ ਦੇ ਦੋਸ਼ ਲਗਾਉਂਦਿਆਂ ਕਿਹਾ ਗਿਆ ਕਿ ਟਰੰਪ ਵੱਲੋਂ ਤੇਲ ਖਰੀਦ ਸਮੇਤ ਥੋਪੇ ਜਾ ਰਹੇ ਟ੍ਰੇਡ ਸਮਝੌਤੇ ਸਾਹਮਣੇ ਭਾਰਤ ਸਰਕਾਰ ਵੱਲੋਂ ਕੀਤੇ ਜਾ ਰਹੇ ਆਤਮ ਸਮਰਪਣ ਨੂੰ ਮੂਕ ਦਰਸ਼ਕ ਬਣ ਕੇ ਨਹੀਂ ਦੇਖਿਆ ਜਾ ਸਕਦਾ।ਆਜ਼ਾਦੀ ਪ੍ਰਵਾਨਿਆਂ ਨੇ ਇਸ ਕਰਕੇ ਸ਼ਹਾਦਤਾਂ ਨਹੀ ਸੀ ਦਿੱਤੀਆਂ ਕਿ ਦੇਸ਼ ਦੀਆਂ ਹਕੂਮਤਾਂ ਸਾਮਰਾਜੀ ਨੀਤੀਆਂ ਲਾਗੂ ਕਰਨ। ਬਿਜਲੀ ਅਤੇ ਬੀਜ ਬਿੱਲ ਅਤੇ ਚਾਰ ਲੇਬਰ ਕੋਡ ਨੂੰ ਇਨ੍ਹਾਂ ਸਾਮਰਾਜੀ ਨੀਤੀਆਂ ਦੀ ਪੈਦਾਵਾਰ ਦੱਸਦਿਆਂ ਕਿਹਾ ਗਿਆ ਕਿ ਅਮਰੀਕਾ ਨਾਲ ਕੀਤਾ ਜਾ ਰਿਹਾ ਫ੍ਰੀ ਟ੍ਰੇਡ ਸਮਝੌਤਾ ਦੇਸ਼ ਦੀ ਆਰਥਿਕਤਾ ਲਈ ਘਾਤਕ ਸਾਬਤ ਹੋਵੇਗਾ। ਵਸੋਂ ਦੇ ਵੱਡੇ ਹਿੱਸੇ ਲਈ ਇਹ ਸਮਝੌਤਾ ਉਜਾੜਾ ਲਿਆਵੇਗਾ।

ਈਰਾਨ ਉੱਤੇ ਅਮਰੀਕੀ-ਇਜ਼ਰਾਈਲ ਹਮਲੇ ਬੰਦ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਇਸ ਜੰਗ ਕਾਰਨ ਜਿੱਥੇ ਆਮ ਲੋਕ ਮਰ ਰਹੇ ਹਨ, ਉਥੇ ਤੇਲ ਤੇ ਗੈਸ ਸਪਲਾਈ ਪ੍ਰਭਾਵਿਤ ਹੋ ਰਹੀ ਹੈ। ਇਨ੍ਹਾਂ ਦੀਆਂ ਕੀਮਤਾਂ ਵਿੱਚ ਵਾਧਾ ਹੋਣ ਕਾਰਨ ਮਹਿੰਗਾਈ ਦਾ ਬੋਝ ਆਮ ਆਦਮੀ 'ਤੇ ਪਵੇਗਾ।ਖਾਦ ਉਤਪਾਦਨ ਸਮੇਤ ਕਈ ਹੋਰ ਖੇਤਰ ਵੀ ਪ੍ਰਭਾਵਿਤ ਹੋਣਗੇ। ਮੀਟਿੰਗ ਨੇ ਕੇਂਦਰ ਸਰਕਾਰ ਦੀ ਅਮਰੀਕਾ-ਇਜ਼ਰਾਈਲ ਦੇ ਧਾੜਵੀਪੁਣੇ ਵਿਰੁੱਧ ਧਾਰੀ ਚੁੱਪ ਦੀ ਨਿੰਦਾ ਕਰਦਿਆਂ ਮੱਧ ਪੂਰਬ ਵਿੱਚ ਫਸੇ ਭਾਰਤੀਆਂ ਦੀ ਸੁਰੱਖਿਅਤ ਵਾਪਸੀ ਦੀ ਮੰਗ ਕੀਤੀ।

ਮੀਟਿੰਗ ਵਿੱਚ ਮਤਾ ਪਾਸ ਕਰਕੇ ਸਹਿਕਾਰੀ ਖੰਡ ਮਿੱਲ ਸੇਰੋਂ ਦੀ ਜ਼ਮੀਨ ਪੁੱਡਾ ਨੂੰ ਤਬਦੀਲ ਕਰਨ ਵਿਰੁੱਧ ਆਵਾਜ਼ ਬੁਲੰਦ ਕਰਦਿਆਂ ਆਧੁਨਿਕੀਕਰਨ ਕਰਕੇ ਮਿੱਲ ਚਲਾਉਣ ਦੀ ਮੰਗ ਵੀ ਕੀਤੀ ਗਈ।ਪੰਜਾਬ ਸਰਕਾਰ ਦੇ ਬਜਟ ਨੂੰ ਕਿਸਾਨ, ਮਜ਼ਦੂਰ ਅਤੇ ਮੁਲਾਜ਼ਮ ਵਿਰੋਧੀ ਬਜਟ ਦੱਸਿਆ ਗਿਆ। ਬਜਟ ਵਿੱਚ ਖੇਤੀ ਖੇਤਰ ਲਈ 15377 ਕਰੋੜ ਰੁਪਏ ਦੀ ਰੱਖੀ ਨਿਗੂਣੀ ਰਕਮ ਅਤੇ ਮਗਨਰੇਗਾ ਸਕੀਮ ਲਈ ਬਜਟ ਨਾ ਰੱਖਣ ਨੂੰ ਆੜੇ ਹੱਥੀਂ ਲਿਆ ਗਿਆ। • ਬਾਕੀ ਸਫਾ 2 'ਤੇ

## ਚੰਡੀਗੜ੍ਹ 'ਚ ਅਧਿਆਪਕਾਂ ਤੇ ਮੁਲਾਜ਼ਮਾਂ ਉੱਪਰ ਲਾਠੀਚਾਰਜ ਦੀ ਜ਼ੋਰਦਾਰ ਨਿਖੇਧੀ



## ਇੱਕੋ ਰਾਤ 'ਚ ਤਿੰਨ ਮੋਟਰਾਂ ਤੋਂ ਟਰਾਂਸਫਾਰਮਰ ਚੋਰੀ



**ਖੰਨਾ (ਸੁਖਵਿੰਦਰ ਸਿੰਘ ਭਾਦਲਾ)**-ਬੀਤੀ 11 ਤੇ 12 ਮਾਰਚ ਦੀ ਦਰਮਿਆਨੀ ਰਾਤ ਇੱਕ ਤੋਂ ਬਾਅਦ ਇੱਕ ਲਗਾਤਾਰ ਤਿੰਨ ਮੋਟਰਾਂ ਤੋਂ ਬਿਜਲੀ ਦੇ ਟਰਾਂਸਫਾਰਮਰਾਂ ਦੇ ਚੋਰੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਕਿਸਾਨ ਆਗੂ ਦਲਜੀਤ ਸਿੰਘ ਸਵੈਚ ਲਲੌੜੀ ਕਲਾਂ ਨੇ ਦੱਸਿਆ ਕਿ ਬੀਤੀ 11 ਤੇ 12 ਮਾਰਚ ਦੀ ਦਰਮਿਆਨੀ ਰਾਤ ਨੂੰ ਅਣ-ਪਛਾਤੇ ਚੋਰਾਂ ਵੱਲੋਂ ਕਿਸਾਨ ਬੂਟਾ ਸਿੰਘ ਭੱਟੀ, ਹਰਵਿੰਦਰ ਸਿੰਘ ਗਿੱਲ ਤੇ ਦਲਜੀਤ ਸਿੰਘ ਸਵੈਚ ਦੀ ਮੋਟਰ ਉੱਪਰੋਂ ਬਿਜਲੀ ਦੇ ਟਰਾਂਸਫਾਰਮਰ ਚੋਰੀ ਕਰ ਲਏ ਗਏ ਹਨ।ਇਹ ਤਿੰਨੋਂ ਮੋਟਰਾਂ ਖੰਨਾ ਤੋਂ ਸਮਰਾਲਾ ਰੋਡ ਵੱਲ ਜਾਂਦਿਆਂ ਪਿੰਡ ਢਿੱਲਵਾਂ ਤੋਂ ਪਹਿਲਾਂ ਸੂਏ ਦੇ ਨਾਲ ਨਾਲ ਪਿੰਡ ਪੂਰਬੇ ਨੂੰ ਜਾਣ ਵਾਲੀ ਸੜਕ ਦੇ ਨੇੜੇ ਹਨ, ਜਿਥੋਂ ਇਹ ਟਰਾਂਸਫਰਮਰ ਚੋਰੀ ਕੀਤੇ ਗਏ।ਇਨ੍ਹਾਂ ਟਰਾਂਸਫਾਰਮਰ ਚੋਰੀ ਹੋਣ ਦਾ ਕਿਸਾਨਾਂ ਨੂੰ ਸਵੇਰੇ ਉਦੋਂ ਪਤਾ ਲੱਗਿਆ, ਜਦੋਂ ਇਹ ਕਿਸਾਨ ਆਪਣੇ ਪਸ਼ੂਆਂ ਲਈ ਪੱਠੇ ਲੈਣ ਮੋਟਰਾਂ 'ਤੇ ਪੁੱਜੇ, ਜਦੋਂ ਕਿਸਾਨਾਂ ਬਿਜਲੀ ਦੇ ਟਰਾਂਸਫਾਰਮਰ ਚੋਰੀ ਹੋਏ ਦੇਖੇ ਤਾਂ ਇਕੱਠੇ ਹੋਏ ਕਿਸਾਨਾਂ ਵੱਲੋਂ ਪੰਜਾਬ ਸਟੇਟ ਕਾਰਪੋਰੇਸ਼ਨ ਲਿਮਿਟਡ ਦੇ ਐੱਸਡੀਓ ਬੀਜਾ ਤੇ ਪੁਲਸ ਚੌਕੀ ਬਰਧਾਲਾਂ ਦੇ ਇੰਚਾਰਜ ਨੂੰ ਇਸ ਸਬੰਧੀ ਸੂਚਿਤ ਕੀਤਾ ਗਿਆ। ਦੋਵੇਂ ਵਿਭਾਗਾਂ ਵੱਲੋਂ ਮੌਕੇ 'ਤੇ ਪਹੁੰਚ ਕੇ ਜਾਂਚ-ਪੜਤਾਲ ਕੀਤੀ ਗਈ। ਇਸ ਸਬੰਧੀ ਜਦੋਂ ਐੱਸਡੀਓ ਬੀਜਾ ਨਾਲ ਗੱਲ ਕਰਨ ਚਾਹੀ ਤਾਂ ਉਨ੍ਹਾਂ ਫੋਨ ਨਹੀਂ ਚੁੱਕਿਆ।ਇਸ ਸਬੰਧੀ ਜਦੋਂ ਪੁਲਸ ਚੌਕੀ ਬਰਧਾਲਾਂ ਦੇ ਇੰਚਾਰਜ ਏ ਐੱਸ ਆਈ ਸੁਖਵਿੰਦਰ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਸਵੇਰੇ ਪੁਲਸ ਚੌਕੀ ਬਰਧਾਲਾਂ ਦੇ ਮੁਲਾਜ਼ਮ ਮੌਕੇ 'ਤੇ ਪਹੁੰਚ ਕੇ ਜਾਂਚ-ਪੜਤਾਲ ਕਰਕੇ ਆਏ ਹਨ।ਇਸ ਸਬੰਧੀ ਪੜਤਾਲ ਜਾਰੀ ਹੈ, ਜਲਦੀ ਹੀ ਚੋਰਾਂ ਨੂੰ ਕਾਬੂ ਕੀਤਾ ਜਾਵੇਗਾ।

## ਹੈਰੋਇਨ ਦਾ ਸੇਵਨ ਕਰਦਾ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਨੇ ਹੈਰੋਇਨ ਦਾ ਸੇਵਨ ਕਰਦੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਜਾਂਚ ਅਧਿਕਾਰੀ ਐੱਚ. ਸੀ. ਕਿਰਨਦੀਪ ਕੌਰ ਨੇ ਦੱਸਿਆ ਕਿ ਉਹ ਸਮੇਤ ਸਾਥੀ ਕਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਮੰਡੀ ਵੈਰੋਕੇ ਵਿਖੇ ਪੁੱਜੇ ਤਾਂ ਉਥੇ ਮੰਡੀ ਦੇ ਬਣੇ ਕਮਰੇ ਵਿੱਚ ਕੋਈ ਵਿਅਕਤੀ ਬੈਠਾ ਦਿਖਾਈ ਦਿੱਤਾ, ਜੋ ਪੁਲਸ ਪਾਰਟੀ ਦੀ ਗੱਡੀ ਨੂੰ ਵੇਖ ਕੇ ਇਕਦਮ ਖੜ੍ਹਾ ਹੋ ਗਿਆ ਤੇ ਆਪਣੇ ਹੱਥ ਵਿੱਚ ਫੜੀ ਵਸਤੂ ਹੇਠਾਂ ਸੁੱਟ ਦਿੱਤੀ ਅਤੇ ਤੇਜ਼ ਕਦਮੀ ਤੁਰਨ ਲੱਗਾ, ਜਿਸ ਨੂੰ ਪੁਲਸ ਪਾਰਟੀ ਨੇ ਕਾਬੂ ਕਰਕੇ ਉਸ ਵੱਲੋਂ ਸੁੱਟੇ ਗਏ ਸਾਮਾਨ ਦੀ ਤਲਾਸ਼ੀ ਕੀਤੀ ਗਈ ਤਾਂ ਇਕ ਲਾਈਟਰ, ਇਕ ਸਿਲਵਰ ਪੰਨੀ, ਜਿਸ 'ਤੇ ਕੋਈ ਨਸ਼ੀਲਾ ਪਦਾਰਥ ਲੱਗਾ ਹੋਇਆ ਸੀ ਅਤੇ 1 ਦਸ ਰੁਪਏ ਦਾ ਨੋਟ ਬਰਾਮਦ ਹੋਇਆ। ਪੁਲਸ ਨੇ ਕੁਲਵਿੰਦਰ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਚੱਕ ਬਲੋਚਾ ਉਰਫ ਮਹਾਲਮ ਨੂੰ ਗ੍ਰਿਫਤਾਰ ਕਰਨ ਉਪਰੰਤ ਥਾਣਾ ਵੈਰੋਕੇ ਵਿਖੇ ਮੁਕੱਦਮਾ ਦਰਜ ਕੀਤਾ ਹੈ।-

## ਬੇਰੁਜ਼ਗਾਰ ਮਲਟੀਪਰਪਜ਼ ਹੈਲਥ ਵਰਕਰ ਮੇਲ ਯੂਨੀਅਨ ਵੱਲੋਂ ਨਿਯੁਕਤੀ ਪੱਤਰ ਜਾਰੀ ਕਰਨ ਦੀ ਮੰਗ

### ■ ਭਲਕੇ ਸਿਹਤ ਮੰਤਰੀ ਦੀ ਕੋਠੀ ਦਾ ਕੀਤਾ ਜਾਵੇਗਾ ਘਿਰਾਓ




**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਯੂਨੀਅਨ ਦੇ ਸੂਬਾ ਪ੍ਰਧਾਨ ਹਰਵਿੰਦਰ ਸਿੰਘ ਬੂਹੀ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਵੱਲੋਂ ਕੱਢੀ ਗਈ ਮਲਟੀਪਰਪਜ਼ ਹੈਲਥ ਵਰਕਰ (ਮੇਲ) ਦੀਆਂ 270 ਅਸਾਮੀਆਂ ਦਾ ਪੇਪਰ ਲਿਆ ਗਿਆ ਸੀ ਤੇ ਉਸ ਦਾ ਰਿਜ਼ਲਟ ਵੀ ਬਾਬਾ ਫ਼ਰੀਦ ਯੂਨੀਵਰਸਿਟੀ ਵੱਲੋਂ ਜਾਰੀ ਕਰ ਦਿੱਤਾ ਗਿਆ ਸੀ, ਪਰ ਹੁਣ ਤੱਕ ਸਿਲੈਕਟ 270 ਸਾਥੀਆਂ ਨੂੰ ਜੁਆਇੰਨਿੰਗ ਲੈਟਰ ਜਾਰੀ ਨਹੀਂ ਕੀਤੇ ਗਏ।ਇਹ ਗੱਲ ਸਿਹਤ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਜ਼ਰੂਰੀ ਹੈ ਕਿ ਸਿਹਤ ਵਿਭਾਗ ਵਿੱਚ ਮੈਦਾਨੀ ਪੱਧਰ 'ਤੇ ਕਰਮਚਾਰੀਆਂ ਦੀ ਭਾਰੀ ਘਾਟ ਹੈ ਤੇ ਦੂਜੇ ਪਾਸੇ ਮੈਰਿਟ ਅਨੁਸਾਰ ਚੁਣੇ ਗਏ ਉਮੀਦਵਾਰ ਬਿਨਾਂ ਕਿਸੇ ਵਜ੍ਹਾ ਦੇ ਬੇਰੁਜ਼ਗਾਰੀ ਦਾ ਸਾਹਮਣਾ ਕਰ ਰਹੇ ਹਨ।ਇਹ ਸਥਿਤੀ ਨਾ ਸਿਰਫ਼ ਉਮੀਦਵਾਰਾਂ ਨਾਲ ਅਨਿਆ ਹੈ, ਸਗੋਂ ਸਰਕਾਰੀ ਸਿਹਤ ਸੇਵਾਵਾਂ 'ਤੇ ਵੀ ਨਕਾਰਾਤਮਕ ਪ੍ਰਭਾਵ ਪਾ ਰਹੀ ਹੈ। ਅਸੀਂ ਇਸ ਸੰਬੰਧੀ ਵਾਰ ਵਾਰ ਮਾਨਯੋਗ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਨੂੰ ਮਿਲ ਕੇ ਆਪਣੀ ਮੰਗ ਤੋਂ ਜਾਣੂ ਕਰਵਾ ਚੁੱਕੇ ਹਾਂ, ਪਰ ਲਗਾਤਾਰ ਨਿਯੁਕਤੀ ਪੱਤਰ ਜਾਰੀ ਕਰਨ ਵਿੱਚ ਦੇਰੀ ਕੀਤੀ ਜਾ ਰਹੀ ਹੈ।ਇਸ ਲਈ ਅਸੀਂ ਮੈਰਿਟ ਸੂਚੀ ਵਿੱਚ ਸ਼ਾਮਲ ਸਾਰੇ ਯੋਗ ਉਮੀਦਵਾਰਾਂ ਨੂੰ ਤੁਰੰਤ ਨਿਯੁਕਤੀ ਪੱਤਰ ਜਾਰੀ ਕਰਵਾਉਣ ਲਈ 15 ਮਾਰਚ ਨੂੰ ਸਿਹਤ ਮੰਤਰੀ ਦੀ ਕੋਠੀ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਹੈ ਤਾਂ ਜੋ ਜਾਇਜ਼ ਮੰਗਾਂ ਜਲਦੀ ਤੋਂ ਜਲਦੀ ਹੱਲ ਕਰਵਾਈਆਂ ਜਾ ਸਕਣ।ਇਸ ਮੌਕੇ ਰਾਜ ਸੰਗਤੀਵਾਲਾ, ਨਾਹਰ ਸਿੰਘ, ਲਖਵਿੰਦਰ ਸਿੰਘ, ਸਾਹਿਬ ਸਿੰਘ, ਰਵਿੰਦਰ ਸਿੰਘ ਅਜਨਾਲਾ, ਬਲਜਿੰਦਰ ਚਹਿਲ, ਨੀਰਜ਼ ਕੁਮਾਰ, ਵਿਕਰਮ ਫਿਰੋਜ਼ਪੁਰ, ਨਵਦੀਪ ਸਿੰਘ, ਗਗਨਦੀਪ ਸਿੰਘ, ਹਰਮਨ ਸਿੰਘ, ਦੀਪ ਸਿੰਘ, ਜਗਤਾਰ ਸਿੰਘ, ਮਨਪ੍ਰੀਤ ਸਿੰਘ, ਮੇਜਰ ਪਾਤੜਾਂ, ਸ਼ਿੰਦਾ ਗੁਰੂ ਹਰਸਹਾਏ, ਬਲਦੇਵ ਬਾਦਲ, ਅਮਰਜੀਤ ਪੰਜੇ ਕੇ, ਅਮਰਜੀਤ ਪਿੰਡੀ, ਬਲਕਾਰ ਮੇਘਾ, ਜਸਵੰਤ ਮੇਘਾ ਅਨਿਲ ਮੇਘਾ, ਸੁਰਜੀਤ ਮਾਦੀ, ਗੁਰਵਿੰਦਰ ਖਾਈ, ਅਸ਼ੋਕ ਮੇਘਾ, ਬਲਵਿੰਦਰ ਮੇਘਾ, ਮਨਦੀਪ ਝੁਨੀਰ, ਹਰਕੀਰਤ ਸਿੰਘ, ਸਤਵੀਰ ਸਿੰਘ, ਭੁਪਿੰਦਰ ਸੁਨਾਮ, ਗੁਰਪਿਆਰ ਸਿੰਘ ਮਾਨਸਾ ਆਦਿ ਹਾਜ਼ਰ ਸਨ।

## ਲਿੰਕ ਸੜਕ ਦੀ ਮੁਰੰਮਤ ਦੀ ਮੰਗ ਨੂੰ ਲੈ ਕੇ ਕਿਸਾਨਾਂ ਦਾ ਵਫਦ ਭਾਰਤ ਮਾਲਾ ਪ੍ਰੋਜੈਕਟ ਅਧਿਕਾਰੀਆਂ ਨੂੰ ਮਿਲਿਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਭਾਕਿਯੂ ਡਕੌਂਦਾ ਧਨੇਰ ਦੇ ਆਗੂਆਂ ਜੁਗਰਾਜ ਸਿੰਘ ਹਰਦਾਸਪੁਰਾ, ਨਾਨਕ ਸਿੰਘ ਅਮਲਾ ਸਿੰਘ ਵਾਲਾ, ਸਤਪਾਲ ਸਿੰਘ ਸੋਹੀ ਆਦਿ ਅਗਵਾਈ ਹੇਠ ਜਥੇਬੰਦੀ ਦੇ ਆਗੂਆਂ ਦੇ ਇੱਕ ਵਫ਼ਦ ਨੇ ਭਾਰਤ ਮਾਲਾ ਪ੍ਰੋਜੈਕਟ ਦੇ ਅਧਿਕਾਰੀ ਸੁਨੀਲ ਰਾਠੀ ਨਾਲ ਗੱਲਬਾਤ ਕਰਕੇ ਪਿੰਡ ਮੂੰਮ ਤੋਂ ਮਹਿਲ ਕਲਾਂ ਰੌਸ਼ਨ ਖੇੜਾ ਤੱਕ ਮਿੱਟੀ ਲੈ ਕੇ ਜਾ ਰਹੇ ਟਿੱਪਰਾਂ ਦੇ ਆਉਣ ਜਾਣ ਨਾਲ ਥਾਂ-ਥਾਂ ਤੋਂ ਟੁੱਟ ਚੁੱਕੀ ਲਿੰਕ ਸੜਕ ਦੀ ਮੁਰੰਮਤ ਦਾ ਮਸਲਾ ਉਠਾਇਆ।ਕਿਸਾਨ ਆਗੂਆਂ ਨੇ ਦੱਸਿਆ ਕਿ ਭਾਰਤ ਮਾਲਾ ਪ੍ਰੋਜੈਕਟ ਤਹਿਤ ਜੰਮੂ-ਕਟੜਾ ਨੂੰ ਜੋੜਨ ਵਾਲੇ ਮਾਰਗ ਦੇ ਨਿਰਮਾਣ ਦੌਰਾਨ ਟਿੱਪਰਾਂ ਰਾਹੀਂ ਵੱਖ-ਵੱਖ ਖੇਤਰਾਂ ਤੋਂ ਮਿੱਟੀ ਚੁੱਕ ਕੇ ਲਿਆਂਦੀ ਜਾ ਰਹੀ ਹੈ, ਜਿਸ ਕਰਕੇ ਪਿੰਡ ਮੂੰਮ ਤੋਂ ਮਹਿਲ ਕਲਾਂ ਰੌਸ਼ਨ ਖੇੜਾ ਤੱਕ ਦੀ ਲਿੰਕ ਸੜਕ ਬੁਰੀ ਤਰ੍ਹਾਂ ਟੁੱਟ ਚੁੱਕੀ ਹੈ, ਜਿਸ ਨਾਲ ਇਸ ਸੜਕ ਤੇ ਹਰ ਰੋਜ਼ ਆਉਣ-ਜਾਣ ਵਾਲੇ ਲੋਕਾਂ ਤੇ ਖਾਸ ਕਰ ਨੇੜਲੇ ਖੇਤ ਮਾਲਕ ਕਿਸਾਨਾਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਪ੍ਰੋਜੈਕਟ ਦੇ ਅਧਿਕਾਰੀ ਸੁਨੀਲ ਰਾਠੀ ਨੇ ਜਥੇਬੰਦੀ ਦੇ ਆਗੂਆਂ ਨੂੰ ਭਰੋਸਾ ਦਵਾਇਆ ਕਿ ਇੱਕ-ਦੋ ਦਿਨਾਂ ਅੰਦਰ ਸੜਕ ਦੀ ਮੁਰੰਮਤ ਦਾ ਕੰਮ ਪਹਿਲ ਦੇ ਅਧਾਰ 'ਤੇ ਸ਼ੁਰੂ ਕਰਾ ਦਿੱਤਾ ਜਾਵੇਗਾ। ਕਿਸਾਨ ਆਗੂਆਂ ਨੇ ਦੱਸਿਆ ਕਿ ਪਿਛਲੇ ਦਿਨਾਂ 'ਚ ਜਥੇਬੰਦੀ ਵੱਲੋਂ ਮਹਿਲ ਕਲਾਂ-ਰੌਸ਼ਨ ਖੇੜਾ ਵਿਖੇ ਲਗਾਏ ਗਏ ਧਰਨੇ ਦੌਰਾਨ ਵੀ ਅਧਿਕਾਰੀਆਂ ਵੱਲੋਂ ਇਹ ਭਰੋਸਾ ਦਿੱਤਾ ਗਿਆ ਸੀ ਕਿ ਮਿੱਟੀ ਦਾ ਕੰਮ ਮੁਕੰਮਲ ਹੋਣ ਉਪਰੰਤ ਸੜਕ ਦੀ ਮੁਰੰਮਤ ਪਹਿਲ ਦੇ ਅਧਾਰ 'ਤੇ ਕਰਵਾਈ ਜਾਵੇਗੀ।ਕਿਸਾਨ ਆਗੂਆਂ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਪੰਜ ਦਿਨਾਂ ਦੇ ਅੰਦਰ ਸੜਕ ਦੀ ਮੁਰੰਮਤ ਦਾ ਕੰਮ ਨਾ ਕਰਾਇਆ ਗਿਆ, ਤਾਂ ਜਥੇਬੰਦੀ ਵੱਲੋਂ ਸੰਘਰਸ਼ ਤੇਜ਼ ਕੀਤਾ ਜਾਵੇਗਾ।

## ਜ਼ਿਲ੍ਹਾ ਮਹਿਲਾ ਕਾਂਗਰਸ ਨੇ ਮੁੱਖ ਮੰਤਰੀ ਦਾ ਪੁਤਲਾ ਫੂਕਿਆ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੂੰ ਔਰਤਾਂ ਦਾ ਸਤਿਕਾਰ ਕਰਨ ਦੀ ਖ਼ੁਦ ਕੋਚਿੰਗ ਲੈਣ ਦੀ ਜ਼ਰੂਰਤ ਹੈ, ਕਿਉਂਕਿ ਉਹ ਮੁੱਖ ਮੰਤਰੀ ਹੋਣ ਦੇ ਨਾਤੇ ਮਹਿਲਾ ਦਿਵਸ ਮੌਕੇ ਲੜਕੀਆਂ ਦੇ ਕਾਲਜ ਵਿੱਚ ਆਪਣੀ ਜਵਾਨੀ ਦੇ ਕਿੱਸੇ ਸੁਣਾਉਂਦੇ ਹੋਏ ਪੰਜਾਬ ਦੀਆਂ ਭੈਣਾਂ ਦਾ ਮਜ਼ਾਕ ਉਡਾਉਂਦੇ ਹੋਏ ਨਜ਼ਰ ਆਏ, ਜਿਹੜੀਆਂ ਜਵਾਨੀ ਦੇ ਦਿਨਾਂ ਵਿੱਚ ਉਨ੍ਹਾਂ ਨਾਲ ਪੜ੍ਹਦੀਆਂ ਰਹੀਆਂ ਹਨ।ਇਹ ਸ਼ਬਦ ਪੰਜਾਬ ਮਹਿਲਾ ਕਾਂਗਰਸ ਦੀ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਨੇ ਪਟਿਆਲਾ ਦੀ ਪੀਲੀ ਸੜਕ ਉੱਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਫੂਕਣ ਉਪਰੰਤ ਪ੍ਰਗਟ ਕੀਤੇ।ਇਸ ਮੌਕੇ ਬੀਬੀ ਰੰਧਾਵਾ ਨੇ ਮੁੱਖ ਮੰਤਰੀ ਦੀ ਸੁਣਾਈ ਕਹਾਣੀ ਉੱਤੇ ਸਖਤ ਇਤਰਾਜ਼ ਕਰਦਿਆਂ ਕਿਹਾ ਕਿ ਪੰਜਾਬ ਰਾਜ ਮਹਿਲਾ ਕਮਿਸ਼ਨ ਨੂੰ ਇਸ ਉੱਤੇ ਸਖਤ ਕਾਰਵਾਈ ਕਰਨੀ ਚਾਹੀਦੀ ਹੈ ਤੇ ਮੁੱਖ ਮੰਤਰੀ ਨੂੰ ਪੰਜਾਬ ਦੀਆਂ ਧੀਆਂ-ਭੈਣਾਂ ਤੋਂ ਮਾਫੀ ਮੰਗਣੀ ਚਾਹੀਦੀ ਹੈ।ਇਸ ਧਰਨੇ ਵਿੱਚ ਪੰਜਾਬ ਮਹਿਲਾ ਕਾਂਗਰਸ ਦੇ ਜਨਰਲ ਸਕੱਤਰ ਪ੍ਰਿੰਸੀਪਲ ਅਮਰਜੀਤ ਕੌਰ, ਜਨਰਲ ਸਕੱਤਰ ਮਨਦੀਪ ਚੌਹਾਨ, ਨਰਿੰਦਰ ਕੌਰ ਕੰਗ, ਸਕੱਤਰ ਲਤਾ ਵਰਮਾ, ਯਾਮਨੀ ਵਰਮਾ, ਰੁਪਿੰਦਰ ਕੌਰ ਜਲਾਲਪੁਰ, ਰੇਨੂੰ ਯਾਦਵ, ਡਿੰਪਲ ਗਿੱਲ, ਪੁਸ਼ਪਾ ਰਾਣੀ, ਸੁਖਵਿੰਦਰ ਕੌਰ ਦਿਉਲ, ਡਿੰਪਲ ਗਿੱਲ, ਪਰਮਜੀਤ ਕੌਰ ਸੂਲਰ, ਹਰਬੰਸ ਕੌਰ, ਰਜਨੀ ਬਿਦਲਾਨ ਆਦਿ ਹਜ਼ਰ ਸਨ।

## ਬੋਧੀ ਭਾਈਚਾਰੇ ਵੱਲੋਂ ਰਾਸ਼ਟਰਪਤੀ ਦੇ ਨਾਂ ਐੱਸ.ਡੀ.ਐੱਮ. ਨੂੰ ਮੈਮੋਰੰਡਮ

### ■ ਡਾ. ਅੰਬੇਡਕਰ ਚੌਕ 'ਚ ਕੀਤਾ ਧਰਨਾ ਪ੍ਰਦਰਸ਼ਨ



**ਜਲੰਧਰ (ਪਰਮਜੀਤ ਜੱਸਲ)**-ਭਿਖਸ਼ੂ ਸੰਘ ਦੀ ਅਗਵਾਈ ਵਿੱਚ ਬੋਧੀ ਭਾਈਚਾਰੇ ਵੱਲੋਂ, ਅੰਬੇਡਕਰੀ ਸੰਸਥਾਵਾਂ, ਸਮਾਜ ਸੇਵੀ ਸੰਸਥਾਵਾਂ, ਮਨੁੱਖਤਾਵਾਦੀ ਸੰਸਥਾਵਾਂ, ਬੁੱਧੀਜੀਵੀਆਂ ਤੇ ਮਿਸ਼ਨਰੀ ਸਾਥੀਆਂ ਸਹਿਯੋਗ ਨਾਲਂ ਬੁੱਧ ਗਯਾ ਮਹਾਂ ਵਿਹਾਰ ਮੁਕਤੀ ਅੰਦੋਲਨ ਦੇ ਤਹਿਤ ਪਿਛਲੇ ਦਿਨੀਂ ਡਾ. ਅੰਬੇਡਕਰ ਚੌਕ ਜਲੰਧਰ ਵਿਖੇ ਧਰਨਾ ਦਿੱਤਾ ਗਿਆ।ਧਰਨੇ ਦੀ ਸ਼ੁਰੂਆਤ ਭਿਖਸ਼ੂ ਚੰਦਰ ਕੀਰਤੀ ਫਿਲੌਰ, ਭਿਖਸ਼ੂ ਰੇਵਤ ਨਕੋਦਰ ਤੇ ਭਿਕਸ਼ੂ ਚੰਦਰ ਕੀਰਤੀ ਨਕੋਦਰ ਨੇ ਪੰਚਸ਼ੀਲ ਅਤੇ ਬੁੱਧ ਵੰਦਨਾ ਨਾਲ ਕੀਤੀ। ਐਡਵੋਕੇਟ ਹਰਭਜਨ ਸਾਂਪਲਾ ਨੇ ਪੰਜਾਬ ਸਰਕਾਰ ਤੋਂ ਬੁੱਧ ਪੂਰਨਿਮਾ ਦੀ ਗਜ਼ਟਿਡ ਛੁੱਟੀ ਕਰਨ ਤੇ ਘੱਟ ਗਿਣਤੀ ਕਮਿਸ਼ਨ ਪੰਜਾਬ ਵਿੱਚ ਬੋਧੀਆਂ ਦਾ ਨੁਮਾਇੰਦਾ ਰੱਖਣ ਦੀ ਵੀ ਮੰਗ ਕੀਤੀ।ਉਨ੍ਹਾਂ ਭਾਰਤ ਸਰਕਾਰ ਤੇ ਬਿਹਾਰ ਸਰਕਾਰ ਤੋਂ ਬੁੱਧ ਗਯਾ ਮਹਾ ਵਿਹਾਰ ਨੂੰ ਗੈਰ ਬੋਧੀਆਂ ਤੋਂ ਆਜ਼ਾਦ ਕਰਾਉਣ, ਬੁੱਧ ਗਯਾ ਮੰਦਰ ਐਕਟ 1949 ਨੂੰ ਰੱਦ ਕਰਨ, ਕ੍ਰਾਂਤੀਜੋਤ ਮਾਤਾ ਸਵਿੱਤਰੀ ਬਾਈ ਫੂਲੇ ਜੀ ਨੂੰ 'ਭਾਰਤ ਰਤਨ' ਦੀ ਉਪਾਧੀ ਨਾਲ ਸਨਮਾਨਤ ਕਰਨ ਅਤੇ ਯੂ.ਜੀ.ਸੀ. ਦਾ ਨਵਾਂ ਕਾਨੂੰਨ ਲਾਗੂ ਕਰਨ ਦੀ ਮੰਗ ਕੀਤੀ। ਇਸ ਧਰਨੇ ਨੂੰ ਚੰਚਲ ਬੋਧ ਸਿਧਾਰਥ ਨਗਰ ਜਲੰਧਰ, ਪ੍ਰੋਫੈਸਰ ਬਲਬੀਰ, ਬਲਦੇਵ ਭਾਰਦਵਾਜ, ਹਰਮੇਸ਼ ਜੱਸਲ, ਬਲਦੇਵ ਜੱਸਲ ਮਕਸੂਦਾਂ, ਰਮੇਸ਼ ਕੌਲ ਫਗਵਾੜਾ, ਆਰ. ਕੇ. ਪਾਲ, ਰਾਜ ਕੁਮਾਰ ਆਰ.ਸੀ.ਐੱਫ. ਕਪੂਰਥਲਾ, ਡਾ. ਗੁਰਪਾਲ ਚੌਹਾਨ, ਡਾ. ਅਵਿਨਾਸ਼ ਚੰਦਰ ਸੌਂਧੀ, ਡਾ. ਸਤਪਾਲ, ਪ੍ਰਿੰਸੀਪਲ ਪਰਮਜੀਤ ਜੱਸਲ, ਵਿਪਨ ਕੁਮਾਰ ਸਾਬਕਾ ਕੌਂਸਲਰ ਤੇ ਹੋਰ ਬੁੱਧੀਜੀਵੀਆਂ ਵੱਲੋਂ ਸੰਬੋਧਨ ਕੀਤਾ ਗਿਆ।ਬੁਲਾਰਾ ਆਗੂਆਂ ਨੇ ਮੰਗ ਕੀਤੀ ਕਿ ਬੋਧ ਗਯਾ ਮਹਾ ਵਿਹਾਰ ਨੂੰ ਗੈਰ ਬੋਧੀਆਂ ਤੋਂ ਆਜ਼ਾਦ ਕਰਵਾ ਕੇ ਉਸ ਦਾ ਨਿਰੋਲ ਕੰਟਰੋਲ ਬੋਧੀਆਂ ਨੂੰ ਸੌਂਪਿਆ ਜਾਵੇ।ਧਰਨੇ ਤੋਂ ਉਪਰੰਤ ਐੱਸ.ਡੀ.ਐੱਮ. ਦਫਤਰ ਜਲੰਧਰ ਵਿਖੇ ਮਾਨਯੋਗ ਨਵਦੀਪ ਸਿੰਘ ਪੀ.ਸੀ.ਐੱਸ. ਅਫਸਰ ਰਾਹੀਂ ਭਿਖਸ਼ੂ ਸੰਘ ਤੇ ਬੋਧੀਆਂ ਵੱਲੋਂ ਦੇਸ਼ ਦੇ ਮਾਨਯੋਗ ਰਾਸ਼ਟਰਪਤੀ ਭਾਰਤ ਸਰਕਾਰ, ਪੰਜਾਬ ਤੇ ਬਿਹਾਰ ਸਰਕਾਰ ਦੇ ਮਾਨਯੋਗ ਮੁੱਖ ਮੰਤਰੀ ਨੂੰ ਮੈਮੋਰੰਡਮ ਦਿੱਤਾ ਗਿਆ।ਧਰਨੇ ਵਿੱਚ ਰਜਿੰਦਰ ਜੱਸਲ, ਲਾਲ ਚੰਦ ਸੋਫੀ ਪਿੰਡ, ਚਮਨ ਸਾਂਪਲਾ, ਨਿਰਮਲ ਬਿੰਜੀ, ਤੇਜ ਪਾਲ ਸਿੰਘ ਕਪੂਰਥਲਾ, ਸੂਰਜ ਸਿੰਘ, ਰੰਜੀਵ ਕੁਮਾਰ, ਦੇਵ ਰਾਜ ਬੈਂਕ ਮੈਨੇਜਰ ਫਗਵਾੜਾ, ਸਤਪਾਲ ਫਗਵਾੜਾ, ਰੱਜਤ, ਅਦਿੱਤਿਆ, ਰਮੇਸ਼ ਬੰਗੜ ਤੇ ਹੋਰ ਬਹੁਤ ਸਾਰੇ ਸਾਥੀ ਹਾਜ਼ਰ ਸਨ।

## ਆਊਟਸੋਰਸ ਸਿਹਤ ਵਿਭਾਗ ਮੁਲਾਜ਼ਮ ਯੂਨੀਅਨ ਵੱਲੋਂ ਐੱਮ ਡੀ ਤੇ ਡਾਇਰੈਕਟਰ ਨੂੰ ਮੰਗ ਪੱਤਰ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਆਊਟਸੋਰਸ ਸਿਹਤ ਵਿਭਾਗ ਮੁਲਾਜ਼ਮ ਯੂਨੀਅਨ ਪੰਜਾਬ ਦੀ ਜਥੇਬੰਦੀ ਦੀ ਸੂਬਾ ਪੱਧਰੀ ਟੀਮ ਵੱਲੋਂ ਆਊਟਸੋਰਸ (ਕੱਚੇ ਕਾਮਿਆਂ) ਦੀਆਂ ਗੰਭੀਰ ਮੰਗਾਂ ਤੇ ਮੁਸ਼ਕਲਾਂ ਨਾਲ ਸਬੰਧਤ ਮਾਣਯੋਗ ਡਾਇਰੈਕਟਰ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ (ਮੋਹਾਲੀ), ਮਾਣਯੋਗ ਡਿਪਟੀ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਅਤੇ ਨੈਸ਼ਨਲ ਹੈਲਥ ਮਿਸ਼ਨ ਐੱਮ ਡੀ ਤੇ ਡਾਇਰੈਕਟਰ ਨੂੰ ਸੂਬਾ ਪ੍ਰਧਾਨ ਗੁਰਜਿੰਦਰ ਸਿੰਘ ਔਲਖ ਦੀ ਅਗਵਾਈ ਹੇਠ ਮਿਲ ਕੇ ਮੰਗ ਪੱਤਰ ਦਿੱਤੇ ਗਏ।ਇਸ ਮੀਟਿੰਗ ਵਿੱਚ ਸਿਹਤ ਵਿਭਾਗ ਦੇ ਆਊਟਸੋਰਸ ਕਾਮਿਆਂ ਵੱਲੋਂ ਸਮੂਹ ਕੱਚੇ ਮੁਲਾਜ਼ਮਾਂ ਨੂੰ ਵਿਭਾਗ ਵਿੱਚ ਲੈ ਕੇ ਪੱਕੇ ਕਰਨ ਦੀ ਮੰਗ, ਬਰਾਬਰ ਕੰਮ ਬਰਾਬਰ ਤਨਖ਼ਾਹ ਦੀ ਮੰਗ, ਇੱਕ ਜ਼ਿਲ੍ਹੇ ਤੋਂ ਦੂਸਰੇ ਜ਼ਿਲ੍ਹੇ ਦੀਆਂ ਆਪਸੀ ਬਦਲੀਆਂ ਦੀ ਮੰਗ, ਸਾਲਾਨਾ ਇੰਕਰੀਮੈਂਟ ਦੀ ਮੰਗ, ਕੰਪਨੀਆਂ ਵੱਲੋਂ ਮੁਲਾਜ਼ਮਾਂ ਦੀਆਂ ਬੰਦ ਕੀਤੀਆਂ ਛੁੱਟੀਆਂ ਬਹਾਲ ਕਰਨ ਦੀ ਮੰਗ, ਕੰਪਨੀ ਵੱਲੋਂ ਮੁਲਾਜ਼ਮਾਂ ਦੇ ਬੰਦ ਕੀਤੇ ਬੋਨਸ ਨੂੰ ਲਾਗੂ ਕਰਵਾਉਣ ਦੀ ਮੰਗ, ਗ੍ਰਿਟਸ ਕੰਪਨੀ ਵੱਲੋਂ ਮੁਲਾਜ਼ਮਾਂ ਦੀ ਤਨਖ਼ਾਹ ਵਿੱਚੋਂ ਨਜਾਇਜ਼ ਫੀਸ ਦੇ ਰੂਪ ਵਿੱਚ ਵਸੂਲੇ 1500/- ਰੁਪਏ ਵਾਪਸ ਕਰਵਾਉਣ ਦੀ ਮੰਗ, ਸਫ਼ਾਈ ਕਰਮਚਾਰੀਆਂ ਦਾ ਠੇਕਾ ਪੰਜਾਬ ਪੱਧਰ 'ਤੇ ਕਰਨ ਦੀ ਮੰਗ, ਮੁਲਾਜ਼ਮਾਂ ਦਾ ਸਿਹਤ ਬੀਮਾ ਲਾਗੂ ਕਰਨ ਦੀ ਮੰਗ ਆਦਿ ਮੰਗਾਂ ਉੱਪਰ ਵਿਚਾਰ ਚਰਚਾ ਕਰਨ ਤੋਂ ਬਾਅਦ ਡਾਇਰੈਕਟਰ ਵੱਲੋਂ ਮੁਲਾਜ਼ਮਾਂ ਦੀਆਂ ਮੰਗਾਂ ਤੇ ਮੁਸ਼ਕਲਾਂ ਨੂੰ ਵਾਜਿਬ ਦੱਸਦਿਆਂ ਭਰੋਸਾ ਦਿਵਾਇਆ ਕਿ ਜਲਦੀ ਹੀ ਕੱਚੇ ਕਾਮਿਆਂ ਦੀਆਂ ਮੁਸ਼ਕਲਾਂ ਨੂੰ ਹੱਲ ਕੀਤਾ ਜਾਵੇਗਾ।ਇਸ ਮੀਟਿੰਗ ਵਿੱਚ ਸੂਬਾ ਜਨਰਲ ਸਕੱਤਰ ਹਰਮਨਦੀਪ ਸਿੰਘ ਸਿੱਧੂ, ਸੂਬਾ ਵਿੱਤ ਸਕੱਤਰ ਨਾਜਰ ਸਿੰਘ ਮਾਨਸਾ, ਸੂਬਾ ਮੀਤ ਪ੍ਰਧਾਨ ਕਰਨਬੀਰ ਸਿੰਘ ਜਗਰਾਓਂ, ਸੂਬਾ ਦਫ਼ਤਰ ਸਕੱਤਰ ਜਗਮੀਤ ਸਿੰਘ, ਸੂਬਾ ਆਰਗੇਨਾਇਜ਼ਰ ਜਤਿੰਦਰ ਸਿੰਘ, ਸੂਬਾ ਸਲਾਹਕਾਰ ਗੁਰਦੀਪ ਸਿੰਘ ਬਰਨਾਲਾ, ਸੂਬਾ ਜਥੇਬੰਦਕ ਸਕੱਤਰ ਬਲਜਿੰਦਰ ਸਿੰਘ ਸ੍ਰੀ ਫ਼ਤਹਿਗੜ੍ਹ ਸਾਹਿਬ, ਸੂਬਾ ਦਫ਼ਤਰ ਸਕੱਤਰ ਗੁਰਦਾਸ ਸਿੰਘ ਸ਼੍ਰੀ ਮੁਕਤਸਰ ਸਾਹਿਬ ਤੇ ਸਰਬਜੀਤ ਸਿੰਘ ਪਟਿਆਲਾ, ਗੁਰਧਿਆਨ ਸਿੰਘ ਪਟਿਆਲਾ, ਦਰਸ਼ਨ ਸਿੰਘ ਮਾਨਸਾ ਤੇ ਅਰਸ਼ਦੀਪ ਸਿੰਘ ਬਰਨਾਲਾ ਆਦਿ ਸਾਥੀ ਸ਼ਾਮਲ ਰਹੇ।

## ਗਦਰ ਲਹਿਰ ਦੇ ਹੀਰੋ ਸ਼ਹੀਦ ਰਹਿਮਤ ਅਲੀ ਵਜੀਦਕੇ ਦੀ ਯਾਦ 'ਚ ਸਮਾਗਮ 25 ਨੂੰ



**ਮਹਿਲ ਕਲਾਂ (ਬਲਵਿੰਦਰ ਸਿੰਘ ਵਜੀਦਕੇ)**-ਗਦਰ ਲਹਿਰ ਦੇ ਹੀਰੋ ਮਹਾਨ ਸੂਰਬੀਰ ਸ਼ਹੀਦ ਰਹਿਮਤ ਅਲੀ ਵਜੀਦਕੇ ਦੀ ਯਾਦ ਨੂੰ ਸਮਰਪਤ ਮਹਾਨ ਸ਼ਹੀਦੀ ਸਮਾਗਮ 25 ਮਾਰਚ ਬੁੱਧਵਾਰ ਨੂੰ ਸਰਕਾਰੀ ਹਾਈ ਸਕੂਲ ਪਿੰਡ ਵਜੀਦਕੇ ਖੁਰਦ ਵਿਖੇ ਸ਼ਰਧਾ ਤੇ ਸਤਿਕਾਰ ਨਾਲ ਕਰਵਾਇਆ ਜਾ ਰਿਹਾ ਹੈ।ਇਹ ਯਾਦਗਾਰੀ ਸਮਾਗਮ ਪਿੰਡ ਵਜੀਦਕੇ ਖੁਰਦ ਤੇ ਵਜੀਦਕੇ ਕਲਾਂ ਦੀਆਂ ਗ੍ਰਾਮ ਪੰਚਾਇਤਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਕਿਸਾਨ ਜਥੇਬੰਦੀਆਂ, ਯੂਥ ਕਲੱਬਾਂ, ਐੱਨ ਆਰ ਆਈ ਵੀਰਾਂ, ਐਕਸ ਸਰਵਿਸਮੈਨ ਤੇ ਸਮੂਹ ਨਗਰ ਵਾਸੀਆਂ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ।ਇਸ ਮੌਕੇ ਵੱਖ-ਵੱਖ ਰਾਜਨੀਤਕ ਪਾਰਟੀਆਂ ਦੇ ਆਗੂ ਤੇ ਸਮਾਜਕ ਸੰਸਥਾਵਾਂ ਦੇ ਨੁਮਾਇੰਦੇ ਮਹਾਨ ਸ਼ਹੀਦ ਰਹਿਮਤ ਅਲੀ ਵਜੀਦਕੇ ਨੂੰ ਸ਼ਰਧਾਂਜਲੀ ਭੇਟ ਕਰਨਗੇ।ਇਸ ਦੌਰਾਨ ਸੱਭਿਆਚਾਰਕ ਪ੍ਰੋਗਰਾਮ ਵਿੱਚ ਨਾਟਕ ਟੀਮਾਂ ਵੱਲੋਂ ਕੋਰੀਓਗ੍ਰਾਫੀ, ਨਾਟਕ, ਲੋਕ ਗੀਤ ਤੇ ਲੋਕ ਪੱਖੀ ਗੀਤ, ਕਵਿਤਾਵਾਂ ਰਾਹੀਂ ਗਦਰ ਲਹਿਰ ਦੇ ਮਹਾਨ ਸ਼ਹੀਦਾਂ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕੀਤਾ ਜਾਵੇਗਾ।ਪ੍ਰਬੰਧਕਾਂ ਨੇ ਸਮੂਹ ਕਿਰਤੀ ਲੋਕਾਂ ਨੂੰ ਵੱਡੀ ਗਿਣਤੀ 'ਚ ਸ਼ਮੂਲੀਅਤ ਕਰਕੇ ਮਹਾਨ ਸੂਰਬੀਰ ਸ਼ਹੀਦ ਰਹਿਮਤ ਅਲੀ ਵਜੀਦਕੇ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਨ ਦੀ ਅਪੀਲ ਕੀਤੀ।

## ਨੈਸਲੇ ਠੇਕੇਦਾਰ ਲੇਬਰ ਯੂਨੀਅਨ ਨੇ ਸਨੀ ਗਿੱਲ, ਵਿਜੇ ਧੀਰ ਐਡਵੋਕੇਟ ਤੇ ਰਾਜਵੰਤ ਸਿੰਘ ਦਾ ਕੀਤਾ ਸਨਮਾਨ



**ਮੋਗਾ (ਇਕਬਾਲ ਸਿੰਘ ਖਹਿਰਾ)**

ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਨਾਲ ਜੁੜੀ ਨੈਸਲੇ ਠੇਕੇਦਾਰ ਲੇਬਰ ਯੂਨੀਅਨ ਨੇ ਪ੍ਰਧਾਨ ਸ਼ੰਕਰ ਤੇ ਜਨਰਲ ਸਕੱਤਰ ਅਰੁਣ ਬੋਹਤ ਦੀ ਅਗਵਾਈ ਵਿੱਚ ਮਜ਼ਦੂਰ ਜਥੇਬੰਦੀਆਂ ਨਾਲ ਬੀਤੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਬਾਦਲ ਵਿੱਚ ਪਾਰਟੀ ਸੁਪਰੀਮੋ ਸੁਖਬੀਰ ਸਿੰਘ ਬਾਦਲ ਦੀ ਹਾਜ਼ਰੀ ਵਿੱਚ ਸ਼ਾਮਲ ਹੋਣ ਤੇ ਉਨਾਂ ਦਾ ਸਨਮਾਨ ਕਰਨ ਲਈ ਸਨਮਾਨ ਸਮਾਰੋਹ ਯੂਨੀਅਨ ਦਫਤਰ ਦੇ ਅਹਾਤੇ ਵਿੱਚ ਆਯੋਜਤ ਕੀਤਾ ਗਿਆ।ਸਮਾਗਮ ਵਿੱਚ ਪਹੁੰਚਣ 'ਤੇ ਸ਼੍ਰੋਮਣੀ ਅਕਾਲੀ ਦਲ ਮੋਗਾ ਦੇ ਹਲਕਾ ਇੰਚਾਰਜ ਸੰਜੀਤ ਸਿੰਘ ਸਨੀ ਗਿੱਲ, ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਤੇ ਪੰਜਾਬ ਖਾਦੀ ਬੋਰਡ ਦੇ ਸਾਬਕਾ ਡਾਇਰੈਕਟਰ ਅਤੇ ਮਜ਼ਦੂਰ ਆਗੂ ਰਾਜਵੰਤ ਸਿੰਘ ਮਾਹਲਾ, ਦੇਵ ਅਸ਼ੀਸ਼ ਮਲਿਕ ਪ੍ਰਧਾਨ ਯੂਥ ਅਕਾਲੀ ਦਲ ਜ਼ਿਲ੍ਹਾ ਮੋਗਾ, ਸੁੱਖ ਗਿੱਲ ਮੋਗਾ ਦਾ ਭਾਰੀ ਗਿਣਤੀ ਵਿੱਚ ਹਾਜ਼ਰ ਯੂਨੀਅਨ ਵਰਕਰਾਂ ਸ਼ੰਕਰ, ਅਰੁਣ ਬੋਹਤ, ਨਿੰਦਰ ਸਿੰਘ ਬਲਖੰਡੀ, ਅੰਗਰੇਜ ਸਿੰਘ, ਸੋਨੂ, ਗੋਰਾ, ਗੁਰਮੀਤ ਸਿੰਘ, ਲਖਵਿੰਦਰ ਸਿੰਘ ਸਿੱਧੂ, ਕੁਲਵੀਰ ਸਿੰਘ, ਦਵਿੰਦਰ ਸਿੰਘ, ਰਾਜਵੀਰ ਸਿੰਘ, ਵਰਿੰਦਰ ਸਿੰਘ, ਅਮਰ ਸਿੰਘ ਨੇ ਜ਼ਬਰਦਸਤ ਸਵਾਗਤ ਕੀਤਾ, ਫੁੱਲ ਮਾਲਾਵਾਂ ਅਤੇ ਸਿਰੋਪਾਓ ਪਹਿਨਾ ਕੇ ਅਤੇ ਫੁੱਲਾਂ ਦੇ ਗੁਲਦਸਤੇ ਦੇ ਕੇ ਸਨਮਾਨਤ ਕੀਤਾ।ਨੈਸਲੇ ਠੇਕੇਦਾਰ ਲੇਬਰ ਯੂਨੀਅਨ ਆਗੂਆਂ ਅਤੇ ਮੈਂਬਰਾਂ ਨੇ ਸ਼੍ਰੋਮਣੀ ਅਕਾਲੀ ਦਲ ਦੀ 22 ਮਾਰਚ ਨੂੰ ਮੋਗਾ ਦਾਣਾ ਮੰਡੀ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਵਿਸ਼ਾਲ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣ ਦਾ ਐਲਾਨ ਕੀਤਾ। ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਨਾਲ ਸੰਬੰਧਿਤ ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਮਿਡ ਡੇਅ ਮੀਲ ਕੁੱਕ ਯੂਨੀਅਨ ਦੇ ਸੂਬਾ ਪ੍ਰਧਾਨ ਕਰਮ ਚੰਦ ਚੰਡਾਲੀਆ, ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਗੋਗੀ, ਵਾਲਮੀਕੀ ਸਭਾ ਦੇ ਪ੍ਰਧਾਨ ਅਰੁਣ ਬੋਹਤ, ਈ ਰਿਕਸ਼ਾ ਮਜ਼ਦੂਰ ਸੰਘ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਮਹਿਮੇ ਵਾਲਾ, ਜਨਰਲ ਸਕੱਤਰ ਮੇਜਰ ਸਿੰਘ ਲੰਡੇ ਕੇ, ਭਾਰਤੀ ਮਿੰਨੀ ਕੈਂਟਰ ਯੂਨੀਅਨ ਦੇ ਪ੍ਰਧਾਨ ਲਖਵਿੰਦਰ ਸਿੰਘ ਭੁੱਲਰ, ਮਿੰਨੀ ਕੈਂਟਰ ਯੂਨੀਅਨ ਦੇ ਪ੍ਰਧਾਨ ਵਿੱਕੀ, ਮਿੰਨੀ ਕੈਂਟਰ ਯੂਨੀਅਨ ਦੇ ਪ੍ਰਧਾਨ ਅਮਰੀਕ ਸਿੰਘ ਜੜ੍ਹਾ, ਭਾਰਤੀ ਕਿਸਾਨ ਸਪਲਾਈ ਲੱਕੜ ਯੂਨੀਅਨ ਦੇ ਪ੍ਰਧਾਨ ਸੋਨੂ ਬਹਿਲ, ਮਿਉਂਸਪਲ ਇੰਪਲਾਈਜ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਮਦਨ ਲਾਲ ਬੋਹਤ, ਹਨੀ ਗਿੱਲ, ਤੂੜੀ ਛਿਲਕਾ ਯੂਨੀਅਨ ਦੇ ਪ੍ਰਧਾਨ ਸੱਤਪਾਲ ਸਿੰਘ ਭਾਗੀ ਕੇ, ਨਿਖਿਲ ਬਾਂਸਲ, ਅਰੁਣ ਜੋੜਾ ਦਾ ਸਨਮਾਨ ਕੀਤਾ।ਹਲਕਾ ਇੰਚਾਰਜ ਮੋਗਾ ਸ਼੍ਰੋਮਣੀ ਅਕਾਲੀ ਦਲ ਸੰਜੀਤ ਸਿੰਘ ਸੰਨੀ ਨੇ ਭਾਰੀ ਗਿਣਤੀ ਵਿੱਚ ਹਾਜ਼ਰ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੰਧ 'ਤੇ ਲਿਖਿਆ ਪੜ੍ਹਿਆ ਜਾ ਸਕਦਾ ਹੈ ਕਿ 2027 ਵਿੱਚ ਆਉਣ ਵਾਲੀ ਸਰਕਾਰ ਸ਼੍ਰੋਮਣੀ ਅਕਾਲੀ ਦਲ ਦੀ ਹੈ।

## ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦਾ ਸ਼ਰਧਾਂਜਲੀ ਸਮਾਗਮ 22 ਨੂੰ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦਾ ਸ਼ਰਧਾਂਜਲੀ ਸਮਾਗਮ 22 ਮਾਰਚ ਨੂੰ ਲੋਕ ਨਾਟਕ ਮੰਡਲੀ ਮੰਡੀ ਮੁਲਾਂਪੁਰ ਵੱਲੋਂ ਸਵੇਰੇ ਦਸ ਵਜੇ ਪਿੰਡ ਰਾਮਪੁਰਾ ਵਿਖੇ ਤੇ ਸ਼ਾਮ ਚਾਰ ਵਜੇ ਲਹਿਰਾ ਮੁਹੱਬਤ ਵਿਖੇ ਇਨਕਲਾਬੀ ਨਾਟਕ ਤੇ ਕੋਰੀਓਗ੍ਰਾਫ਼ੀ ਪੇਸ਼ ਕੀਤੀ ਜਵੇਗੀ।ਰਾਮਪੁਰਾ ਪਿੰਡ ਵਿਖੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਧਨੇਰ, ਇਨਕਲਾਬੀ ਕੇਂਦਰ ਪੰਜਾਬ, ਡੈਮੋਕ੍ਰੇਟਿਕ ਟੀਚਰ ਫਰੰਟ ਜਮਹੂਰੀ ਅਧਿਕਾਰ ਸਭਾ, ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ, ਟੈਕਨੀਕਲ ਸਰਵਿਸ ਯੂਨੀਅਨ, ਭੱਠਾ ਮਜ਼ਦੂਰ ਯੂਨੀਅਨ ਦੇ ਆਦਿ ਵੱਖ-ਵੱਖ ਜਥੇਬੰਦੀਆਂ ਦੇ ਆਗੂਆ ਦੀ ਮੀਟਿੰਗ 'ਚ ਤਹਿ ਕੀਤਾ ਗਿਆ।ਮੀਟਿੰਗ ਨੂੰ ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਮੁਖਤਿਆਰ ਸਿੰਘ ਪੂਹਲਾ ਤੇ ਜਗਜੀਤ ਸਿੰਘ ਲਹਿਰਾ ਮੁਹੱਬਤ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਨੇ ਲਿਖਿਆ ਸੀ ਕਿ ਸਾਮਰਾਜਵਾਦ ਇੱਕ ਵੱਡੀ ਡਾਕੇ ਮਾਰਨ ਦੀ ਸਾਜ਼ਿਸ਼ ਤੋਂ ਬਗੈਰ ਕੁੱਝ ਨਹੀਂ ਤੇ ਸਾਮਰਾਜੀ ਲੁੱਟ ਕਰਨ ਲਈ ਜੰਗ ਵਰਗੇ ਵੱਡੇ ਜੁਰਮ ਵੀ ਕਰਦੇ ਹਨ।ਇਲਾਕਾ ਨਿਵਾਸੀਆਂ ਨੂੰ ਇਨ੍ਹਾਂ ਪ੍ਰੋਗਰਾਮਾਂ 'ਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ।ਇਨ੍ਹਾਂ ਸਮਾਗਮਾਂ 'ਚ ਇਨਕਲਾਬੀ ਗੀਤਾਂ ਦੀ ਪੇਸ਼ਕਾਰੀ ਹੋਵੇਗੀ।ਇਹ ਜਾਣਕਾਰੀ ਜਗਜੀਤ ਸਿੰਘ ਲਹਿਰਾ ਮੁਹੱਬਤ ਨੇ ਸਾਂਝੀ ਕੀਤੀ।

## ਸੰਤ ਕਬੀਰ ਸਕੂਲ ਵਿਖੇ ਐੱਨ ਸੀ ਸੀ ਦੀ ਸਥਾਪਨਾ



**ਲਹਿਰਾ ਮੁਹੱਬਤ (ਭੀਮਸੈਨ ਹਦਵਾਰੀਆ)**-ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਨੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਨੈਸ਼ਨਲ ਕੈਡਿਟ ਕੋਰ (ਐੱਨ.ਸੀ.ਸੀ.) ਦੀ ਸਥਾਪਨਾ ਕਰਕੇ ਇੱਕ ਹੋਰ ਵੱਡੀ ਪ੍ਰਾਪਤੀ ਹਾਸਲ ਕੀਤੀ ਹੈ। ਇਸ ਨਵੀਂ ਪਹਿਲ ਦਾ ਉਦੇਸ਼ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਲੀਡਰਸ਼ਿਪ, ਹੁਨਰ, ਦੇਸ਼ ਭਗਤੀ ਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਵਿਕਸਤ ਕਰਨਾ ਹੈ। ਸਕੂਲ ਦੇ ਐੱਮ. ਡੀ. ਪ੍ਰੋਫ਼ੈਸਰ ਐੱਮ. ਐੱਲ. ਅਰੋੜਾ, ਡਾਇਰੈਕਟਰ ਨੰਦਿਤਾ ਗਰੋਵਰ ਤੇ ਪ੍ਰਿੰਸੀਪਲ ਮੈਡਮ ਕੰਚਨ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਐੱਨ.ਸੀ.ਸੀ. ਵਿੱਚ ਸ਼ਾਮਲ ਹੋਣ ਵਾਲੇ ਵਿਦਿਆਰਥੀ ਨਾ ਸਿਰਫ਼ ਸਰੀਰਕ ਤੌਰ 'ਤੇ ਮਜ਼ਬੂਤ ਬਣਦੇ ਹਨ, ਬਲਕਿ ਉਨ੍ਹਾਂ ਵਿੱਚ ਰਾਸ਼ਟਰੀ ਸੇਵਾ ਦੀ ਭਾਵਨਾ ਵੀ ਵਿਕਸਤ ਹੁੰਦੀ ਹੈ। ਉਨ੍ਹਾਂ ਕਿਹਾ ਕਿ ਸਕੂਲ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਉਨ੍ਹਾਂ ਨੂੰ ਸਰੀਰਕ ਪੱਖੋਂ ਮਜ਼ਬੂਤ ਕਰਨ ਅਤੇ ਮਨੋਬਲ ਉੱਚਾ ਕਰਨ ਲਈ ਹੋਰ ਉਪਰਾਲੇ ਕਰਨ ਜਾ ਰਿਹਾ ਹੈ, ਜਿਸ ਲਈ ਨਵੇਂ ਕੋਚਾਂ ਦੀ ਨਿਯੁਕਤੀ ਕੀਤੀ ਜਾਵੇਗੀ। ਸਕੂਲ ਦੇ ਏ.ਐੱਨ.ਓ. ਗੁਰਮੀਤ ਸਿੰਘ ਨੇ ਐੱਨ.ਸੀ.ਸੀ. ਦੀ ਮਹੱਤਤਾ, ਸਿਖਲਾਈ ਪ੍ਰੋਗਰਾਮਾਂ, ਪਰੇਡ, ਕੈਂਪ ਤੇ ਵੱਖ-ਵੱਖ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ।

## 5 ਕਿੱਲੋ 834 ਗ੍ਰਾਮ ਹੈਰੋਇਨ ਸਮੇਤ 1 ਡਰੋਨ ਬਰਾਮਦ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਨੇ ਪਿੰਡ ਆਲਮਕੇ ਦੇ ਏਰੀਏ ਵਿੱਚੋਂ 5 ਕਿੱਲੋ 834 ਗ੍ਰਾਮ ਹੈਰੋਇਨ ਸਮੇਤ ਇਕ ਡਰੋਨ ਬਰਾਮਦ ਹੋਣ 'ਤੇ ਅਣਪਛਾਤੇ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕੀਤਾ ਹੈ। ਇਸ ਸਬੰਧੀ ਜਾਂਚ ਅਧਿਕਾਰੀ ਏ.ਐੱਸ.ਆਈ. ਗੁਰਨਾਮ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰਨ ਦੇ ਸਬੰਧ ਵਿੱਚ ਥਾਣਾ ਏਰੀਏ ਵਿੱਚ ਮੌਜੂਦ ਸੀ ਤੇ ਪੁਲਸ ਪਾਰਟੀ ਸਰਹੱਦੀ ਖੇਤਰ ਵਿੱਚ ਪੁੱਜੀ ਤਾਂ ਇਕ ਟੈਲੀਫੋਨ ਆਇਆ ਕਿ ਆਲਮਕੇ ਤੋਂ ਸੰਤੋਖ ਸਿੰਘ ਵਾਲਾ ਨੂੰ ਜਾਂਦੀ ਸੜਕ ਦੇ ਨਜ਼ਦੀਕ ਇਕ ਡਰੋਨ ਡਿੱਗਾ ਪਿਆ ਹੈ, ਜਿਸ ਨੂੰ ਅੱਗ ਲੱਗ ਗਈ ਹੈ, ਜਲਦੀ ਤੋਂ ਜਲਦੀ ਆ ਕੇ ਕਾਰਵਾਈ ਕਰੋ, ਜਿਸ 'ਤੇ ਪੁਲਸ ਪਾਰਟੀ ਮੌਕੇ 'ਤੇ ਪੁੱਜੀ ਅਤੇ ਅੱਗ ਬੁਝਾ ਕੇ ਚੈਕਿੰਗ ਕਰਨ 'ਤੇ 5 ਕਿੱਲੋ 834 ਗ੍ਰਾਮ ਹੈਰੋਇਨ ਸਮੇਤ ਇੱਕ ਡਰੋਨ ਬਰਾਮਦ ਕੀਤਾ। ਥਾਣਾ ਸਦਰ ਜਲਾਲਾਬਾਦ ਵਿਖੇ ਪੁਲਸ ਵੱਲੋਂ ਅਣਪਛਾਤੇ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਔਰਤ ਕਮਿਸ਼ਨ ਮੁੱਖ ਮੰਤਰੀ ਖਿਲਾਫ਼ ਕਾਰਵਾਈ ਕਰੇ : ਤਲਵੰਡੀ, ਲਲਤੋਂ

**ਲੁਧਿਆਣਾ (ਸਤੀਸ਼ ਸਚਦੇਵਾ)**-ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ (ਰਜਿ:) ਜ਼ਿਲ੍ਹਾ ਲੁਧਿਆਣਾ ਦੇ ਜ਼ਿਲ੍ਹਾ ਪ੍ਰਧਾਨ ਗੁਰਦਿਆਲ ਸਿੰਘ ਤਲਵੰਡੀ ਤੇ ਜ਼ਿਲ੍ਹਾ ਸਕੱਤਰ ਜਸਦੇਵ ਸਿੰਘ ਲਲਤੋਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 8 ਮਾਰਚ ਨੂੰ ਕੌਮਾਂਤਰੀ ਮਹਿਲਾ ਦਿਵਸ ਮੌਕੇ ਸ਼ਾਮਲ ਬੀਬੀਆਂ ਦੀ ਹਾਜ਼ਰੀ ਵਿੱਚ ਆਸ਼ਕੀ ਕਹਾਣੀਆਂ ਸੁਣਾਉਂਦੇ ਸਮੇਂ ਪੰਜਾਬੀ ਸੱਭਿਆਚਾਰ ਦਾ ਅਹਿਮ ਤੱਤ ਮਾਵਾਂ, ਧੀਆਂ, ਭੈਣਾਂ ਪ੍ਰਤੀ ਸੰਗ ਸ਼ਰਮ ਵਾਲੀਆਂ ਕਦਰਾਂ-ਕੀਮਤਾਂ ਦੀਆਂ ਨੰਗੀਆਂ ਚਿੱਟੀਆਂ ਤੇ ਸ਼ਰੇਆਮ ਧੱਜੀਆਂ ਉਡਾਉਣ ਦਾ ਗੰਭੀਰ ਨੋਟਿਸ ਲੈਂਦੇ ਹੋਏ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।ਆਗੂਆਂ ਨੇ ਕੌਮੀ ਮਹਿਲਾ ਕਮਿਸ਼ਨ ਭਾਰਤ ਪਾਸੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਉਹ ਔਰਤ ਵਰਗ ਦੀ ਆਨ-ਸ਼ਾਨ ਤੇ ਮਾਣ ਮਰਿਆਦਾ ਨੂੰ ਭੰਗ ਕਰਨ ਵਾਲੇ ਮੁੱਖ ਮੰਤਰੀ ਵਿਰੁੱਧ ਫੌਰੀ ਤੌਰ 'ਤੇ ਬਣਦੀ ਸਖ਼ਤ ਕਾਨੂੰਨੀ ਕਾਰਵਾਈ ਯਕੀਨੀ ਬਣਾਵੇ। ਆਗੂਆਂ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਪਾਸੋਂ ਵੀ ਗੁਰੂ ਦਾ ਅਨਿਨ ਸਿੱਖ ਹੋਣ ਦਾ ਦਾਅਵਾ ਕਰਨ ਵਾਲੇ ਭਗਵੰਤ ਮਾਨ ਵਿਰੁੱਧ ਬਣਦੀ ਮਿਸਾਲੀ ਸਖ਼ਤ ਧਾਰਮਿਕ ਸਜ਼ਾ ਯਕੀਨੀ ਬਣਾਉਣ ਦੀ ਵੀ ਮੰਗ ਕੀਤੀ ਹੈ।

## ਸੀ ਪੀ ਆਈ ਐੱਮ ਦਾ ਸੂਬਾ ਪੱਧਰੀ ਜਥਾ ਮਾਰਚ 16 ਨੂੰ ਹਮੀਦੀ ਪੁੱਜੇਗਾ : ਕਾਮਰੇਡ ਚੋਪੜਾ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਵੱਲੋਂ ਕੇਂਦਰ ਸਰਕਾਰ ਦੀਆਂ ਕਿਸਾਨ, ਮਜ਼ਦੂਰ ਤੇ ਮੁਲਾਜ਼ਮ ਵਿਰੋਧੀ ਨੀਤੀਆਂ ਦੇ ਖਿਲਾਫ ਸੂਬਾ ਪੱਧਰ 'ਤੇ ਜਥਾ ਮਾਰਚ ਦੀ ਸ਼ੁਰੂਆਤ ਗਈ ਹੈ।ਇਹ ਜਥਾ ਮਾਰਚ ਪਾਰਟੀ ਦੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਦੀ ਅਗਵਾਈ ਹੇਠ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਸੁਰ ਸਿੰਘ ਤੋਂ ਰਵਾਨਾ ਹੋ ਕੇ ਪੰਜਾਬ ਦੇ ਵੱਖ-ਵੱਖ ਪਿੰਡਾਂ ਚੋਂ ਹੁੰਦਾ ਹੋਇਆ 16 ਮਾਰਚ ਨੂੰ ਸਵੇਰੇ 11 ਵਜੇ ਪਿੰਡ ਹਮੀਦੀ (ਬਰਨਾਲਾ) ਵਿਖੇ ਪਹੁੰਚੇਗਾ।ਸਾਬਕਾ ਵਿਧਾਇਕ ਕਾਮਰੇਡ ਚੰਦ ਸਿੰਘ ਚੋਪੜਾ ਨੇ ਦੱਸਿਆ ਕਿ ਹਮੀਦੀ ਵਿਖੇ ਜਥੇ ਦਾ ਪਾਰਟੀ ਆਗੂਆਂ ਵੱਲੋਂ ਭਰਵਾਂ ਸਵਾਗਤ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਇਸ ਜਥਾ ਮਾਰਚ ਦਾ ਮੁੱਖ ਮਕਸਦ ਲੋਕਾਂ ਨੂੰ ਕੇਂਦਰ ਦੀ ਮੋਦੀ ਸਰਕਾਰ ਦੀਆਂ ਕਿਸਾਨ, ਮਜ਼ਦੂਰ ਤੇ ਮੁਲਾਜ਼ਮ ਮਾਰੂ ਨੀਤੀਆਂ ਤੋਂ ਜਾਣੂ ਕਰਵਾ ਕੇ ਵੱਡੇ ਪੱਧਰ 'ਤੇ ਇਕਜੁਟ ਕਰਨਾ ਹੈ।ਕਾਮਰੇਡ ਚੋਪੜਾ ਨੇ ਦੱਸਿਆ ਕਿ ਇਹ ਜਥਾ ਮਾਰਚ ਪੂਰੇ ਪੰਜਾਬ ਵਿੱਚੋਂ ਲੰਘਦਿਆਂ ਕਿਸਾਨਾਂ, ਮਜ਼ਦੂਰਾਂ ਤੇ ਮੁਲਾਜ਼ਮ ਵਰਗ ਨੂੰ ਆਪਣੀਆਂ ਹੱਕੀ ਮੰਗਾਂ ਲਈ ਲਾਮਬੰਦ ਕਰੇਗਾ।ਜਥਾ ਮਾਰਚ 20 ਮਾਰਚ ਨੂੰ ਫਤਿਹਗੜ੍ਹ ਸਾਹਿਬ ਵਿਖੇ ਪਹੁੰਚੇਗਾ।ਇਸ ਤੋਂ ਬਾਅਦ ਵੱਖ-ਵੱਖ ਥਾਂਵਾਂ 'ਤੇ ਹੁੰਦਾ ਹੋਇਆ 24 ਮਾਰਚ ਨੂੰ ਦਿੱਲੀ ਵਿਖੇ ਹੋਣ ਵਾਲੇ ਐਕਸ਼ਨ 'ਚ ਸ਼ਾਮਲ ਹੋਵੇਗਾ, ਜਿੱਥੇ ਕਿਸਾਨਾਂ, ਮਜ਼ਦੂਰਾਂ ਅਤੇ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਕੇਂਦਰ ਸਰਕਾਰ ਖਿਲਾਫ ਵੱਡਾ ਇਕੱਠ ਕੀਤਾ ਜਾਵੇਗਾ।

## ਗੈਂਗਸਟਰਾਂ 'ਤੇ ਵਾਰ ਮੁਹਿੰਮ ਹੇਠ ਲੋਕਾਂ ਦੀ ਸੁਰੱਖਿਆ ਲਈ ਰਾਤ ਸਮੇਂ ਸਪੈਸ਼ਲ ਚੈਕਿੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਪੰਜਾਬ ਸਰਕਾਰ ਤੇ ਡੀਜੀਪੀ ਪੰਜਾਬ ਵੱਲੋਂ ਚਲਾਈ ਜਾ ਰਹੀ ਮਹਿਮ ਗੈਂਗਸਟਰਾਂ ਤੇ ਵਾਰ ਤਹਿਤ ਜ਼ਿਲ੍ਹੇ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸ੍ਰੀ ਅਭਿਮੰਨਿਊ ਰਾਣਾ, ਆਈ.ਪੀ.ਐੱਸ, ਐਸ.ਐਸ.ਪੀ ਦੀ ਨਿਗਰਾਨੀ ਹੇਠ ਪੂਰੀ ਰਾਤ ਤੱਕ ਨਾਈਟ ਡੋਮੀਨੇਸ਼ਨ ਤਹਿਤ ਇੱਕ ਵਿਸਥਾਰਪੂਰਕ ਚੈਕਿੰਗ ਮੁਹਿੰਮ ਚਲਾਈ ਗਈ।ਚੈਕਿੰਗ ਦੌਰਾਨ ਜ਼ਿਲ੍ਹਾ ਅੰਦਰ ਵੱਖ-ਵੱਖ ਥਾਵਾਂ ਤੇ ਨਾਕਿਆਂ ਤੋਂ ਇਲਾਵਾ, ਰੇਲਵੇ ਸਟੇਸ਼ਨ, ਬੱਸ ਅੱਡਾ, ਮੁੱਖ ਰੂਟਾਂ, ਗਲੀ-ਮੋਹੱਲੇ, ਲਾਵਾਰਿਸ ਵਾਹਨ, ਸੁਰੱਖਿਆ ਗਾਰਡ, ਨਾਈਟ ਸ਼ਿਫਟ ਕੰਮ ਕਰ ਰਹੇ ਕਰਮਚਾਰੀ ਅਤੇ ਨੋ-ਮੂਵਮੈਂਟ ਇਲਾਕਿਆਂ ਵਿੱਚ ਵੀ ਸਮੇਤ ਪੀ.ਸੀ.ਆਰ ਮੋਟਰਸਾਈਕਲਾਂ ਵੱਲੋਂ ਗਸ਼ਤ ਅਤੇ ਫਲੈਗ ਮਾਰਚ ਕਰਕੇ ਜਾਂਚ ਕੀਤੀ ਗਈ।ਰੇਲਵੇ ਸਟੇਸ਼ਨ 'ਤੇ ਚੈਕਿੰਗ-ਪੈਸੈਂਜਰ ਬੈਗਾਂ ਦੀ ਸਕੈਨਿੰਗ, ਰਿਕਾਰਡ ਜਾਂਚ ਕੀਤੀ ਗਈ, ਸ਼ੱਕੀ ਵਿਅਕਤੀਆਂ ਨੂੰ ਚੈੱਕ ਕੀਤਾ ਗਿਆ ਤੇ ਸਵਾਰੀਆਂ ਦੇ ਬੈਗਾਂ ਦੀ ਜਾਂਚ ਕੀਤੀ।ਜੀ.ਆਰ.ਪੀ ਪੁਲਿਸ ਟੀਮ ਦੇ ਨਾਲ ਮਿਲ ਕੇ ਆਉਣ-ਜਾਣ ਵਾਲੇ ਸ਼ੱਕੀ ਵਿਅਕਤੀਆਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੀ ਪਛਾਣ ਪੁਸ਼ਟੀ ਕੀਤੀ ਗਈ।ਕਈ ਵਿਅਕਤੀਆਂ ਦੇ ਰਿਕਾਰਡ ਐਪ ਰਾਹੀਂ ਤੁਰੰਤ ਵੇਰੀਫਾਈ ਕੀਤੇ ਗਏ, ਤਾਂ ਜੋ ਉਹਨਾਂ ਦੇ ਕਿਸੇ ਕ੍ਰਿਮੀਨਲ ਰਿਕਾਰਡ ਨੂੰ ਜਾਂਚਿਆ ਜਾ ਸਕੇ। ਸ੍ਰੀ ਮੁਕਤਸਰ ਸਾਹਿਬ ਪੁਲਿਸ ਵੱਲੋਂ ਰਾਤ ਸਮੇਂ ਸੁਰੱਖਿਆ ਯਕੀਨੀ ਬਣਾਉਣ ਲਈ ਬੱਸ ਸਟੈਂਡ ਦੀ ਚੈਕਿੰਗ ਕੀਤੀ ਗਈ। ਚੈਕਿੰਗ ਦੌਰਾਨ ਬੱਸ ਅੱਡੇ ਦੇ ਨਜ਼ਦੀਕ ਲੰਬੇ ਸਮੇਂ ਤੋਂ ਲਿਵਾਰਸ ਅਵਸਥਾ ਵਿੱਚ ਖੜ੍ਹੇ ਸ਼ੱਕੀ ਵਾਹਨਾਂ ਦੀ ਜਾਂਚ ਕੀਤੀ ਗਈ।ਇਸ ਦੌਰਾਨ 'ਵਾਹਨ ਐਪ' ਦੀ ਮਦਦ ਨਾਲ ਵਾਹਨਾਂ ਨੂੰ ਵੈਰੀਫਾਈ ਕੀਤਾ ਤੇ ਉਨ੍ਹਾਂ ਦੇ ਪੁਲਸ ਰਿਕਾਰਡ ਨੂੰ ਵੀ ਵੈਰੀਫਾਈ ਕੀਤਾ ਗਿਆ, ਤਾਂ ਜੋ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਉਨ੍ਹਾਂ 'ਚੋਂ ਕੋਈ ਵਾਹਨ ਕਿਸੇ ਨਜਾਇਜ਼ ਗਤੀਵਿਧੀ ਜਾਂ ਪੈਂਡਿੰਗ ਕੇਸ ਵਿੱਚ ਲੋੜੀਂਦਾ ਤਾਂ ਨਹੀਂ ਹੈ।ਨਾਲ ਹੀ ਬੱਸਾਂ ਵਿੱਚ ਸਵਾਰ ਹੋਣ ਵਾਲੇ ਯਾਤਰੀਆਂ ਨੂੰ ਚੈੱਕ ਕੀਤਾ ਗਿਆ।ਸ੍ਰੀ ਨਵੀਨਪਾਲ ਸਿੰਘ ਡੀਐਸਪੀ (ਮਲੋਟ) ਵੱਲੋਂ ਵੱਖ-ਵੱਖ ਪੁਲਸ ਟੀਮਾਂ ਨਾਲ ਸ਼ਹਿਰ ਦੇ ਵੱਖ-ਵੱਖ ਥਾਵਾਂ ਤੇ ਨਾਕੇ ਲਾਏ।ਮੁੱਖ ਰੂਟਾਂ ਕਾਲੋਨੀਆਂ, ਬਜ਼ਾਰਾਂ, ਜਿੱਥੇ ਆਵਾਜਾਈ ਵਧੇਰੇ ਆਉਣ-ਜਾਣ ਰਹਿੰਦੀ ਹੈ, ਉਥੇ ਨਾਕੇ ਲਾ ਕੇ ਹਰ ਵਾਹਨ ਤੇ ਵਿਅਕਤੀ ਦੀ ਜਾਂਚ ਕੀਤੀ ਗਈ।

## ਸਫਾ 1 ਦੇ ਬਾਕੀ...

### ਮੋਦੀ ਸਰਕਾਰ ਐੱਲ...

ਹੈ ਤਾਂ ਸਾਡੇ ਵਿਦੇਸ਼ ਮੰਤਰੀ ਨੇ ਈਰਾਨੀ ਵਿਦੇਸ਼ ਮੰਤਰੀ ਨੂੰ ਤਿੰਨ ਵਾਰ ਟੈਲੀਫੋਨ ਕਰਕੇ ਹੋਮਰੂਜ਼ ਸਟ੍ਰੇਟ ਰਾਹੀਂ ਭਾਰਤ ਨੂੰ ਤੇਲ ਲਿਜਾਣ ਵਾਲੇ ਜਹਾਜ਼ਾਂ ਦੀ ਆਗਿਆ ਮੰਗੀ ਹੈ। ਹੁਣ ਤੱਕ ਈਰਾਨ ਨੇ ਕੋਈ ਜਵਾਬ ਨਹੀਂ ਦਿੱਤਾ ਹੈ। ਇਹ ਸਾਡੀ ਨੀਤੀ ਦੀ ਪੂਰੀ ਤਰ੍ਹਾਂ ਅਸਫਲਤਾ ਹੈ। ਸਰਕਾਰ ਨੂੰ ਹੋਰ ਸਰੋਤਾਂ ਤੋਂ ਤੇਲ ਅਤੇ ਗੈਸ ਖਰੀਦਣ ਲਈ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ ਨਹੀਂ ਤਾਂ ਭਾਰਤ ਡੂੰਘੇ ਆਰਥਿਕ ਸੰਕਟ ਵਿੱਚ ਫਸ ਜਾਵੇਗਾ।

### ਸੀਚੇਵਾਲ ਨੇ ਪੇਂਡੂ ...

ਕਿ ਪੰਜਾਬ ਦੇ ਬਕਾਇਆ ਫੰਡ ਤੁਰੰਤ ਜਾਰੀ ਕੀਤੇ ਜਾਣ ਤਾਂ ਜੋ ਪਿੰਡਾਂ ਵਿੱਚ ਵਿਕਾਸ ਕਾਰਜ ਮੁੜ ਸ਼ੁਰੂ ਹੋ ਸਕਣ। ਉਨ੍ਹਾਂ ਸਪੱਸ਼ਟ ਕਿਹਾ ਕਿ ਇਹ ਫੰਡ ਰੋਕ ਕੇ ਪੰਜਾਬ ਦੇ ਲੋਕਾਂ ਨੂੰ ਸਜ਼ਾ ਦਿੱਤੀ ਜਾ ਰਹੀ ਹੈ ਅਤੇ ਇਸ ਦਾ ਸਭ ਤੋਂ ਵੱਧ ਨੁਕਸਾਨ ਪੇਂਡੂ ਖੇਤਰਾਂ ਵਿੱਚ ਰਹਿਣ ਵਾਲੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਹੋ ਰਿਹਾ ਹੈ। ਸੰਤ ਸੀਚੇਵਾਲ ਨੇ ਅੱਗੇ ਕਿਹਾ ਕਿ ਪੰਜਾਬ ਇੱਕ ਸਰਹੱਦੀ ਸੂਬਾ ਹੈ ਅਤੇ ਇੱਥੋਂ ਦੇ ਕਿਸਾਨ ਤੇ ਮਜ਼ਦੂਰ ਦੇਸ਼ ਦੀ ਆਰਥਿਕਤਾ ਵਿੱਚ ਵੱਡਾ ਯੋਗਦਾਨ ਪਾਉਂਦੇ ਹਨ। ਇਸ ਲਈ ਪੰਜਾਬ ਨਾਲ ਵਿਤਕਰਾ ਕਰਨ ਦੀ ਬਜਾਏ ਕੇਂਦਰ ਸਰਕਾਰ ਨੂੰ ਸੂਬੇ ਦੇ ਹੱਕੀ ਫੰਡ ਤੁਰੰਤ ਜਾਰੀ ਕਰਨੇ ਚਾਹੀਦੇ ਹਨ ਤਾਂ ਜੋ ਪਿੰਡਾਂ ਦੇ ਰੁਕੇ ਹੋਏ ਵਿਕਾਸ ਕਾਰਜ ਮੁੜ ਸ਼ੁਰੂ ਹੋ ਸਕਣ। ਸੀਚੇਵਾਲ ਨੇ ਇਹ ਵੀ ਕਿਹਾ ਕਿ ਪੰਜਾਬ ਵਿੱਚ ਆਲੂਆਂ ਦੀਆਂ ਕੀਮਤਾਂ ਵਿੱਚ ਭਾਰੀ ਗਿਰਾਵਟ ਆਈ ਹੈ, ਜਿਸ ਨਾਲ ਕਿਸਾਨ ਗੰਭੀਰ ਮੁਸੀਬਤ ਵਿੱਚ ਹਨ।

### 23 ਦੇ ਸਾਮਰਾਜ ਵਿਰੋਧੀ...

ਭਗਵੰਤ ਸਿੰਘ ਮਾਨ ਵੱਲੋਂ ਚੋਣ ਵਾਅਦੇ ਪੂਰੇ ਕਰਨ ਦੇ ਦਾਅਵਿਆਂ 'ਤੇ ਸਵਾਲ ਕਰਦਿਆਂ ਕਿਹਾ ਗਿਆ ਕਿ ਪੁਰਾਣੀ ਪੈਨਸ਼ਨ ਬਹਾਲ ਕਰਨ ਅਤੇ ਵਿਧਵਾਵਾਂ ਅਤੇ ਅੰਗਹੀਣ ਵਿਅਕਤੀ ਲਈ 2500 ਰੁਪਏ ਪੈਨਸ਼ਨ ਦੇਣ ਦੇ ਵਾਅਦੇ ਦਾ ਕੀ ਬਣਿਆ। ਪੰਜਾਬ ਵਿੱਚ ਸਿੰਜਾਈ ਲਈ 70% ਨਹਿਰੀ ਪਾਣੀ ਦੇਣ ਦੇ ਬਜਟ ਦਾਅਵੇ ਉੱਤੇ ਵੀ ਸਵਾਲ ਚੁੱਕੇ ਗਏ।8 ਮਾਰਚ ਨੂੰ ਔਰਤ ਦਿਵਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਕੀਤੀ ਗਈ ਬਿਆਨਬਾਜ਼ੀ ਨੂੰ ਔਰਤ ਵਿਰੋਧੀ ਹਲਕੇ ਪੱਧਰ ਦੀ ਬਿਆਨਬਾਜ਼ੀ ਦੱਸਦਿਆਂ ਨਿੰਦਾ ਮਤਾ ਪਾਸ ਕੀਤਾ ਗਿਆ। ਮੰਗ ਕੀਤੀ ਗਈ ਕਿ ਮੁੱਖ ਮੰਤਰੀ ਮਾਫੀ ਮੰਗ ਕੇ ਆਪਣਾ ਬਿਆਨ ਵਾਪਸ ਲੈਣ।ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਆਰ ਐਸ ਐਸ ਦੇ ਵਧਦੇ ਦਖਲ 'ਤੇ ਚਿੰਤਾ ਜ਼ਾਹਰ ਕਰਦਿਆਂ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਨਾਲ ਕੀਤੀ ਗਈ ਪੁਲਸ ਵਧੀਕੀ ਦੀ ਨਿੰਦਾ ਵੀ ਕੀਤੀ ਗਈ।ਚੰਡੀਗੜ੍ਹ ਵਿਖੇ ਪੰਜਾਬ ਦੇ ਅਧਿਆਪਕਾਂ ਤੇ ਮੁਲਾਜ਼ਮਾਂ ਉੱਪਰ ਲਾਠੀਚਾਰਜ ਅਤੇ ਅੱਥਰੂ ਗੈਸ ਦੀ ਕੀਤੀ ਵਰਤੋਂ ਦੀ ਨਿੰਦਾ ਕਰਦਿਆਂ ਸੂਬੇ ਨੂੰ ਪੁਲਸ ਰਾਜ ਬਣਾਉਣ ਦੀ ਕਵਾਇਦ ਪ੍ਰਤੀ ਗਹਿਰੀ ਚਿੰਤਾ ਪ੍ਰਗਟ ਕਰਦਿਆਂ ਜਨਤਕ ਜਥੇਬੰਦੀਆਂ ਦੇ ਗ੍ਰਿਫਤਾਰ ਕੀਤੇ ਸੰਘਰਸ਼ੀਲ ਆਗੂਆਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ ਗਈ। ਆਦੀਆਂ ਦੇ ਨੌਜਵਾਨ ਰਣਜੀਤ ਸਿੰਘ ਦੇ ਫਰਜ਼ੀ ਮੁਕਾਬਲੇ ਦੀ ਹਾਈਕੋਰਟ ਦੇ ਸਿਟਿੰਗ ਜੱਜ ਤੋਂ ਜਾਂਚ ਕਰਵਾ ਕੇ ਦੋਸ਼ੀ ਪੁਲਸ ਅਧਿਕਾਰੀਆਂ 'ਤੇ ਕਤਲ ਦਾ ਮੁਕੱਦਮਾ ਦਰਜ ਕਰਨ ਦੀ ਮੰਗ ਕਰਦਿਆਂ ਭਗਵੰਤ ਮਾਨ ਸਰਕਾਰ ਦੇ ਰਾਜ ਕਾਲ ਦੌਰਾਨ ਹੋਏ ਪੁਲਸ ਮੁਕਾਬਲਿਆਂ ਦੀ ਨਿਆਇਕ ਜਾਂਚ ਕਰਵਾਉਣ ਦੀ ਮੰਗ ਵੀ ਕੀਤੀ ਗਈ।ਇੱਕ ਅਪ੍ਰੈਲ ਨੂੰ ਟ੍ਰੇਡ ਯੂਨੀਅਨਾਂ ਵੱਲੋਂ ਚਾਰ ਲੇਬਰ ਕੋਡ ਲਾਗੂ ਕਰਨ ਵਿਰੁੱਧ ਕਾਲਾ ਦਿਨ ਮਨਾਉਣ ਦੇ ਸੱਦੇ ਦੀ ਹਮਾਇਤ ਕੀਤੀ ਗਈ।ਮੀਟਿੰਗ ਵਿੱਚ ਪ੍ਰਧਾਨਗੀ ਮੰਡਲ ਤੋਂ ਇਲਾਵਾ ਰੁਲਦੂ ਸਿੰਘ ਮਾਨਸਾ, ਬੂਟਾ ਸਿੰਘ ਬੁਰਜਗਿੱਲ, ਡਾ. ਦਰਸ਼ਨਪਾਲ, ਦਰਸ਼ਨ ਨਾਹਰ, ਸੁਰਿੰਦਰਪਾਲ ਲਾਹੌਰੀਆ, ਪ੍ਰਦੀਪ ਕੁਮਾਰ, ਜੋਗਿੰਦਰ ਸਿੰਘ ਔਲਖ, ਬਲਵਿੰਦਰ ਸਿੰਘ, ਲਛਮਣ ਸਿੰਘ, ਲਖਨਪਾਲ ਸ਼ਰਮਾ, ਮਨਜੀਤ ਧਨੇਰ, ਬਲਦੇਵ ਸਿੰਘ ਨਿਹਾਲਗੜ੍ਹ, ਡਾ. ਸਤਨਾਮ ਅਜਨਾਲਾ, ਕੈਪਟਨ ਮੇਜਰ ਸਿੰਘ, ਬਲਿਹਾਰ ਸਿੰਘ, ਹਾਕਮ ਸਿੰਘ ਧਨੇਠਾ, ਜਸਵਿੰਦਰ ਸਿੰਘ, ਸੁਰੇਸ਼ ਕੁਮਾਰੀ, ਪ੍ਰੇਮ ਸਿੰਘ ਭੰਗੂ, ਵੀਰ ਸਿੰਘ ਬੜਵਾ, ਪਵਿੱਤਰ ਸਿੰਘ ਲਾਲੀ, ਰਾਉ ਗਜਿੰਦਰ ਸਿੰਘ, ਰੁਪਿੰਦਰ ਸਿੰਘ, ਰਣਧੀਰ ਸਿੰਘ, ਸੰਦੀਪ ਖੱਤਰੀ, ਝੰਡਾ ਸਿੰਘ ਜੇਠੂਕੇ, ਇੰਦਰਪਾਲ ਸਿੰਘ ਅਤੇ ਹਰਜਿੰਦਰ ਸਿੰਘ ਸ਼ਾਮਲ ਸਨ।

### ਚੀਮਾ ਵੱਲੋਂ ਭਾਜਪਾ...

ਉਨ੍ਹਾਂ ਕਿਹਾ ਕਿ ਜੇਕਰ ਅਮਰੀਕੀ ਕਿਸਾਨ ਭਾਰਤ ਦੇ ਬਾਜ਼ਾਰ ਤੱਕ ਪਹੁੰਚ ਪ੍ਰਾਪਤ ਕਰਕੇ ਖੁਸ਼ਹਾਲ ਹੁੰਦੇ ਹਨ, ਤਾਂ ਕੀ ਇਸਦਾ ਮਤਲਬ ਇਹ ਹੈ ਕਿ ਪੰਜਾਬ ਦੇ ਕਿਸਾਨਾਂ ਨੂੰ ਨੁਕਸਾਨ ਹੋਵੇਗਾ? ਇਸ ਦੇਸ਼ ਦੇ ਲੋਕ ਜਵਾਬ ਦੇ ਹੱਕਦਾਰ ਹਨ।ਉਨ੍ਹਾਂ ਸੁਨੀਲ ਜਾਖੜ, ਰਵਨੀਤ ਸਿੰਘ ਬਿੱਟੂ ਅਤੇ ਅਸ਼ਵਨੀ ਸ਼ਰਮਾ ਸਮੇਤ ਪੰਜਾਬ ਭਾਜਪਾ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਹਿੰਮਤ ਦਿਖਾਉਣ ਅਤੇ ਰੈਲੀ ਦੌਰਾਨ ਪੰਜਾਬ ਦੀਆਂ ਚਿੰਤਾਵਾਂ ਸਿੱਧੇ ਅਮਿਤ ਸ਼ਾਹ ਕੋਲ ਉਠਾਉਣ। ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਜੇਕਰ ਉਹ ਸੱਚਮੁੱਚ ਪੰਜਾਬ ਦੀ ਪਰਵਾਹ ਕਰਦੇ ਹਨ, ਤਾਂ ਉਨ੍ਹਾਂ ਨੂੰ ਅਮਿਤ ਸ਼ਾਹ ਤੋਂ ਸਾਰੇ ਪੈਂਡਿੰਗ ਫੰਡ, ਆਰਡੀਐਫ ਬਕਾਏ, ਨੈਸ਼ਨਲ ਹੈਲਥ ਮਿਸ਼ਨ ਫੰਡ, ਪ੍ਰਧਾਨ ਮੰਤਰੀ ਆਵਾਸ ਯੋਜਨਾ ਅਤੇ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਦੇ ਪੈਸੇ ਦੇ ਨਾਲ-ਨਾਲ ਜੀਐਸਟੀ ਲਾਗੂ ਹੋਣ ਤੋਂ ਬਾਅਦ ਪੰਜਾਬ ਨੂੰ ਹੋਏ ਵਿੱਤੀ ਨੁਕਸਾਨ ਦੇ ਮੁਆਵਜ਼ੇ ਦੀ ਮੰਗ ਕਰਨੀ ਚਾਹੀਦੀ ਹੈ।ਉਨ੍ਹਾਂ ਇਹ ਵੀ ਮੰਗ ਕੀਤੀ ਕਿ ਕੇਂਦਰ ਪੰਜਾਬ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਐਲਾਨਿਆ 1,600 ਕਰੋੜ ਰੁਪਏ ਦਾ ਹੜ੍ਹ ਰਾਹਤ ਪੈਕੇਜ ਜਾਰੀ ਕਰੇ ਅਤੇ ਭਿਆਨਕ ਹੜ੍ਹਾਂ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਆਂਕੇ ਗਏ 20,000 ਕਰੋੜ ਰੁਪਏ ਦੇ ਨੁਕਸਾਨ ਦੇ ਮੁਆਵਜ਼ੇ ਦੀ ਸਮਾਂ ਸੀਮਾ ਸਪੱਸ਼ਟ ਕਰੇ।

ਚੀਮਾ ਨੇ ਅੱਗੇ ਸਵਾਲ ਕੀਤਾ ਕਿ ਕੇਂਦਰ ਨੇ ਪਾਕਿਸਤਾਨ ਨਾਲ ਪੰਜਾਬ ਦੀ 550 ਕਿਲੋਮੀਟਰ ਲੰਬੀ ਅੰਤਰਰਾਸ਼ਟਰੀ ਸਰਹੱਦ ਨੂੰ ਮਜ਼ਬੂਤ ਕਰਨ ਲਈ ਲੋੜੀਂਦੀ ਵਿੱਤੀ ਸਹਾਇਤਾ ਕਿਉਂ ਨਹੀਂ ਦਿੱਤੀ, ਜੋ ਕਿ ਨਸ਼ਿਆਂ ਦੀ ਸਰਹੱਦ ਪਾਰ ਸਮਗਲਿੰਗ ਅਤੇ ਹੋਰ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਰੋਕਣ ਲਈ ਬਹੁਤ ਮਹੱਤਵਪੂਰਨ ਹੈ।ਮੰਤਰੀ ਨੇ ਪੇਂਡੂ ਰੁਜ਼ਗਾਰ ਸਕੀਮਾਂ ਵਿੱਚ ਕੀਤੀਆਂ ਤਬਦੀਲੀਆਂ ਦੀ ਵੀ ਆਲੋਚਨਾ ਕੀਤੀ ਜਿਸ ਨਾਲ ਗਰੀਬ ਅਤੇ ਦਲਿਤ ਪਰਿਵਾਰ ਪ੍ਰਭਾਵਿਤ ਹੋਏ ਹਨ। ਉਨ੍ਹਾਂ ਕਿਹਾ ਕਿ ਮਨਰੇਗਾ ਤਹਿਤ ਲਗਭਗ 70 ਫੀਸਦੀ ਕਾਮੇ ਅਨੁਸੂਚਿਤ ਜਾਤੀ ਦੇ ਪਰਿਵਾਰਾਂ ਨਾਲ ਸਬੰਧਤ ਹਨ ਅਤੇ ਮੰਗ ਕੀਤੀ ਕਿ ਇਸ ਸਕੀਮ ਦਾ ਅਸਲ ਢਾਂਚਾ ਬਹਾਲ ਕੀਤਾ ਜਾਵੇ ਤਾਂ ਜੋ ਕਮਜ਼ੋਰ ਪਰਿਵਾਰ ਆਪਣੀ ਰੋਜ਼ੀ-ਰੋਟੀ ਨਾ ਗੁਆਉਣ। ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਦੇ ਲੋਕ ਬੜੀ ਬਾਰੀਕੀ ਨਾਲ ਦੇਖ ਰਹੇ ਹਨ। ਕੱਲ੍ਹ ਦੀ ਰੈਲੀ ਨਾਅਰਿਆਂ ਜਾਂ ਸਿਆਸੀ ਨਾਟਕਬਾਜ਼ੀ ਬਾਰੇ ਨਹੀਂ ਹੋਣੀ ਚਾਹੀਦੀ। ਭਾਜਪਾ ਲੀਡਰਸ਼ਿਪ ਨੂੰ ਪੰਜਾਬ ਦੇ ਜਾਇਜ਼ ਸਵਾਲਾਂ ਦੇ ਜਵਾਬ ਦੇਣੇ ਚਾਹੀਦੇ ਹਨ ਅਤੇ ਸੂਬੇ ਦੇ ਹੱਕੀ ਫੰਡਾਂ ਦੀ ਤੁਰੰਤ ਰਿਹਾਈ ਯਕੀਨੀ ਬਣਾਉਣੀ ਚਾਹੀਦੀ ਹੈ।

### ਜੀਰਾ ਸੋਡਾ ਦੀ ...

ਬੋਤਲ ਖੋਲ੍ਹਣ ਵਾਲਾ ਹੀ ਸੀ, ਤਾਂ ਸੋਡੇ ਦੀ ਸੀਲਬੰਦ ਬੋਤਲ ਦੇ ਅੰਦਰ ਮਰੀ ਹੋਈ ਮੱਖੀ ਦੇਖ ਕੇ ਉਹ ਹੈਰਾਨ ਰਹਿ ਗਿਆ। ਕਮਿਸ਼ਨ ਨੇ ਹੁਕਮ ਵਿੱਚ ਕਿਹਾ ਹੈ ਕਿ ਨੋਟਿਸਾਂ ਦੇ ਬਾਵਜੂਦ 'ਐਸ ਕੇ ਫੂਡ ਐਂਡ ਬੇਵਰੇਜਿਜ਼', ਤਰਾਵੜੀ, ਪੰਜਾਬ ਕਮਿਸ਼ਨ ਦੇ ਸਾਹਮਣੇ ਪੇਸ਼ ਨਹੀਂ ਹੋਏ, ਇਸ ਲਈ ਉਨ੍ਹਾਂ ਦੇ ਵਿਰੁੱਧ ਇੱਕਤਰਫਾ ਕਾਰਵਾਈ ਕੀਤੀ ਗਈ।

## ਪੰਜਾਬ ਬਚਾਓ ਰੈਲੀ ਸ.ਫਲ ਬਣਾਉਣ ਲਈ ਗੱਡੀਆਂ 'ਤੇ ਸਟਿੱਕਰ ਲਾਉਣ ਦੀ ਮੁਹਿੰਮ ਸ਼ੁਰੂ



**ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ਼੍ਰੋਮਣੀ ਅਕਾਲੀ ਦਲ ਵੱਲੋਂ 6 ਅਪ੍ਰੈਲ ਨੂੰ ਪੰਜਾਬ ਬਚਾਓ ਰੈਲੀ ਨੂੰ ਸਫ਼ਲ ਬਣਾਉਣ ਲਈ ਜ਼ਿਲ੍ਹਾ ਪੱਧਰ 'ਤੇ ਤਿਆਰੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ।ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਦੀ ਅਗਵਾਈ ਹੇਠ ਸ਼੍ਰੀ ਗੁਰਦੁਆਰਾ ਸਾਹਿਬ ਦੇ ਭਾਈ ਮਹਾਂ ਸਿੰਘ ਦੀਵਾਨ ਹਾਲ ਤੋਂ ਇੱਕ ਵਿਸ਼ੇਸ਼ ਸਟਿੱਕਰ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ 250 ਦੇ ਕਰੀਬ ਸ਼੍ਰੋਮਣੀ ਅਕਾਲੀ ਦਲ ਦੇ ਅਹੁਦੇਦਾਰਾਂ ਤੇ ਵਰਕਰਾਂ ਦੀਆਂ ਗੱਡੀਆਂ ਮੌਜੂਦ ਸਨ।ਇਸ ਮੁਹਿੰਮ ਦਾ ਮਕਸਦ ਲੋਕਾਂ ਨੂੰ ਪੰਜਾਬ ਬਚਾਓ ਰੈਲੀ ਬਾਰੇ ਜਾਗਰੂਕ ਕਰਨਾ ਤੇ ਵੱਧ ਤੋਂ ਵੱਧ ਲੋਕਾਂ ਨੂੰ ਰੈਲੀ 'ਚ ਸ਼ਾਮਲ ਹੋਣ ਲਈ ਪ੍ਰੇਰਤ ਕਰਨਾ ਹੈ।ਜ਼ਿਲ੍ਹਾ ਪ੍ਰਧਾਨ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ, ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਜਗਜੀਤ ਸਿੰਘ ਹਨੀ ਫੱਤਣਵਾਲਾ ਨੇ ਪਾਰਟੀ ਦੇ ਅਹੁਦੇਦਾਰਾਂ ਅਤੇ ਵਰਕਰਾਂ ਦੀਆਂ ਗੱਡੀਆਂ 'ਤੇ ਖੁਦ ਸ਼ੀਸ਼ੇ ਸਾਫ ਕਰ ਸਟਿੱਕਰ ਲਗਾ ਕੇ ਮੁਹਿੰਮ ਦੀ ਸ਼ੁਰੂਆਤ ਕੀਤੀ।ਉਨ੍ਹਾਂ ਕਿਹਾ ਕਿ ਪੰਜਾਬ ਦੇ ਮਸਲਿਆਂ ਨੂੰ ਉਭਾਰਨ ਤੇ ਲੋਕਾਂ ਦੀ ਆਵਾਜ਼ ਬੁਲੰਦ ਕਰਨ ਲਈ ਇਹ ਰੈਲੀ ਬਹੁਤ ਮਹੱਤਵਪੂਰਨ ਹੈ।ਉਨ੍ਹਾਂ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਘਰ-ਘਰ ਤੱਕ ਪਹੁੰਚ ਕਰਕੇ ਲੋਕਾਂ ਨੂੰ 6 ਅਪ੍ਰੈਲ ਨੂੰ ਸ਼੍ਰੀ ਮੁਕਤਸਰ ਸਾਹਿਬ ਦੇ ਮਲੋਟ ਰੋਡ ਸਥਿਤ ਕਾਨਫਰੰਸ ਹਾਲ ਵਿਖੇ ਹੋਣ ਵਾਲੀ ਰੈਲੀ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕਰਨ।ਪਾਰਟੀ ਦੇ ਕਈ ਸੀਨੀਅਰ ਆਗੂ, ਅਹੁਦੇਦਾਰ ਤੇ ਵਰਕਰ ਵੀ ਮੌਜੂਦ ਰਹੇ।ਸਭ ਨੇ ਇਕੱਠੇ ਹੋ ਕੇ ਇਹ ਸੰਕਲਪ ਲਿਆ ਕਿ ਪੰਜਾਬ ਬਚਾਓ ਰੈਲੀ ਨੂੰ ਕਾਮਯਾਬ ਬਣਾਉਣ ਲਈ ਪੂਰੀ ਤਾਕਤ ਨਾਲ ਕੰਮ ਕੀਤਾ ਜਾਵੇਗਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਅਧਿਆਪਕਾਂ ’ਤੇ ਪਾਣੀ ਦੀਆਂ ਬੁਛਾੜਾਂ ਮਾਰਨ ਤੇ ਅੱਥਰੂ ਗੈਸ ਦੇ ਗੋਲੇ ਦਾਗਣ ਦੀ ਜ਼ੋਰਦਾਰ ਨਿੰਦਾ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਪੰਜਾਬ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਖਿਲਾਫ਼ ਸਾਂਝੇ ਅਧਿਆਪਕ ਮੋਰਚੇ ਦੇ ਸੱਦੇ ਤੇ ਸੂਬਾ ਭਰ ਤੋਂ ਮੁਹਾਲੀ ਰੈਲੀ ਵਿੱਚ ਪੁੱਜੇ ਅਧਿਆਪਕਾਂ ਤੇ ਵਿਧਾਨ ਸਭਾ ਵੱਲ ਰੋਸ ਮਾਰਚ ਕਰਦੇ ਸਮੇਂ ਚੰਡੀਗੜ੍ਹ ਪੁਲਸ ਵੱਲੋਂ ਜਲ ਤੋਪਾਂ ਦੀਆਂ ਬੁਛਾੜਾਂ ਮਾਰਨ ਅਤੇ ਅੱਥਰੂ ਗੈਸ ਦੇ ਗੋਲੇ ਦਾਗਣ ਦੀ ਬਿਜਲੀ ਕਾਮਿਆਂ ਅਤੇ ਪੈਨਸ਼ਨਰਾਂ ਦੀਆਂ ਵੱਖ-ਵੱਖ ਜਥੇਬੰਦੀਆਂ ਦੇ ਅਧਾਰਿਤ ਬਣੇ ਸਾਂਝੇ ਥੜ੍ਹੇ ਪੀਐੱਸਈਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰ, ਗਰਿੱਡ ਸਬ ਸਟੇਸ਼ਨ ਇੰਪਲਾਈਜ਼ ਯੂਨੀਅਨ, ਪਾਵਰਕਾਮ ਅਤੇ ਟ੍ਰਾਂਸਕੋ ਪੈਨਸ਼ਨਰਜ ਯੂਨੀਅਨ ਪੰਜਾਬ ਸਬੰਧਤ ਏਟਕ, ਪੈਨਸ਼ਨਰ ਵੈਲਫੇਅਰ ਫੈਡਰੇਸ਼ਨ ਪਹਿਲਵਾਨ ਦੇ ਆਗੂਆਂ ਰਤਨ ਸਿੰਘ ਮਜਾਰੀ, ਗੁਰਪ੍ਰੀਤ ਸਿੰਘ ਗੰਡੀਵਿੰਡ, ਹਰਪਾਲ ਸਿੰਘ, ਗੁਰਵੇਲ ਸਿੰਘ ਬੱਲਪੁਰੀਆ, ਬਲਦੇਵ ਸਿੰਘ ਮੰਡਾਲੀ ਨੇ ਸਾਂਝੇ ਪ੍ਰੈੱਸ ਬਿਆਨ ਰਾਹੀਂ ਤਿੱਖੇ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।ਆਗੂਆਂ ਨੇ ਅਫਸੋਸ ਜ਼ਾਹਰ ਕਰਦੇ ਹੋਏ ਕਿਹਾ ਕਿ ਸਮੁੱਚੇ ਮੁਲਾਜ਼ਮ ਵਰਗ ਨਾਲ ਮਾਨ ਸਰਕਾਰ ਧੱਕਾ ਕਰ ਰਹੀ ਹੈ।ਪੰਜਾਬ ਸਰਕਾਰ ਲਗਾਤਾਰ ਕਾਰਪੋਰੇਟ ਪੱਖੀ ਨੀਤੀਆਂ ਦਾ ਵਿਰੋਧ ਕਰਨ ਵਾਲੇ ਕਿਰਤੀ ਲੋਕਾਂ ਨੂੰ ਡੰਡੇ ਦੇ ਜ਼ੋਰ ਨਾਲ ਦਬਾਉਣ ਲਈ ਅੱਥਰੂ ਗੈਸ ਅਤੇ ਪਾਣੀ ਦੀਆਂ ਬੁਛਾੜਾਂ ਮਾਰ ਕੇ ਪੱਗਾਂ ਅਤੇ ਦੁਪੱਟੇ ਉਤਾਰ ਕੇ ਜ਼ਲੀਲ ਕੀਤਾ ਜਾ ਰਿਹਾ ਹੈ।ਆਗੂਆਂ ਨੇ ਅਫਸੋਸ ਜ਼ਾਹਰ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਹਿਟਲਰਸ਼ਾਹੀ ਤਰੀਕਾ ਅਪਨਾ ਕੇ ਹੱਕ ਮੰਗ ਰਹੇ ਸਭਨਾਂ ਵਰਗਾਂ ਨਾਲ ਧੱਕੇਸ਼ਾਹੀ ਕਰ ਰਹੀ ਹੈ।ਸਰਕਾਰ ਨੇ ਬਜਟ ਪੇਸ਼ ਕਰਨ ਸਮੇਂ ਸੱਤ ਲੱਖ ਮੁਲਾਜਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਨੂੰ ਵੱਟੇ ਖਾਤੇ ਪਾ ਦਿੱਤਾ ਹੈ ।ਮਿਹਨਤਕਸ਼ਾਂ ਵੱਲੋਂ ਕੀਤੇ ਜਾ ਰਹੇ ਰੋਸ ਮਾਰਚਾਂ ਨੂੰ ਜਬਰੀ ਰੋਕ ਕੇ ਖਦੇੜਨ ਲਈ ਔਰਤਾਂ ਤੱਕ ਨੂੰ ਵੀ ਨਹੀਂ ਬਖਸ਼ਿਆ ਜਾਂਦਾ।ਸਾਂਝੇ ਥੜ੍ਹੇ ਦੇ ਆਗੂਆਂ ਕੁਲਵਿੰਦਰ ਸਿੰਘ ਢਿੱਲੋਂ, ਗੁਰਭੇਜ ਸਿੰਘ ਢਿੱਲੋਂ, ਸੁਰਿੰਦਰਪਾਲ ਸਿੰਘ ਲਾਹੌਰੀਆ, ਬਲਜੀਤ ਸਿੰਘ ਮੋਦਲਾ, ਦਵਿੰਦਰ ਸਿੰਘ ਪਿਸ਼ੌ, ਸਰਬਜੀਤ ਸਿੰਘ ਭਾਣ, ਰਵੇਲ ਸਿੰਘ ਸਹਾਏਪੁ, ਸੁਖਵਿੰਦਰ ਸਿੰਘ ਚਾਹਲ, ਰਣਜੀਤ ਸਿੰਘ ਢਿੱਲੋਂ, ਜਸਵੀਰ ਸਿੰਘ ਆਂਡਲੂ, ਰਾਧੇਸ਼ਿਆਮ, ਬੀ. ਐੱਸ. ਸੇਖੋਂ, ਕੌਰ ਸਿੰਘ ਸੋਹੀ, ਦਲੀਪ ਕੁਮਾਰ, ਪਵਨਪ੍ਰੀਤ ਸਿੰਘ, ਗੁਰਪਿਆਰ ਸਿੰਘ ਆਦਿ ਨੇ ਸਰਕਾਰ ਨੂੰ ਚੇਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਇਸ ਹਿਟਲਰਸ਼ਾਹੀ ਦਾ ਜਵਾਬ ਸਾਂਝੇ ਸੰਘਰਸ਼ਾਂ ਰਾਹੀਂ ਭਵਿੱਖ ਵਿੱਚ ਦਿੱਤਾ ਜਾਵੇਗਾ।

# ਡਿਪਟੀ ਡਾਇਰੈਕਟਰ ਡਾ. ਚੀਮਾ ਨੇ ਵੱਖ-ਵੱਖ ਪਿੰਡਾਂ ’ਚ ਕੀਤਾ ਕਣਕ ਦੇ ਖੇਤਾਂ ਦਾ ਦੌਰਾ

**ਧਾਰੀਵਾਲ, (ਮਨਦੀਪ ਵਿੱਕੀ)**- ਡਾ. ਸ਼ਾਹਬਾਜ਼ ਸਿੰਘ ਚੀਮਾ ਡਿਪਟੀ ਡਾਇਰੈਕਟਰ ਖੇਤੀਬਾੜੀ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੀ ਆਪਣੀ ਟ੍ਰੇਨਿੰਗ ਟੀਮ ਸਮੇਤ ਵੱਖ-ਵੱਖ ਪਿੰਡਾਂ ਵਿੱਚ ਕਣਕ ਦੇ ਖੇਤਾਂ ਦਾ ਦੌਰਾ ਕਰਕੇ ਕਣਕ ਦੀ ਫਸਲ ਦੀਆਂ ਬਿਮਾਰੀਆਂ ਪ੍ਰਤੀ ਜਾਗਰੂਕ ਕੀਤਾ ਗਿਆ। ਡਾ. ਸ਼ਾਹਬਾਜ਼ ਸਿੰਘ ਚੀਮਾ ਦੇ ਨਾਲ ਟੀਮ ਵਿੱਚ ਖੇਤੀਬਾੜੀ ਅਫਸਰ ਡਾ. ਸੰਦੀਪ ਸਿੰਘ, ਡਾ. ਜਰਮਨਜੀਤ ਸਿੰਘ, ਡਾ. ਦਿਲਰਾਜ ਸਿੰਘ ਸ਼ਾਮਲ ਸਨ। ਡਾ. ਸ਼ਾਹਬਾਜ਼ ਸਿੰਘ ਚੀਮਾ ਨੇ ਦੱਸਿਆ ਪੰਜਾਬ ਦੀ ਕਣਕ ਇਸ ਵੇਲੇ ਪੱਕਣ ਦੇ ਕਿਨਾਰੇ ’ਤੇ ਹੈ। ਕਿਸਾਨਾਂ ਵੱਲੋਂ ਆਮ ਹੀ ਦੇਖਿਆ ਜਾ ਰਿਹਾ ਹੈ ਕਿ ਕਣਕ ਦੇ ਸਿੱਟਿਆਂ ਅਤੇ ਡੰਡੀਆਂ ਉੱਪਰ ਜਾਮਣੀ ਰੰਗ ਤੀ ਝਲਕ ਪੈ ਰਹੀ ਹੈ ਤੇ ਬਹੁਤੇ ਕਿਸਾਨ ਇਸ ਨੂੰ ਬਿਮਾਰੀ ਸਮਝ ਕੇ ਕੋਈ ਸਪਰੇਅ ਕਰਨਾ ਚਾਹੁੰਦੇ ਹਨ। ਡਾ. ਚੀਮਾ ਨੇ ਦੱਸਿਆਂ ਉਨ੍ਹਾਂ ਨੇ ਜ਼ਿਲ੍ਹਾ ਗੁਰਦਾਸਪੁਰ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕਰਕੇ ਕਿਸਾਨਾਂ ਨੂੰ ਦੱਸਿਆ ਹੈ ਕਿ ਇਹ ਕੋਈ ਬਿਮਾਰੀ ਨਹੀਂ ਹੈ ਇਹ ਜਾਮਣੀ ਰੰਗ ਸਿਰਫ ਸਿੱਟਿਆਂ ਦੇ ਬਾਹਰਲੇ ਪਾਸੇ ਹੀ ਹੈ। ਇਸ ਰੰਗ ਦਾ ਦਾਣਿਆਂ ਉੱਪਰ ਕਿਸੇ ਤਰ੍ਹਾਂ ਦਾ ਵੀ ਕੋਈ ਪ੍ਰਭਾਵ ਨਹੀਂ ਹੈ ਅਤੇ ਦਾਣੇ ਬਿਲਕੁਲ ਠੀਕ ਹਨ। ਇਸ ਦੀ ਰੋਕਥਾਮ ਲਈ ਕਿਸੇ ਵੀ ਦਵਾਈ ਦੀ ਸਪਰੇ ਨਾ ਕੀਤੀ ਜਾਵੇ। ਉਨ੍ਹਾਂ ਦੱਸਿਆ ਪਿਛਲੇ ਕੁਝ ਦਿਨਾਂ ਤੋਂ ਇਕਦਮ ਤਾਪਮਾਨ ਦੇ ਵਧਣ ਕਾਰਨ ਅਜਿਹੀਆਂ ਅਲਾਮਤਾਂ ਦੇਖਣ ਨੂੰ ਮਿਲਦੀਆਂ ਹਨ। ਇਸ ਸਬੰਧੀ ਖੇਤੀਬਾੜੀ ਯੂਨੀਵਰਸਿਟੀ ਦੇ ਸਾਇੰਸਦਾਨਾਂ ਨੇ ਵੀ ਕਿਹਾ ਹੈ ਕਿ ਕਈ ਕਿਸਮਾਂ ਵਿੱਚ ਮੈਲੇਨਿਨ ਦਾ ਪੱਧਰ ਵੱਖ ਵੱਖ ਹੁੰਦਾ ਹੈ। ਡਾ. ਚੀਮਾ ਨੇ ਕਿਸਾਨਾਂ ਨੂੰ ਸਲਾਹ ਦਿੰਦਿਆਂ ਕਿਹਾ ਕਿ ਅਚਾਨਕ ਵੱਧ ਰਹੇ ਤਾਪਮਾਨ ਦਾ ਮੁਕਾਬਲਾ ਕਰਨ ਲਈ ਫਸਲ ਨੂੰ ਲੋੜ ਮੁਤਾਬਕ ਸਿੰਚਾਈ ਕੀਤੀ ਜਾਵੇ ਅਤੇ ਪੋਟਾਸ਼ੀਅਮ ਨਾਈਟਰੇਟ 13:0:45 ਦਾ 2% ਭਾਵ 4 ਕਿਲੋ 13:0:45 ਦਾ 200 ਲੀਟਰ ਪਾਣੀ ਵਿੱਚ ਘੋਲ ਬਣਾ ਕੇ ਪ੍ਰਤੀ ਏਕੜ ਸਪਰੇ ਕੀਤੀ ਜਾ ਸਕਦੀ ਹੈ। ਡਾ. ਚੀਮਾ ਨੇ ਕਿਹਾ ਫਸਲਾਂ ’ਤੇ ਕਿਸੇ ਤਰ੍ਹਾਂ ਦੀ ਵੀ ਕੋਈ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਆਪਣੇ ਨੇੜਲੇ ਖੇਤੀਬਾੜੀ ਵਿਭਾਗ ਦੇ ਮਾਹਿਰਾਂ ਦੀ ਸਲਾਹ ਅਨੁਸਾਰ ਹੀ ਸਪਰੇਅ ਕੀਤੀ ਜਾਵੇ।



# ਬੇਤਰਤੀਬੇ ਸਪੀਡ ਬਰੇਕਰ ਸੁਵਿਧਾ ਦੀ ਬਜਾਏ ਹਾਦਸਿਆਂ ਨੂੰ ਦੇ ਰਹੇ ਨੇ ਸੱਦਾ

**ਗੁਰਦਾਸਪੁਰ, (ਜਨਕ ਮਹਾਜਨ)**- ਗੁਰਦਾਸਪੁਰ ਸ਼ਹਿਰ ਅੰਦਰ ਟਰੈਫਿਕ ਦੀ ਸਮੱਸਿਆ ਨੂੰ ਹੱਲ ਕਰਨ ਦੀ ਬਜਾਏ ਤਿੱਬੜੀ ਚੌਕ ਵਿਚ ਬੇਤਰਤੀਬੇ ਬਣਾਏ ਗਏ ਸਪੀਡ ਬਰੇਕਰ ਉਲਟਾ ਹਾਦਸਿਆਂ ਨੂੰ ਸੱਦਾ ਦੇ ਰਹੇ ਹਨ। ਇਨ੍ਹਾਂ ਸਪੀਡ ਬਰੇਕਰਾਂ ਦੀ ਉਚਾਈ ਜ਼ਿਆਦਾ ਹੋਣ ਕਾਰਨ ਦੋ ਪਹੀਆ ਵਾਹਨ ਚਲਾ ਰਹੇ ਬਜ਼ੁਰਗਾਂ ਦਾ ਇਥੋਂ ਲੰਘਣਾ ਕਾਫ਼ੀ ਔਖਾ ਹੋਇਆ ਪਿਆ ਹੈ। ਜ਼ਿਕਰਯੋਗ ਹੈ ਕਿ ਤਿੱਬੜੀ ਰੋਡ ’ਤੇ ਰੇਲਵੇ ਲਾਈਨ ਹੇਠ ਅੰਡਰ ਬ੍ਰਿਜ ਬਣਾਇਆ ਗਿਆ ਜਿਸ ’ਤੇ ਦੋ ਸਾਲ ਦੇ ਕਰੀਬ ਸਮਾਂ ਅਤੇ ਲਗਭਗ 14 ਕਰੋੜ ਰੁਪਏ ਖਰਚ ਆਏ ਸਨ ਜਿਸ ਨਾਲ ਰੇਲਵੇ ਫਾਟਕ ’ਤੇ ਬੰਦ ਰਹਿਣ ਕਾਰਨ ਜਿੱਥੇ ਲੋਕਾਂ ਨੂੰ ਕਾਫੀ ਮੁਸ਼ਕਿਲ ਪੇਸ਼ ਆਉਂਦੀ ਸੀ ਉੱਥੇ ਨਵੇਂ ਬਣੇ ਬੱਸ ਸਟੈਂਡ ’ਤੇ ਆਉਣ ਜਾਣ ਵਾਲੇ ਲੋਕਾਂ ਨੂੰ ਵੀ ਕਾਫੀ ਰਾਹਤ ਮਿਲੀ ਹੈ। ਹੁਣ ਸੰਬੰਧਿਤ ਵਿਭਾਗ ਵਲੋਂ ਅੰਡਰ ਬ੍ਰਿਜ ਤਿੱਬੜੀ ਰੋਡ ਨੂੰ ਜਾਂਦੇ ਅਤੇ ਆਉਣ ਸਮੇਂ ਰਸਤੇ ਵਿਚ ਘਰ ਬੇਤਰਤੀਬੇ ਸਪੀਡ ਬਰੇਕਰ ਬਣਾ ਦਿੱਤੇ ਗਏ ਹਨ ਜਿਨ੍ਹਾਂ ਤੋਂ ਲੰਘਣਾ ਵਾਹਨ ਚਾਲਕਾਂ ਦਾ ਬੇਹਦ ਔਖਾ ਹੋਇਆ ਪਿਆ ਹੈ। ਇਹ ਸਪੀਡ ਬਰੇਕਰ ਕਾਫੀ ਉਚੇ ਬਣਾ ਦਿੱਤੇ ਗਏ ਹਨ ਜਿਸ ਨਾਲ ਦੋਪਹੀਆ ਵਾਹਨ ਚਾਲਕ ਬੜੀ ਮੁਸ਼ਕਲ ਨਾਲ ਇਥੋਂ ਗੁਜ਼ਰਦੇ ਹਨ ਅਤੇ ਉਨ੍ਹਾਂ ਦੇ ਡਿਗਣ ਦਾ ਖਤਰਾ ਬਣਿਆ ਰਹਿੰਦਾ ਹੈ। ਇਸ ਤੋਂ ਇਲਾਵਾ ਕਈ ਓਵਰਲੋਡ ਚਾਰ ਪਹੀਆ ਚਾਲਕਾਂ ਅਤੇ ਰਿਕਸ਼ੇ ’ਤੇ ਬੈਠੀਆਂ ਸਵਾਰੀਆਂ ਨੂੰ ਇਥੋਂ ਲੰਘਣ ਸਮੇਂ ਕਾਫੀ ਮੁਸ਼ਕਿਲ ਪੇਸ਼ ਆਉਂਦੀ ਹੈ। ਲੋਕਾਂ ਦਾ ਕਹਿਣਾ ਹੈ ਕਿ ਵਿਭਾਗ ਵਲੋਂ ਇਨ੍ਹਾਂ ਸਪੀਡ ਬਰੇਕਰਾਂ ਨੂੰ ਸਹੀ ਤਰੀਕੇ ਨਾਲ ਬਣਾਇਆ ਜਾਵੇ ਤਾਂ ਜੋ ਕੋਈ ਵੀ ਹਾਦਸਾ ਨਾ ਵਾਪਰ ਸਕੇ।



# ‘ਪੰਜਾਬ ਦੀ ਅਰਥਵਿਵਸਥਾ ਦਾ ਵਾਤਾਵਰਣਿਕ ਪੁਨਰ ਗਠਨ’ ਵਿਸ਼ੇ ’ਤੇ ਭਾਸ਼ਣ ਕਰਵਾਇਆ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਖ਼ਾਲਸਾ ਕਾਲਜ ਦੇ ਅਰਥ ਸ਼ਾਸਤਰ ਅਤੇ ਖੇਤੀਬਾੜੀ ਵਿਭਾਗ ਵੱਲੋਂ ‘ਪੰਜਾਬ ਅਰਥਵਿਵਸਥਾ ਦਾ ਵਾਤਾਵਰਣਿਕ ਪੁਨਰ ਗਠਨ ’ ਵਿਸ਼ੇ ’ਤੇ ਭਾਸ਼ਣ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਦੇ ਨਿਰਦੇਸ਼ਾਂ ’ਤੇ ਕਰਵਾਏ ਗਏ ਉਕਤ ਲੈਕਚਰ ਮੌਕੇ ਆਕਸਫੋਰਡ ਬਰੂਕਸ ਯੂਨੀਵਰਸਿਟੀ, ਯੂ. ਕੇ. ਤੋਂ ਪ੍ਰਸਿੱਧ ਸਿੱਖਿਆ ਸ਼ਾਸਤਰੀ ਅਤੇ ਅਰਥ ਸ਼ਾਸਤਰੀ ਪ੍ਰੋ: ਪ੍ਰੀਤਮ ਸਿੰਘ ਨੇ ਉਕਤ ਵਿਸ਼ੇ ’ਤੇ ਭਾਸ਼ਣ ਦਿੱਤਾ। ਇਸ ਤੋਂ ਪਹਿਲਾਂ ਪ੍ਰਿੰ: ਡਾ. ਰੰਧਾਵਾ ਨੇ ਖੇਤੀਬਾੜੀ ਵਿਭਾਗ ਮੁਖੀ ਡਾ. ਗੁਰਬਖਸ਼ ਸਿੰਘ ਨਾਲ ਮਿਲ ਕੇ ਪ੍ਰੋ: ਪ੍ਰੀਤਮ ਸਿੰਘ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਸਵਾਗਤ ਕੀਤਾ। ਉਪਰੰਤ ਡਾ. ਗੁਰਬਖਸ਼ ਸਿੰਘ ਨੇ ਭਾਗੀਦਾਰਾਂ ਨਾਲ ਸਰੋਤ ਵਿਅਕਤੀ ਦੀ ਜਾਣ-ਪਛਾਣ ਕਰਵਾਈ ਅਤੇ ਲੈਕਚਰ ਦੇ ਮੁੱਖ ਵਿਸ਼ੇ ’ਤੇ ਚਾਨਣਾ ਪਾਇਆ। ਇਸ ਮੌਕੇ ਪ੍ਰੋ. ਪ੍ਰੀਤਮ ਸਿੰਘ ਨੇ ਪੰਜਾਬ ਦੀ ਅਰਥਵਿਵਸਥਾ ਦੇ ਇਤਿਹਾਸਕ ਵਿਕਾਸ ਦੀ ਵਿਸਥਾਰ ਨਾਲ ਚਰਚਾ ਕਰਦਿਆਂ ਹਰੀ ਕ੍ਰਾਂਤੀ ਤੋਂ ਬਾਅਦ ਦੇ ਦੌਰ ’ਚ ਖੇਤੀਬਾੜੀ ’ਚ ਆਏ ਬਦਲਾਵਾਂ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਵਪਾਰੀਕਰਨ, ਇਕੋ ਫਸਲੀ ਪ੍ਰਣਾਲੀ, ਬੇਹੱਦ ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੇ ਇਸਤੇਮਾਲ ਕਾਰਨ ਵਾਤਾਵਰਣ ਅਸੰਤੁਲਨ ਪੈਦਾ ਹੋਇਆ ਹੈ। ਉਨ੍ਹਾਂ ਨੇ ਪੰਜਾਬ ’ਚ ਪੈਦਾ ਹੋ ਰਹੀਆਂ ਜ਼ਮੀਨੀ ਪਾਣੀ ਦੇ ਪੱਧਰ ’ਚ ਗਿਰਾਵਟ, ਮਿੱਟੀ ਦੀ ਉਪਜਾਊ ਸ਼ਕਤੀ ਦਾ ਘਟਣਾ, ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ’ਤੇ ਅਤਿ ਨਿਰਭਰਤਾ, ਪਰਾਲੀ ਸਾੜਨ ਨਾਲ ਵੱਧਦਾ ਹਵਾ ਪ੍ਰਦੂਸ਼ਣ ਅਤੇ ਜੀਵ ਵਿਭਿੰਨਤਾ ਦੀ ਘਾਟ ਵਰਗੀਆਂ ਮੁੱਖ ਵਾਤਾਵਰਣ ਚੁਣੌਤੀਆਂ ’ਤੇ ਵੀ ਚਾਨਣ ਪਾਇਆ। ਇਸ ਮੌਕੇ ਪ੍ਰਿੰ: ਡਾ. ਰੰਧਾਵਾ ਨੇ ਵਿਸ਼ੇ ’ਤੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਪ੍ਰੋ: ਪ੍ਰੀਤਮ ਸਿੰਘ ਦੁਆਰਾ ਵਿਦਿਆਰਥੀਆਂ ਨਾਲ ਖੇਤੀਬਾੜੀ ਸਬੰਧੀ ਪ੍ਰਦਾਨ ਕੀਤੀ ਗਈ ਜਾਣਕਾਰੀ ਭਵਿੱਖ ’ਚ ਉਨ੍ਹਾਂ ਲਈ ਲਾਹੇਵੰਦ ਸਾਬਿਤ ਹੋਵੇਗੀ। ਉਕਤ ਲੈਕਚਰ ਦੇ ਅੰਤ ’ਤੇ ਇਕ ਇੰਟਰੈਕਟਿਵ ਸੈਸ਼ਨ ਵੀ ਕਰਵਾਇਆ ਗਿਆ, ਜਿਸ ’ਚ ਵਿਦਿਆਰਥੀਆਂ ਨੇ ਨੀਤੀਆਂ ਦੇ ਲਾਗੂ ਕਰਨ ਅਤੇ ਟਿਕਾਊ ਵਿਕਾਸ ’ਚ ਕਾਲਜਾਂ ਦੀ ਭੂਮਿਕਾ ਸਬੰਧੀ ਪ੍ਰੋ: ਪ੍ਰੀਤਮ ਸਿੰਘ ਪਾਸੋਂ ਸਵਾਲ ਵੀ ਕੀਤੇ, ਜਿਨ੍ਹਾਂ ਦਾ ਉਨ੍ਹਾਂ ਬਾਖੂਬੀ ਢੰਗ ਨਾਲ ਜਵਾਬ ਦਿੱਤਾ। ਇਸ ਉਨ੍ਹਾਂ ਵਿਦਿਆਰਥੀਆਂ ਨੂੰ ਖੋਜ ਆਧਾਰਿਤ ਹੱਲਾਂ ਅਤੇ ਸਮਾਜਕ ਭਾਗੀਦਾਰੀ ਰਾਹੀਂ ਅਗਵਾਈ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰਿੰ: ਡਾ. ਰੰਧਾਵਾ ਨੇ ਡਾ. ਗੁਰਬਖਸ਼ ਸਿੰਘ ਅਤੇ ਅਰਥ ਸ਼ਾਸਤਰ ਵਿਭਾਗ ਮੁਖੀ ਡਾ. ਅੰਜੂ ਸ਼ਰਮਾ ਨਾਲ ਮਿਲ ਕੇ ਮਹਿਮਾਨ ਬੁਲਾਰੇ ਪ੍ਰੋ. ਪ੍ਰੀਤਮ ਸਿੰਘ ਨੂੰ ਕਾਲਜ ਫੋਟੋ ਅਤੇ ਕਾਫੀ ਟੇਬਲ ਬੁੱਕ ਭੇਟ ਕਰਕੇ ਸਨਮਾਨਿਤ ਕੀਤਾ।



# ਅਮਰੀਕਾ ਤੇ ਇਜ਼ਰਾਈਲ ਵੱਲੋਂ ਈਰਾਨ ’ਤੇ ਹਮਲੇ ਦੀ ਸੀਪੀਆਈ ਵੱਲੋਂ ਨਿੰਦਾ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**- ਭਾਰਤੀ ਕਮਿਊਨਿਸਟ ਪਾਰਟੀ ਬਲਾਕ ਤਰਸਿੱਕਾ ਦੀ ਮੀਟਿੰਗ ਕਾਮਰੇਡ ਕੰਵਲਪ੍ਰੀਤ ਸਿੰਘ ਮਾਲੋਵਾਲ ਦੀ ਪ੍ਰਧਾਨਗੀ ਹੇਠ ਪਿੰਡ ਸੈਦੋਲੇਲ ਦੇ ਲੰਗਰ ਹਾਲ ਵਿਖੇ ਹੋਈ ਜਿਸ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਇਜ਼ਰਾਈਲ ਦੇ ਰਾਸ਼ਟਰਪਤੀ ਨੇਤਨਯਾਹੂ ਵੱਲੋਂ ਈਰਾਨ ਉਪਰ ਕੀਤੇ ਗਏ ਹਮਲੇ ਦੀ ਜ਼ੋਰਦਾਰ ਨਿਖੇਧੀ ਕਰਦਿਆਂ ਨਿਰਦੋਸ਼ ਲੋਕਾਂ ਖਾਸ ਕਰਕੇ ਇੱਕ ਸਕੂਲ ਦੀਆਂ 164 ਬੱਚੀਆਂ ਦੀ ਹੱਤਿਆ ’ਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਮੰਗ ਕੀਤੀ ਇਹ ਜੰਗ ਤੁਰੰਤ ਬੰਦ ਕੀਤੀ ਜਾਵੇ।ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਸਕੱਤਰ ਲਖਬੀਰ ਸਿੰਘ ਨਿਜਾਮਪੁਰ ਨੇ ਕਿਹਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਦੀ ਇਸ ਜੰਗ ਪ੍ਰਤੀ ਚੁੱਪ ਗੰਭੀਰ ਸਵਾਲ ਖੜੇ ਕਰਦੀ ਹੈ।ਈਰਾਨ ਜੋ ਕਿ ਭਾਰਤ ਦਾ ਮਿੱਤਰ ਦੇਸ਼ ਰਿਹਾ ਹੈ, ਉਸ ਦੇ ਨਾਲ ਖੜਨ ਦੀ ਜਗ੍ਹਾ ਜੰਗਬਾਜਾਂ ਦਾ ਸਮਰਥਨ ਕਰ ਰਿਹਾ ਹੈ ਜਿਸ ਨਾਲ ਦੇਸ਼ ਨੂੰ ਆਰਥਿਕ ਤੌਰ ’ਤੇ ਵੱਡਾ ਨੁਕਸਾਨ ਸਹਿਣਾ ਪੈ ਰਿਹਾ ਹੈ।ਇਸ ਜੰਗ ਨਾਲ ਆਉਣ ਵਾਲੇ ਸਮੇਂ ਵਿੱਚ ਭਾਰਤ ਦੇ ਲੋਕਾਂ ਨੂੰ ਤੇਲ ਅਤੇ ਗੈਸ ਦੇ ਸੰਕਟ ਦਾ ਸਾਹਮਣਾ ਕਰਨਾ ਪਵੇਗਾ।ਇਸ ਤੋਂ ਇਲਾਵਾ ਭਾਰਤ ਵੱਲੋਂ ਅਮਰੀਕਾ ਦੇ ਦਬਾਅ ਹੇਠ ਕੀਤੇ ਜਾ ਰਹੇ ਕਰ ਮੁਕਤ ਵਪਾਰ ਸਮਝੌਤੇ ਨੂੰ ਦੇਸ਼ ਦੇ ਲੋਕਾਂ ਨਾਲ ਵੱਡਾ ਧੋਖਾ ਕਰਾਰ ਦਿੰਦਿਆਂ ਇਸ ਨੂੰ ਤੁਰੰਤ ਰੱਦ ਕਰਨ ਦੀ ਮੰਗ ਕੀਤੀ। ਕੇਂਦਰ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਬਿਜਲੀ ਬਿੱਲ ਅਤੇ ਬੀਜ ਬਿੱਲ ਨੂੰ ਰੱਦ ਕਰਨ ਅਤੇ ਮਨਰੇਗਾ ਕਾਨੂੰਨ ਮੁੜ ਬਹਾਲ ਕਰਨ ਦੀ ਵੀ ਮੰਗ ਕੀਤੀ ਗਈ।ਇਨ੍ਹਾਂ ਮਸਲਿਆਂ ਤੇ ਲਾਮਬੰਦੀ ਕਰਨ ਅਤੇ ਮਜ਼ਦੂਰਾਂ, ਕਿਸਾਨਾਂ ਦੇ ਮੋਰਚੇ ਵੱਲੋਂ ਦਿੱਤੇ ਗਏ ਸੱਦੇ ਤਹਿਤ 23 ਮਾਰਚ ਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁੱਖਦੇਵ ਦੇ ਸ਼ਹੀਦੀ ਦਿਨ ਨੂੰ ਸਾਮਰਾਜ ਵਿਰੋਧੀ ਦਿਨ ਦੇ ਤੌਰ ’ਤੇ ਮਨਾਉਣ ਦਾ ਫੈਸਲਾ ਕੀਤਾ ਗਿਆ।ਪਾਰਟੀ ਦੇ ਜਥੇਬੰਦਕ ਕੰਮ ਮੈਂਬਰਸਿਪ ਦੇ ਨਵੀਨੀਕਰਣ ਨੂੰ 20 ਮਾਰਚ ਤੱਕ ਮੁਕੰਮਲ ਕਰਨ ਦਾ ਵੀ ਫੈਸਲਾ ਕੀਤਾ ਗਿਆ ।ਮੀਟਿੰਗ ਨੂੰ ਬਲਾਕ ਸਕੱਤਰ ਮੰਗਲ ਸਿੰਘ ਖਜਾਲਾ, ਮਾਸਟਰ ਆਜ਼ਾਦ ਸਿੰਘ ਮਹਿਤਾ ਅਤੇ ਬੂਟਾ ਸਿੰਘ ਭੱਟੀਕੇ ਨੇ ਵੀ ਸੰਬੋਧਨ ਕੀਤਾ।ਇਸ ਸਮੇਂ ਬਲਾਕ ਕਮੇਟੀ ਮੈਂਬਰ ਅਮਰਜੀਤ ਸਿੰਘ ਸਾਬਕਾ ਸਰਪੰਚ ਚਾਟੀਵਿੰਡ, ਬਲਕਾਰ ਸਿੰਘ, ਰਣਜੋਧ ਸਿੰਘ ਦਸ਼ਮੇਸ਼ ਨਗਰ, ਸੋਹਣ ਸਿੰਘ, ਬਲਵਿੰਦਰ ਸਿੰਘ ਮੀਰਾਂਚੱਕ, ਬੀਰ ਸਿੰਘ ਚਾਟੀਵਿੰਡ, ਸੁਖਬੀਰ ਸਿੰਘ ਉਸਮਾ, ਸਰਬਜੀਤ ਸਿੰਘ, ਨਿੰਦਰ ਸਿੰਘ ਸੈਦੋਲੇਹਲ, ਹਰਮਿੰਦਰ ਸਿੰਘ, ਹਰਦੇਵ ਸਿੰਘ ਖਜਾਲਾ, ਬਾਬਾ ਸੁੱਚਾ ਸਿੰਘ ਚੋਗਾਵਾਂ ਅਤੇ ਬਿੱਲਾ ਖਾਨ ਭੱਟੀਕੇ ਹਾਜ਼ਰ ਸਨ।



# ਹੈਫੇਡ ਦੇ ਸਾਬਕਾ ਚੇਅਰਮੈਨ ਕੈਲਾਸ਼ ਭਗਤ ਦੇ ਪਿਤਾ ਦੀ ਮੌਤ ’ਤੇ ਸ਼ੋਕ ਦਾ ਪ੍ਰਗਟਾਵਾ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਵੀਰਵਾਰ ਨੂੰ ਕੈਥਲ ਪਹੁੰਚ ਕੇ ਸੋਗ ਸੰਵੇਦਨਾਵਾਂ ਪ੍ਰਗਟ ਕੀਤੀਆਂ। ਸੱਭ ਤੋਂ ਪਹਿਲਾਂ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਹੈਫੇਡ ਦੇ ਸਾਬਕਾ ਚੇਅਰਮੈਨ ਕੈਲਾਸ਼ ਭਗਤ ਦੇ ਪਿਤਾ ਸੁਰਗਵਾਸੀ ਅਮਰਨਾਥ ਭਗਤ ਦੇ ਦੇਹਾਂਤ ’ਤੇ ਸੋਗ ਪ੍ਰਗਟ ਕਰਨ ਉਨ੍ਹਾਂ ਦੇ ਨਿਵਾਸ ’ਤੇ ਪਹੁੰਚੇ ਜਿੱਥੇ ਉਨ੍ਹਾਂ ਨੇ ਪਰਵਾਰ ਨਾਲ ਮੁਲਾਕਾਤ ਕੀਤੀ ਅਤੇ ਆਪਣੀ ਸੰਵੇਦਨਾਵਾਂ ਪ੍ਰਗਟ ਕੀਤੀਆਂ। ਇਹ ਜ਼ਿਕਰਯੋਗ ਹੈ ਕਿ ਅਮਰਨਾਥ ਭਗਤ ਸੀਨੀਅਰ ਭਾਜਪਾ ਨੇਤਾ ਸਨ ਜਿਨ੍ਹਾਂ ਦਾ ਅੱਠ ਮਾਰਚ ਨੂੰ ਦੇਹਾਂਤ ਹੋ ਗਿਆ ਸੀ।ਇਸ ਦੇ ਬਾਅਦ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਸਾਬਕਾ ਮੰਤਰੀ ਕਮਲੇਸ਼ ਢਾਂਡਾ ਦੇ ਆਵਾਸ ਤੇ ਪਹੁੰਚੇ। ਜਿੱਥੇ ਉਨ੍ਹਾਂ ਦੇ ਪਿਤਾ ਸੁਰਗਵਾਸੀ ਜਗਤ ਸਿੰਘ ਮਲਿਕ ਦੇ ਸਵਰਗਵਾਸ ਹੋਣ ’ਤੇ ਸੋਗ ਜਤਾਇਆ। ਇਸ ਦੇ ਬਾਅਦ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਕੁਰੂਕਸ਼ੇਤਰ ਵਿਕਾਸ ਬੋਰਡ ਦੇ ਮੈਂਬਰ ਸੰਜੈ ਚੌਧਰੀ ਦੇ ਘਰ ਪਹੁੰਚੇ। ਜਿੱਥੇ ਉਨ੍ਹਾਂ ਦੀ ਮਾਤਾ ਸੁਰਗਵਾਸੀ ਸ਼ਕੁੰਤਲਾ ਦੇਵੀ ਦੇ ਸਵਰਗਵਾਸ ਹੋਣ ’ਤੇ ਸੋਗ ਜਤਾਇਆ ਤੇ ਸੰਵੇਦਨਾਵਾਂ ਪ੍ਰਗਟ ਕੀਤੀਆਂ।

# ਤੇਜ ਪ੍ਰਤਾਪ ਸਿੰਘ ਕਾਹਲੋਂ ਦਾ ਬੈਸਟ ਪ੍ਰੋਗਰਾਮ ਅਫਸਰ ਵਜੋਂ ਵਿਸ਼ੇਸ਼ ਸਨਮਾਨ

**ਬਟਾਲਾ (ਡਾ. ਮਲਵਿੰਦਰ ਸਿੰਘ)**- ਯੁਵਕ ਸੇਵਾਵਾਂ ਵਿਭਾਗ ਪੰਜਾਬ ਵੱਲੋਂ ਪੰਜਾਬ ਰਾਜ ਏਡਜ਼ ਕੰਟਰੋਲ ਸੋਸਾਇਟੀ ਦੇ ਸਹਿਯੋਗ ਨਾਲ ਚੰਡੀਗੜ੍ਹ ਯੂਨੀਵਰਸਿਟੀ ਘੜੂਆਂ ਵਿਖੇ ਰਾਜ ਪੱਧਰੀ ਨੌਜਵਾਨ ਆਗੂਪਨ ਅਤੇ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ।ਇਸ ਸਮਾਗਮ ਦੌਰਾਨ ਪੰਜਾਬ ਭਰ ਵਿੱਚੋਂ ਚੁਣੇ ਗਏ ਰੈਡ ਰਿਬਨ ਕਲੱਬਾਂ ਦੇ ਬਿਹਤਰ ਪ੍ਰੋਗਰਾਮ ਅਫਸਰਾਂ ਅਤੇ ਵਲੰਟੀਅਰਾਂ ਨੂੰ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਜ਼ਿਲ੍ਹਾ ਗੁਰਦਾਸਪੁਰ ਵਿੱਚੋਂ ਸਰਕਾਰੀ ਪੋਲੀਟੈਕਨਿਕ ਕਾਲਜ ਬਟਾਲਾ ਦੇ ਰੈਡ ਰਿਬਨ ਕਲੱਬ ਦੇ ਪ੍ਰੋਗਰਾਮ ਅਫਸਰ ਤੇਜ ਪ੍ਰਤਾਪ ਸਿੰਘ ਕਾਹਲੋਂ ਨੂੰ ਬੈਸਟ ਪ੍ਰੋਗਰਾਮ ਅਫਸਰ ਦੇ ਸਨਮਾਨ ਨਾਲ ਨਿਵਾਜਿਆ ਗਿਆ, ਜਦਕਿ ਕਾਲਜ ਦੇ ਵਿਦਿਆਰਥੀ ਗੁਰਤੇਗ ਸਿੰਘ ਨੂੰ ਉਸ ਦੀਆਂ ਸਮਾਜਿਕ ਸਰਗਰਮੀਆਂ ਅਤੇ ਜਾਗਰੂਕਤਾ ਮੁਹਿੰਮਾਂ ਵਿੱਚ ਯੋਗਦਾਨ ਲਈ ਬੈਸਟ ਵਲੰਟੀਅਰ ਵਜੋਂ ਸਨਮਾਨਿਤ ਕੀਤਾ ਗਿਆ।ਇਸ ਮੌਕੇ ਯੁਵਕ ਸੇਵਾਵਾਂ ਵਿਭਾਗ ਪੰਜਾਬ ਦੇ ਡਿਪਟੀ ਡਾਇਰੈਕਟਰ ਕੁਲਵਿੰਦਰ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਪ੍ਰੋਗਰਾਮ ਅਫਸਰ ਤੇਜ ਪ੍ਰਤਾਪ ਸਿੰਘ ਕਾਹਲੋਂ ਵੱਲੋਂ ਪਿਛਲੇ ਕਈ ਦਹਾਕਿਆਂ ਤੋਂ ਨੌਜਵਾਨਾਂ ਦੀ ਭਲਾਈ ਅਤੇ ਸਮਾਜਿਕ ਜਾਗਰੂਕਤਾ ਲਈ ਦਿੱਤੀਆਂ ਜਾ ਰਹੀਆਂ ਸੇਵਾਵਾਂ ਬਹੁਤ ਹੀ ਸਰਾਹਣਯੋਗ ਹਨ ਜਿਨ੍ਹਾਂ ਦੇ ਕਰਕੇ ਉਨ੍ਹਾਂ ਨੂੰ ਸਾਲ 2023 ਵਿੱਚ ਲੁਧਿਆਣਾ ਵਿਖੇ ਹੋਏ ਰਾਜ ਪੱਧਰੀ ਸਮਾਰੋਹ ਦੌਰਾਨ ਵੀ ਸਟੇਟ ਬੈਸਟ ਪ੍ਰੋਗਰਾਮ ਅਫਸਰ ਦੇ ਸਨਮਾਨ ਨਾਲ ਅਤੇ ਉਨ੍ਹਾਂ ਦੇ ਸਰਕਾਰੀ ਪੌਲੀਟੈਕਨਿਕ ਕਾਲਜ ਦੀ ਐੱਨ.ਐੱਸ.ਐੱਸ. ਇਕਾਈ ਨੂੰ ਵੀ ਬੈਸਟ ਯੂਨਿਟ ਦਾ ਅਵਾਰਡ ਨਾਲ ਨਿਵਾਜਿਆ ਗਿਆ ਸੀ।



# ਪੈਨਸ਼ਨਰਜ਼ ਤੇ ਮੁਲਾਜ਼ਮ ਵਰਗ ’ਤੇ ਲਾਠੀਚਾਰਜ ਕਰਨਾ ਸਰਕਾਰ ਲਈ ਘਾਤਕ ਸਿੱਧ ਹੋਵੇਗਾ : ਬੁਰਜ/ਆਸਲ



**ਪੱਟੀ, (ਬਲਦੇਵ ਸਿੰਘ ਸੰਧੂ)**- ਪੈਨਸ਼ਨਰਜ਼ ਐਂਡ ਸੀਨੀਅਰ ਸਿਟੀਜ਼ਨ ਵੈੱਲਫੇਅਰ ਐਸੋਸੀਏਸ਼ਨ ਤਹਿਸੀਲ ਪੱਟੀ ਦੀ ਹਫਤਾਵਾਰੀ ਮੀਟਿੰਗ ਪੱਟੀ ਦਫਤਰ ਵਿੱਚ ਹੋਈ। ਮੀਟਿੰਗ ਦੀ ਪ੍ਰਧਾਨਗੀ ਕਸ਼ਮੀਰ ਸਿੰਘ ਬੁਰਜ ਨੇ ਕੀਤੀ। ਪ੍ਰੈੱਸ ਦੇ ਨਾਂ ਬਿਆਨ ਜਾਰੀ ਕਰਦੇ ਹੋਏ ਜਨਰਲ ਸਕੱਤਰ ਜਗਤਾਰ ਸਿੰਘ ਆਸਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਜ਼ ਅਤੇ ਮੁਲਾਜ਼ਮ ਵਰਗ ਨਾਲ ਲਗਾਤਾਰ ਵਿਤਕਰਾ ਕੀਤਾ ਜਾ ਰਿਹਾ ਹੈ, ਹੱਕੀ ਮੰਗਾਂ ਮੰਨਣ ਦੀ ਬਜਾਏ ਚੰਡੀਗੜ੍ਹ ਮੁਜ਼ਾਹਰੇ ਤੇ ਲਾਠੀ ਚਾਰਜ ਅਤੇ ਪਾਣੀ ਦੀਆਂ ਬੁਛਾੜਾਂ ਮਾਰਨੀਆਂ ਵੱਡਾ ਗੁਨਾਹ ਹੈ, ਮੁਲਾਜ਼ਮਾਂ ਦੀ ਵੱਡੀ ਮੰਗ ਪੁਰਾਣੀ ਪੈਨਸ਼ਨ ਬਹਾਲ ਕਰਨਾ ਹੈ। ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣ, ਠੇਕਾ ਪ੍ਰਣਾਲੀ ਬੰਦ ਕੀਤੀ ਜਾਵੇ, ਖੋਹੇ ਭੱਤੇ ਬਹਾਲ ਕੀਤੇ ਜਾਣ, ਨਵੀਆਂ ਭਰਤੀਆਂ ਕਰਕੇ ਖਾਲੀ ਪੋਸਟਾਂ ਭਰੀਆਂ ਜਾਣ ਤੋਂ ਇਲਾਵਾ ਹੋਰ ਵੀ ਕਈ ਮੰਗਾਂ ਹਨ। ਇਸ ਮੌਕੇ ਮੰਗਤ ਰਾਮ ਜੋਸ਼ੀ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਸੰਘਰਸ਼ ਤੋਂ ਬਿਨਾਂ ਕੋਈ ਪ੍ਰਾਪਤੀ ਨਹੀਂ ਹੋ ਸਕਦੀ। ਜ਼ਿਲ੍ਹਾ ਸਕੱਤਰ ਸੱਤਪਾਲ ਸ਼ਰਮਾ ਪੱਟੀ ਨੇ ਵੀ ਚੰਡੀਗੜ੍ਹ ’ਚ ਕੀਤੇ ਲਾਠੀ ਚਾਰਜ ਦੀ ਘੋਰ ਨਿੰਦਾ ਕੀਤੀ। ਮੀਟਿੰਗ ਵਿੱਚ ਪੈਨਸ਼ਨਰ ਗੋਪਾਲ ਸਿੰਘ, ਚਾਨਣ ਸਿੰਘ, ਅਨੋਖ ਸਿੰਘ, ਸੁੱਖਾ ਸਿੰਘ ਰਾਮ ਲੁਭਾਇਆ, ਚਰਨ ਸਿੰਘ, ਦਰਸ਼ਨ ਸਿੰਘ, ਦਰਸ਼ਨ ਸਿੰਘ ਲੈਕਚਰਾਰ, ਦੀਪ ਸਿੰਘ, ਕੁਲਦੀਪ ਸਿੰਘ, ਨਿਰਮਲ ਸਿੰਘ, ਬਲਵਿੰਦਰ ਸਿੰਘ ਸਰਹਾਲੀ, ਬਿਕਰਮਜੀਤ ਸਿੰਘ, ਗੁਰਦੀਪ ਸਿੰਘ, ਅਵਤਾਰ ਸਿੰਘ, ਗਿਰਦਾਰੀ ਲਾਲ, ਇੰਸਪੈਕਟਰ ਨਿਰੰਜਨ ਸਿੰਘ, ਮਨਜੀਤ ਕੌਰ, ਇੰਦਰਜੀਤ ਕੌਰ, ਹਰਕਵਲਜੀਤ ਕੌਰ, ਜਸਵਿੰਦਰ ਸਿੰਘ ਸਭਰਾ, ਮਨਜੀਤ ਸਿੰਘ ਸਵਰਾ ਆਦਿ ਹਾਜ਼ਰ ਸਨ।

# ਟੀ ਬੀ ਦੇ ਖਾਤਮੇ ਲਈ ਅਪਣਾਈ ਏ ਆਈ ਤਕਨੀਕ : ਡਾ. ਸੁਮਿਤਾ ਮਿਸ਼ਰਾ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੀ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ ਨੇ ਕਿਹਾ ਕਿ ਹਰਿਆਣਾ ਨੇ ਪੂਰੇ ਰਾਜ ਵਿੱਚ ਟੀ ਬੀ ਦੀ ਪਛਾਣ, ਇਲਾਜ ਅਤੇ ਭੌਗੋਲਿਕ ਯੋਜਨਾ ਨੂੰ ਮਜਬੂਤ ਕਰਨ ਲਈ ਰਾਸ਼ਟਰੀ ਪ੍ਰਧਾਨ ਮੰਤਰੀ ਟੀ ਬੀ ਮੁਕਤ ਭਾਰਤ ਅਭਿਆਨ ਤਹਿਤ ਆਰਟੀਫਿਸ਼ੀਅਲ ਇੰਟੇਲਿਜੇਂਸ ’ਤੇ ਅਧਾਰਿਤ ਤੀਨ ਟੂਲ ਲਾਗੂ ਕੀਤੇ ਹਨ।

ਉਨ੍ਹਾਂ ਨੇ ਟੀ ਬੀ ਖਾਤਮੇ ਵਿੱਚ ਰਾਜ ਦੀ ਤਕਨੀਕੀ ਪਹਿਲਾਂ ਬਾਰੇ ਵਿੱਚ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਰਾਜ ਵਿੱਚ ਟੀ ਬੀ ਖਾਤਮੇ ਲਈ ਇੱਕ ਸੁਵਿਵਸਥਿਤ ਤਿਨ-ਪੱਧਰੀ ਏ ਆਈ ਰਣਨੀਤੀ ਲਾਗੂ ਕੀਤੀ ਗਈ ਹੈ ਜਿਸ ਦੇ ਤਹਿਤ ਸਕ੍ਰੀਨਿੰਗ, ਮਰੀਜਾਂ ਦੀ ਨਿਗਰਾਨੀ ਅਤੇ ਭੌਗੋਲਿਕ ਪ੍ਰਾਥਮਿਕਤਾ ਨਿਰਧਾਰਨ ਨੂੰ ਮਜਬੂਤ ਕੀਤਾ ਜਾ ਰਿਹਾ ਹੈ।

# 300 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਬੈਂਕਾਂ ਵਿਖੇ ਨਗਰ ਕੀਰਤਨ ਸਜਾਏ



**ਝਬਾਲ, (ਹਰਜਿੰਦਰ ਸਿੰਘ ਸੋਨੀ)**- ਸੰਪਰਦਾਇ ਦਲ ਬਾਬਾ ਬਿਧੀ ਚੰਦ ਜੀ ਦੇ ਬਾਰਵੇਂ ਜਾਨਸ਼ੀਨ ਜਥੇ; ਬਾਬਾ ਅਵਤਾਰ ਸਿੰਘ ਦੇ ਸਹਿਯੋਗ ਸਦਕਾ ਨਗਰ ਬੈਂਕਾਂ ਨਿਵਾਸੀ ਸੰਗਤਾਂ ਵੱਲੋਂ ਆਪਣੇ ਵਡੇਰੇ ਸ਼ਹੀਦ ਬਾਬਾ ਤਾਰਾ ਸਿੰਘ ਜੀ ਅਤੇ ਉਨ੍ਹਾਂ ਨਾਲ ਸ਼ਹੀਦ ਹੋਏ ਸਮੂਹ ਸਿੰਘਾਂ ਦੇ ਤਿੰਨ ਸੌ ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ ਜੋ ਗੁ; ਪਾਤਸ਼ਾਹੀ ਪੰਜਵੀਂ ਤੋਂ ਆਰੰਭ ਹੋ ਕੇ ਇਹ ਖਾਲਸਾ ਮਾਰਚ ਰੂਪ ਵਿੱਚ ਪੰਜ ਪਿਆਰਿਆਂ ਦੀ ਅਗਵਾਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਪਿੰਡ ਪਿੰਡ ਸਿੱਖੀ ਪ੍ਰਚਾਰ ਕਰਦਿਆਂ ਪਿੰਡ ਵਾਂ ਬਾਬਾ ਤਾਰਾ ਸਿੰਘ ਪਹੁੰਚਿਆ, ਆਰੰਭਤਾ ਦੀ ਅਰਦਾਸ ਵੇਲੇ ਜਥੇਦਾਰ ਬਾਬਾ ਅਵਤਾਰ ਸਿੰਘ ਸੁਰ ਸਿੰਘ ਵਾਲੇ, ਕਵੀਸ਼ਰ ਗੁਰਜੰਟ ਸਿੰਘ ਬੈਂਕਾ, ਹਰੀ ਸਿੰਘ, ਗਿ. ਪਰਮਜੀਤ ਸਿੰਘ, ਬਾਬਾ ਨਿਸ਼ਾਨ ਸਿੰਘ, ਸੁਖਪਾਲ ਸਿੰਘ, ਬਲਜੀਤ ਸਿੰਘ ਫੌਜੀ, ਮੁਖ਼ਤਾਰ ਸਿੰਘ, ਰਣਜੀਤ ਸਿੰਘ, ਕੇਵਲ ਸਿੰਘ ਫੌਜੀ, ਅਮਰੀਕ ਸਿੰਘ ਫੌਜੀ, ਕਾਰਜ ਸਿੰਘ, ਕਾਲਾ ਸਿੰਘ, ਅਵਤਾਰ ਸਿੰਘ, ਗੁਰਤਾਰ ਸਿੰਘ ਠੇਕੇਦਾਰ, ਤਰਲੋਚਨ ਸਿੰਘ, ਗੁਰਦੀਪ ਸਿੰਘ ਅਤੇ ਸਤਨਾਮ ਸਿੰਘ ਆਦਿ ਮੌਜੂਦ ਸਨ।

# ‘ਆਪਣਾ ਕਾਰੋਬਾਰ ਆਪਣੀ ਪਹਿਚਾਣ’ ਮੁਹਿੰਮ ਤਹਿਤ ਵਿਸ਼ਵ ਮਹਿਲਾ ਦਿਵਸ ਮੌਕੇ ਸਮਾਗਮ ਆਯੋਜਿਤ

**ਗੁਰਦਾਸਪੁਰ (ਜਨਕ ਮਹਾਜਨ)**- ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਿਤ ਪੰਜਾਬ ਸਰਕਾਰ ਵੱਲੋਂ ਕਲਾ ਕੇਂਦਰ ਗੁਰਦਾਸਪੁਰ ਵਿੱਚ ‘ਆਪਣਾ ਕਾਰੋਬਾਰ, ਆਪਣੀ ਪਹਿਚਾਣ’ ਮੁਹਿੰਮ ਤਹਿਤ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਹਲਕਾ ਇੰਚਾਰਜ ਗੁਰਦਾਸਪੁਰ ਸ੍ਰੀ ਰਮਨ ਬਹਿਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਗੁਰਪ੍ਰੀਤ ਸਿੰਘ ਗਿੱਲ,ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਤੇ ਸੀ.ਈ.ਓ ਮੈਡਮ ਜ਼ੀਨਤ ਖਹਿਰਾ ਵੀ ਮੌਜੂਦ ਸਨ। ਇਸ ਮੌਕੇ ਉਨ੍ਹਾਂ ਵਲੋਂ ਆਪਣੇ ਉੱਦਮ ਨਾਲ ਸਮਾਜ ਵਿੱਚ ਮਿਸਾਲ ਬਣੀਆਂ ਸੈਂਕੜੇ ਮਹਿਲਾ ਉਦਮੀਆਂ ਨੂੰ ਪ੍ਰਸ਼ੰਸਾ ਪੱਤਰ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਰਮਨ ਬਹਿਲ ਨੇ ਕਿਹਾ ਕਿ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਮਹਿਲਾਵਾਂ ਨੂੰ ਆਰਥਿਕ ਤੌਰ ‘ਤੇ ਮਜ਼ਬੂਤ ਬਣਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਸੈਲਫ ਹੈਲਪ ਗਰੁੱਪਾਂ ਰਾਹੀਂ ਔਰਤਾਂ ਨੂੰ ਆਪਣਾ ਕਾਰੋਬਾਰ ਸ਼ੁਰੂ ਕਰਨ ਲਈ ਵਧੀਆ ਪਲੇਟਫਾਰਮ ਮੁਹੱਈਆ ਕਰਵਾਇਆ ਗਿਆ ਹੈ।ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਦੇ ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ ਰਾਹੀਂ ਮਹਿਲਾਵਾਂ ਨੂੰ ਸਵੈ-ਨਿਰਭਰ ਬਣਾਉਣ ਲਈ ਲਗਾਤਾਰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਇਸ ਮਿਸ਼ਨ ਤਹਿਤ ਔਰਤਾਂ ਨੂੰ ਖੇਤੀਬਾੜੀ, ਘਰੇਲੂ ਉਦਯੋਗਾਂ ਅਤੇ ਸੇਵਾ ਖੇਤਰ ਨਾਲ ਜੋੜ ਕੇ ਆਰਥਿਕ ਤੌਰ ‘ਤੇ ਮਜ਼ਬੂਤ ਬਣਾਇਆ ਜਾ ਰਿਹਾ ਹੈ।ਉਨ੍ਹਾਂ ਮਹਿਲਾਵਾਂ ਨੂੰ ਅਪੀਲ ਕੀਤੀ ਕਿ ਉਹ ਖੁਦ ਦਾ ਕਾਰੋਬਾਰ ਸ਼ੁਰੂ ਕਰਕੇ ਆਪਣੀ ਵੱਖਰੀ ਪਹਿਚਾਣ ਬਣਾਉਣ, ਜਿਸ ਲਈ ਪੰਜਾਬ ਸਰਕਾਰ ਵੱਲੋਂ ਹਰ ਸੰਭਵ ਸਹਾਇਤਾ ਦਿੱਤੀ ਜਾ ਰਹੀ ਹੈ।ਇਸ ਮੌਕੇ ਪ੍ਰੋਫੈਸਰ ਰਾਜ ਕੁਮਾਰ ਸ਼ਰਮਾ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਐਡਵੋਕੇਟ ਸੁੱਚਾ ਸਿੰਘ ਮੁਲਤਾਨੀ ਅਤੇ ਜਤਿੰਦਰ ਕੌਰ, ਸ਼੍ਰੀਮਤੀ ਨੀਲਮ ਘੁਮਾਣ ਜ਼ਿਲ੍ਹਾ ਮਹਿਲਾ ਵਿੰਗ ਪ੍ਰਧਾਨ ਸ਼੍ਰੀ ਹਰਗੋਬਿੰਦਪੁਰ, ਸ਼੍ਰੀਮਤੀ ਰਾਣੀ ਹਲਕਾ ਕੋਆਰਡੀਨੇਟਰ ਗੁਰਦਾਸਪੁਰ, ਸ਼੍ਰੀਮਤੀ ਰੁਪਲ ਖੋਸਲਾ ਇਨਰਵੀਵ ਕਲੱਬ ਇੰਚਾਰਜ ਗੁਰਦਾਸਪੁਰ, ਸ਼੍ਰੀਮਤੀ ਰਾਜਬੀਰ ਕੌਰ ਡੇਰਾ ਬਾਬਾ ਨਾਨਕ, ਸ਼੍ਰੀਮਤੀ ਦਵਿੰਦਰ ਕੌਰ ਫਤਿਹਗੜ੍ਹ ਚੂੜੀਆ, ਸ਼੍ਰੀਮਤੀ ਸਾਹਿਬ ਕੌਰ ਮਹਿਲਾ ਵਿੰਗ ਇੰਚਾਰਜ ਗੁਰਦਾਸਪੁਰ, ਸ਼੍ਰੀਮਤੀ ਮੀਨੂ ਬਾਲਾ, ਸ਼ੋਸ਼ਲ ਵਰਕਰ ਪਨਿਆੜ, ਸ਼੍ਰੀਮਤੀ ਰਣਜੀਤ ਕੋਰ, ਸ਼੍ਰੀਮਤੀ ਮਧੂ ਥਾਪਾ ਦੀਨਾਨਗਰ, ਸ਼੍ਰੀਮਤੀ ਅੰਜਲੀ ਦੀਨਾਨਗਰ,ਡੀ.ਪੀ.ਐਮ ਅਮਰਪਾਲ ਸਿੰਘ, ਡੀ.ਐਫ.ਐਮ ਵਰਿੰਦਰ ਸਿੰਘ ਰੰਧਾਵਾ, ਰਾਕੇਸ਼ ਸ਼ਰਮਾ ਸੀਨੀਅਰ ਆਗੂ ਆਮ ਆਦਮੀ ਪਾਰਟੀ, ਹੈਪੀ ਲੌਂਗੀਆ ਸੀਨੀਅਰ ਆਗੂ ਆਮ ਆਦਮੀ ਪਾਰਟੀ, ਸਾਬੀ ਉਦਯੋਗਪਤੀ, ਕੁਲਦੀਪ ਸਿੰਘ, ਗੋਰਵ ਕੁਮਾਰ, ਬੀ.ਪੀ.ਐਮ ਸਤਿੰਦਰ ਕੌਰ, ਬੀ.ਪੀ.ਐਮ ਆਲਮਜੋਤ ਸਿੰਘ, ਬੀ.ਪੀ.ਐਮ ਰੁਪਿੰਦਰ ਕੌਰ, ਸ਼੍ਰੀਮਤੀ ਅਮਰਜੋਤ ਕੌਰ, ਸ਼੍ਰੀਮਤੀ ਯੋਗਿਤਾ, ਸ਼੍ਰੀਮਤੀ ਜੋਤੀ ਕੁਮਾਰੀ, ਸ਼੍ਰੀਮਤੀ ਸ਼ੀਤਲ ਸ਼ਰਮਾ, ਸੀ.ਸੀ ਨਵਤੇਜ ਸਿੰਘ, ਸੀ.ਸੀ. ਹਰਪ੍ਰੀਤ ਸਿੰਘ ਬਾਜਵਾ, ਸੀ.ਸੀ. ਨਵਜੋਤ ਸਿੰਘ, ਸੀ. ਸੀ. ਭੁਪਿੰਦਰ ਸਿੰਘ, ਸੀ. ਸੀ. ਗੀਤਾ ਜੋਤੀ, ਸੀ. ਸੀ. ਹਰਪ੍ਰੀਤ ਕੌਰ, ਸੀ. ਸੀ. ਸਵਰਨ ਦਾਸ, ਸੀ. ਸੀ. ਵਿਨਤਾ ਸ਼ਰਮਾ, ਸੀ. ਸੀ. ਸੁਨੀਲ ਕੁਮਾਰ, ਸੀ. ਸੀ. ਪੂਨਮ, ਸੀ. ਸੀ. ਮਨਜੀਤ ਕੌਰ, ਸੀ. ਸੀ ਰਾਜੇਸ਼ ਕੁਮਾਰ, ਐਸ.ਡੀ.ਓ ਕੰਵਰਜੀਤ ਰੱਤੜਾ ਅਤੇ ਦਮਨਦੀਪ ਸਿੰਘ ਹੈਰੀਟੇਜ ਸੁਸਾਇਟੀ ਆਦਿ ਹਾਜਰ ਸਨ।



# ਭਰਤੀ ਸਬੰਧੀ ਸੀ-ਪਾਈਟ ਕੈਂਪ ਥੇਹ ਕਾਂਜਲਾ ਵਿਖੇ ਮੁਫਤ ਟ੍ਰੇਨਿੰਗ ਸ਼ੁਰੂ

**ਪੱਟੀ, (ਬਲਦੇਵ ਸਿੰਘ ਸੰਧੂ)**- ਸੀ-ਪਾਈਟ ਕੈਂਪ ਕਪੂਰਥਲਾ ਦੇ ਅਧਿਕਾਰੀ ਕੈਪਟਨ ਅਜੀਤ ਸਿੰਘ ਨੇ ਦੱਸਿਆ ਕਿ ਸੀ-ਪਾਈਟ ਕਪੂਰਥਲਾ ਵਿਖੇ ਆਰਮੀ ਦੀ ਰਜਿਸਟਰੇਸ਼ਨ 13 ਫਰਵਰੀ ਤੋਂ 1 ਅਪ੍ਰੈਲ ਤੱਕ ਸ਼ੁਰੂ ਹੋ ਗਈ ਹੈ।ਇਸੇ ਤਰ੍ਹਾਂ ਪੰਜਾਬ ਪੁਲਸ ਦੀ ਰਜਿਸਟਰੇਸ਼ਨ 10 ਤੋਂ 30 ਮਾਰਚ ਤੱਕ ਹੈ।ਉਨ੍ਹਾਂ ਯੁਵਕਾਂ ਨੂੰ ਜਲਦੀ ਤੋਂ ਜਲਦੀ ਰਜਿਸਟਰੇਸ਼ਨ ਕਰਕੇ ਸੀ-ਪਾਈਟ ਕੈਂਪ ਥੇਹ ਕਾਂਜਲਾ, ਕਪੂਰਥਲਾ ਵਿਖੇ ਪਹੁੰਚਣ ਦੀ ਅਪੀਲ ਕੀਤੀ।ਉਨ੍ਹਾਂ ਦੱਸਿਆ ਕਿ ਆਰਮੀ ਅਗਨੀਵੀਰ ਵਿਚ ਭਰਤੀ ਲਈ ਲਿਖਤੀ ਪੇਪਰ ਲਈ ਕਲਾਸਾਂ 16 ਫਰਵਰੀ ਤੋਂ ਅਤੇ ਪੰਜਾਬ ਪੁਲਸ ਦੀਆਂ ਲਿਖਤੀ ਪੇਪਰ ਦੀਆਂ ਕਲਾਸਾਂ 10 ਮਾਰਚ ਤੋਂ ਸ਼ੁਰੂ ਹੋ ਗਈਆਂ ਹਨ।ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ, ਆਰਮੀ ਫਿਜ਼ੀਕਲ ਦੀ ਟ੍ਰੇਨਿੰਗ ਸੀ-ਪਾਈਟ ਕੈਂਪ ਕਪੂਰਥਲਾ ਵਿਖੇ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀ ਹੈ।ਉਨ੍ਹਾਂ ਕਿਹਾ ਕਿ ਜਿਹੜੇ ਯੁਵਕ ਜ਼ਿਲ੍ਹਾ ਤਰਨ ਤਾਰਨ, ਅੰਮ੍ਰਿਤਸਰ ਅਤੇ ਕਪੂਰਥਲਾ ਨਾਲ ਸਬੰਧਿਤ ਹਨ ਅਤੇ ਐੱਸ. ਐੱਸ.ਸੀ/ਆਰਮੀ ਅਗਨੀਵੀਰ/ਪੰਜਾਬ ਪੁਲਸ ਦੇ ਲਿਖਤੀ ਪੇਪਰ/ਫਿਜ਼ੀਕਲ ਟੈਸਟ ਦੀ ਤਿਆਰੀ ਕਰਨਾ ਚਾਹੁੰਦੇ ਹਨ, ਉਹ ਯੁਵਕ ਸੀ-ਪਾਈਟ ਕੈਂਪ ਥੇਹ ਕਾਂਜਲਾ, ਕਪੂਰਥਲਾ ਵਿਖੇ ਆ ਕੇ ਮੁਫ਼ਤ ਤਿਆਰੀ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਕੈਂਪ ਵਿਚ ਯੁਵਕਾਂ ਵਾਸਤੇ ਜਿੰਮ ਅਤੇ ਸਮਾਰਟ ਕਲਾਸ, ਵਧੀਆ ਗਰਾਂਊਂਡ (400 ਮੀਟਰ ਟ੍ਰੈਕ), ਵਧੀਆ ਵਾਲੀਬਾਲ ਗਰਾਂਊਂਡ ਅਤੇ ਹੋਰ ਕਈ ਖੇਡਾਂ ਦਾ ਖਾਸ ਪ੍ਰਬੰਧ ਹੈ।ਕੈਂਪ ਦੀ ਟ੍ਰੇਨਿੰਗ ਲੈਣ ਲਈ ਦਸਤਾਵੇਜ਼ਾਂ ਦੀਆ ਫੋਟੋ ਕਾਪੀਆਂ ਜਿਵੇਂ ਆਧਾਰ ਕਾਰਡ, ਦਸਵੀਂ ਜਾਂ ਬਾਰ੍ਹਵੀਂ ਕਾਲਸ ਦਾ ਸਰਟੀਫਿਕੇਟ, ਜਾਤੀ ਸਰਟੀਫਿਕੇਟ ਅਤੇ ਦੋ ਪਾਸਪੋਰਟ ਸਾਈਜ਼ ਫੋਟੋਗਰਾਫ ਅਤੇ ਫੋਟੋ ਕਾਪੀ ਨਾਲ ਲੈ ਕੇ ਕੈਂਪ ਵਿਚ ਰਿਪੋਰਟ ਕਰ ਸਕਦੇ ਹਨ ।ਕੈਂਪ ਦੇ ਅਧਿਕਾਰੀ ਦੇ ਦੱਸਿਆ ਕਿ ਟ੍ਰੇਨਿੰਗ ਦੌਰਾਨ ਯੁਵਕਾਂ ਨੂੰ ਟ੍ਰੇਨਿੰਗ, ਪੜ੍ਹਾਈ, ਰਿਹਾਇਸ਼ ਅਤੇ ਖਾਣਾ ਪੰਜਾਬ ਸਰਕਾਰ ਵੱਲੋਂ ਮੁਫ਼ਤ ਦਿੱਤਾ ਜਾਵੇਗਾ।

# ਖੰਡੇ ਬਾਟੇ ਦੀ ਪਾਹੁਲ ਪ੍ਰਾਪਤ ਕਰਨ ਵਾਲੇ ਜਰਮਨ ਵਾਸੀ ਜਗਜੋਤ ਸਿੰਘ ਦਾ ਵਿਸ਼ੇਸ਼ ਸਨਮਾਨ

**ਪੱਟੀ (ਬਲਦੇਵ ਸਿੰਘ ਸੰਧੂ)**- ਸ਼ਹੀਦ ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਐਂਡ ਵੈੱਲਫੇਅਰ ਸੋਸਾਇਟੀ ਰਜਿਸਟਰਡ ਪੰਜਾਬ ਵੱਲੋਂ ਜਵਾਨੀ ਨੂੰ ਬਚਾਉਣ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ। ਜੋ ਵੀ ਬੱਚੇ ਬੱਚੀਆਂ ਸਮਾਜਿਕ ਕੁਰੀਤੀਆਂ ਦੇ ਵਿੱਚੋਂ ਬਾਹਰ ਨਿਕਲ ਕੇ ਗੁਰੂ ਆਸ਼ੇ ਅਨੁਸਾਰ ਜੀਵਨ ਬਸਰ ਕਰਨ ਦਾ ਪ੍ਰਣ ਕਰਦੇ ਹਨ ਅਤੇ ਗੁਰੂ ਜੀ ਵੱਲੋਂ ਬਖਸ਼ੀ ਗਈ ਖੰਡੇ ਬਾਟੇ ਦੀ ਪਹੁਲ ਪ੍ਰਾਪਤ ਕਰਕੇ ਗੁਰੂ ਜੀ ਦੇ ਜਹਾਜੇ ਚੜਦੇ ਹਨ ਉਨ੍ਹਾਂ ਦੀ ਹੌਂਸਲਾ ਅਫਜ਼ਾਈ ਕੀਤੀ ਜਾਂਦੀ ਹੈ।ਇਹ ਪ੍ਰਗਟਾਵਾ ਸੁਸਾਇਟੀ ਦੇ ਕਨਵੀਨਰ ਭਾਈ ਸੰਦੀਪ ਸਿੰਘ ਖਾਲੜਾ, ਪ੍ਰਧਾਨ ਭਾਈ ਸੰਤੋਖ ਸਿੰਘ ਪੱਟੀ, ਮੀਤ ਪ੍ਰਧਾਨ ਭਾਈ ਹੀਰਾ ਸਿੰਘ ਸੋਹਲ, ਦਸਤਾਰ ਕੋਆਡੀਨੇਟਰ ਹਰਪ੍ਰੀਤ ਸਿੰਘ ਪੱਟੀ ਤੇ ਸਿੱਖ ਪ੍ਰਚਾਰਕ ਭਾਈ ਜਗਜੀਤ ਸਿੰਘ ਅਹਿਮਦਪੁਰ ਨੇ ਪ੍ਰੈੱਸ ਨਾਲ ਗੱਲਬਾਤ ਦੌਰਾਨ ਕੀਤਾ।ਉਨ੍ਹਾਂ ਕਿਹਾ ਕਿ ਜਰਮਨ ਤੋਂ ਪਹੁੰਚੇ ਵੀਰ ਹਰਜੋਤ ਸਿੰਘ ਨੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਖੰਡੇ ਬਾਟੇ ਦੀ ਪਾਹੁਲ ਪ੍ਰਾਪਤ ਕੀਤੀ ਅਤੇ ਗੁਰੂ ਰਾਮਦਾਸ ਦੇ ਦਰ ’ਤੇ ਸ਼ੁਕਰਾਨਾ ਕੀਤਾ।ਸੋਸਾਇਟੀ ਵੱਲੋਂ ਉਨ੍ਹਾਂ ਦੇ ਸਮੁੱਚੇ ਪਰਿਵਾਰ ਨੂੰ ਗੁਰੂ ਦੀ ਬਖਸ਼ਿਸ਼ ਸਿਰੋਪਾਓ ਅਤੇ ਭਾਈ ਹਰਜੋਤ ਸਿੰਘ ਜੀ ਨੂੰ ਸ਼ੀਲਡ ਦੇ ਕੇ ਸਨਮਾਨਿਤ ਕੀਤਾ ਗਿਆ।ਉਨ੍ਹਾਂ ਕਿਹਾ ਕਿ ਗੁਰੂ ਰਾਮਦਾਸ ਜੀ ਦੇ ਸਨਮੁਖ ਅਰਦਾਸ ਹੈ ਕਿ ਬੇਟੇ ਦੀ ਸਿੱਖੀ ਕੇਸਾਂ ਸਵਾਸਾਂ ਸੰਗ ਨਿਭ ਜਾਵੇ।ਉਨ੍ਹਾਂ ਨੇ ਪੰਜਾਬ ਦੇ ਨੌਜਵਾਨਾਂ ਨੂੰ ਇਹੋ ਜਿਹੇ ਵੀਰਾਂ ਤੋਂ ਪ੍ਰੇਰਨਾ ਲੈ ਕੇ ਖੰਡੇ ਬਾਟੇ ਦੀ ਪੋਲ ਛਕਣ ਦੇ ਲਈ ਪ੍ਰੇਰਿਤ ਕੀਤਾ।ਇਸ ਮੌਕੇ ਸੋਸਾਇਟੀ ਦੇ ਸਕੱਤਰ ਭਾਈ ਨਿਰਮਲ ਸਿੰਘ ਸੁਰ ਸਿੰਘ, ਮੀਤ ਸਕੱਤਰ ਹਰਚਰਨ ਸਿੰਘ ਉਬੋਕੇ, ਖਜਾਨਚੀ ਭਾਈ ਗੁਰਜੰਟ ਸਿੰਘ ਭਿੱਖੀਵਿੰਡ, ਭਾਈ ਹਰਜੀਤ ਸਿੰਘ, ਅਕਾਸ਼ਦੀਪ ਸਿੰਘ ਪੱਟੀ, ਵਜ਼ੀਰ ਸਿੰਘ ਆਸਲ, ਨਿੰਦਰਪਾਲ ਸਿੰਘ ਮੱਖੂ, ਹਰਮਨਦੀਪ ਸਿੰਘ, ਸੁਖਮਨਦੀਪ ਸਿੰਘ ਹੁਸਨਦੀਪ ਸਿੰਘ ਮੱਖੂ, ਗਗਨਦੀਪ ਸਿੰਘ ਭਿੱਖੀਵਿੰਡ, ਸੁਖਵਿੰਦਰ ਸਿੰਘ ਖਾਲੜਾ, ਦਿਲਬਾਗ ਸਿੰਘ ਡੱਲ ਆਦਿ ਹਾਜ਼ਰ ਸਨ।



# ਬੀਬੀ ਕੰਚਨਪ੍ਰੀਤ ਕੌਰ ਅਕਾਲੀ ਆਗੂ ਪ੍ਰਮਜੀਤ ਸਿੰਘ ਦੇ ਘਰ ਧੰਨਵਾਦ ਕਰਨ ਪੁੱਜੇ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਵਿਧਾਨ ਸਭਾ ਹਲਕਾ ਤਰਨਤਾਰਨ ਵਿਖੇ ਬੀਤੇ ਸਮੇਂ ਹੋਈ ਜਿਮਨੀ ਚੋਣ ਮੌਕੇ ਹਲਕਾ ਤਰਨ ਤਾਰਨ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਪ੍ਰਿੰਸੀਪਲ ਬੀਬੀ ਸੁਖਵਿੰਦਰ ਕੌਰ ਰੰਧਾਵਾ ਦੀ ਚੋਣ ਮੁਹਿੰਮ ਦੌਰਾਨ ਡਟ ਕੇ ਸਾਥ ਦੇਣ ਵਾਲੇ ਆਗੂਆਂ ਤੇ ਵਰਕਰਾਂ ਦਾ ਅਕਾਲੀ ਆਗੂ ਬੀਬੀ ਕੰਚਨਪ੍ਰੀਤ ਕੌਰ (ਪੁੱਤਰੀ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ) ਵੱਲੋਂ ਹਲਕੇ ਦੇ ਪਿੰਡ-ਪਿੰਡ ਅਤੇ ਘਰ-ਘਰ ਜਾ ਕੇ ਕੀਤੇ ਜਾ ਰਹੇ ਧੰਨਵਾਦੀ ਦੌਰਿਆਂ ਦੌਰਾਨ ਬੀਤੇ ਕੱਲ ਪਿੰਡ ਮਾਲੂਵਾਲ (ਤਰਨਤਾਰਨ) ਤੋਂ ਸੀਨੀਅਰ ਅਕਾਲੀ ਆਗੂ ਜਥੇਦਾਰ ਭਾਈ ਪ੍ਰਮਜੀਤ ਸਿੰਘ ਮਾਲੂਵਾਲ ਦੇ ਗ੍ਰਹਿ ਵਿਖੇ ਬੀਬੀ ਕੰਚਨਪ੍ਰੀਤ ਕੌਰ ਪੁੱਜੇ ਜਿੱਥੇ ਉਨ੍ਹਾਂ ਵੱਲੋਂ ਅਕਾਲੀ ਆਗੂ ਪ੍ਰਮਜੀਤ ਸਿੰਘ ਮਾਲੂਵਾਲ ਅਤੇ ਉਨ੍ਹਾਂ ਦੇ ਪ੍ਰੀਵਾਰ ਸਮੇਤ ਪਿੰਡ ਵਾਸੀਆਂ ਦਾ ਚੋਣਾਂ ਮੌਕੇ ਡਟਵਾਂ ਸਾਥ ਦੇਣ ਲਈ ਧੰਨਵਾਦ ਕੀਤਾ।ਉਪਰੰਤ ਬੀਬੀ ਕੰਚਨਪ੍ਰੀਤ ਕੌਰ ਵੱਲੋਂ ਬੀਤੇ ਦਿਨੀਂ ਪਿੰਡ ਮਾਲੂਵਾਲ ਤੋਂ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ ਬੀਬੀ ਸੁਰਜੀਤ ਕੌਰ ਪਤਨੀ ਪੁੱਤਰ ਗੁਰਦੇਵ ਸਿੰਘ, ਦਲਬੀਰ ਸਿੰਘ ਫੌਜੀ ਆਦਿ ਪ੍ਰੀਵਾਰਿਕ ਮੈਂਬਰਾਂ ਨਾਲ ਉਨਾਂ ਦੇ ਗ੍ਰਹਿ ਵਿਖੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਜਦ ਕਿ ਦਲਜੀਤ ਸਿੰਘ ਐਮਾ ਸਾਬਕਾ ਡਾਇਰੈਕਟਰ, ਸਾਬਕਾ ਸਰਪੰਚ ਮਨਜਿੰਦਰ ਸਿੰਘ ਐਮਾਂ ਕਲਾਂ, ਸਰਪੰਚ ਬੱਬੂ ਪਲਾਸੌਰ, ਗੁਰਸੇਵਕ ਸਿੰਘ ਐਮਾਂ ਕਲਾਂ, ਬਾਬਾ ਹਰਪ੍ਰੀਤ ਸਿੰਘ ਮਾਲੂਵਾਲ, ਨਿਰਮਲ ਸਿੰਘ ਮੈਂਬਰ, ਹਰਦਿਆਲ ਸਿੰਘ, ਸਤਨਾਮ ਸਿੰਘ, ਬਿੱਟੂ ਬਹਿਕਾਂ ਵਾਲੇ, ਮੋਹਪ੍ਰੀਤ ਸਿੰਘ ਮਾਲੂਵਾਲ ਆਦਿ ਵੀ ਹਾਜ਼ਰ ਸਨ।



# ਪੁਲ ਤਿੱਬੜੀ ਦੇ ਅੰਮ੍ਰਿਤ ਸਰੋਵਰ ਦਾ ਕੰਮ ਢਾਈ ਸਾਲਾਂ ਤੋਂ ਅਧੂਰਾ ਪਿਐ, ਲੋਕਾਂ ’ਚ ਨਿਰਾਸ਼ਾ

**ਗੁਰਦਾਸਪੁਰ, (ਜਨਕ ਮਹਾਜਨ)**- ਨਹਿਰੀ ਵਿਭਾਗ ਦੀ ਸਬ ਡਿਵੀਜ਼ਨ ਪੁੱਲ ਤਿਬੜੀ ਵਿਖੇ 2024 ਵਿਚ 10 ਲੱਖ ਰੁਪਏ ਦੀ ਲਾਗਤ ਨਾਲ ਅੰਮ੍ਰਿਤ ਸਰੋਵਰ ਦਾ ਕੰਮ ਸ਼ੁਰੂ ਕੀਤਾ ਗਿਆ ਸੀ ਜੋ ਢਾਈ ਸਾਲ ਦਾ ਸਮਾਂ ਬੀਤ ਜਾਣ ’ਤੇ ਨਹੀਂ ਬਣ ਸਕਿਆ ਜਿਸ ਕਰਕੇ ਲੋਕਾਂ ਦਾ ਵਿਭਾਗ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਨਹਿਰ ਕੰਢੇ ਬਣੀ ਸੜਕ ਨੂੰ ਇੰਟਰਲਾਕ ਲਗਵਾਉਣ ਦਾ ਕੰਮ ਵੀ ਲਟਕਿਆ ਹੋਇਆ ਹੈ। ਇਸ ਇਲਾਕੇ ਦੇ ਲੋਕਾਂ ਤੇ ਸਮਾਜ ਸੇਵੀ ਜਥੇਬੰਦੀਆਂ ਦੇ ਆਗੂਆਂ ਨੇ ਅਜੀਤ ਦੇ ਪ੍ਰਤਿਨਿਧ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਢਾਈ ਸਾਲ ਪਹਿਲਾਂ ਡੀ. ਸੀ. ਹਿਮਾਂਸ਼ੂ ਅਗਰਵਾਲ ਨੇ ਨਹਿਰੀ ਵਿਭਾਗ ਗੁਰਦਾਸਪੁਰ ਤੋਂ 2024 ਵਿੱਚ ਅੰਮ੍ਰਿਤ ਸਰੋਵਰ ਦਾ ਕੰਮ ਆਰੰਭ ਕਰਵਾਇਆ ਸੀ ਅਤੇ ਅੰਮ੍ਰਿਤ ਸਰੋਵਰ ਦੀ ਚਾਰ ਦੀਵਾਰੀ ਹੋਈ ਹੈ ਪਰ ਅੰਮ੍ਰਿਤ ਸਰੋਵਰ ਪੂਰਨ ਤੌਰ ’ਤੇ ਨਹੀਂ ਬਣ ਸਕਿਆ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅੰਮ੍ਰਿਤਸਰ ਸਰੋਵਰ ਦੀ ਇਸ ਇਸ ਕਰਕੇ ਲੋੜ ਪਈ ਸੀ ਕਿ ਲੋਕ ਗਰਮੀਆਂ ਦੇ ਮੌਸਮ ਵਿੱਚ ਨਹਿਰ ਅਪਰ ਬਾਰੀ ਤੇ ਕਸੂਰ ਬਰਾਂਚ ਨਹਿਰ ਵਿੱਚ ਨਹਾ ਕੇ ਗਰਮੀਆਂ ਦਾ ਆਨੰਦ ਮਾਣਦੇ ਸਨ। ਉਨ੍ਹਾਂ ਦੱਸਿਆ ਕਿ ਸਰੋਵਰ ਦੀ ਖੂਬਸੂਰਤੀ ਵਧਾਉਣ ਵਾਸਤੇ ਨਹਿਰ ਦੇ ਦੋਵਾਂ ਕੰਢਿਆਂ ਤੇ ਇੰਟਰਲਾਕ ਟਾਈਲਾਂ ਵੀ ਲਗਾਈਆਂ ਜਾਣੀਆਂ ਸਨ ਅਤੇ ਉਹ ਵੀ ਕੰਮ ਨਹੀਂ ਹੋ ਸਕਿਆ ਜਿਸ ਕਰਕੇ ਮਹਿਕਮੇ ’ਤੇ ਕਈ ਤਰ੍ਹਾਂ ਦੇ ਸਵਾਲ ਉਠ ਰਹੇ ਹਨ। ਉਨ੍ਹਾਂ ਦੱਸਿਆ ਕਿ ਗਰਮੀਆਂ ਵਿੱਚ ਪੁਲ ਤਿੱਬੜੀ ਵਿਖੇ ਵੱਖ-ਵੱਖ ਰਾਜਾਂ ਤੋਂ ਕਾਫੀ ਟੂਰਿਸਟ ਆ ਕੇ ਇਥੇ ਨਹਿਰ ਕੰਡੇ ਬੈਠਦੇ ਹਨ ਜਿਸ ਕਰਕੇ ਲੋਕਾਂ ਦੀ ਸਹੂਲਤ ਵਾਸਤੇ ਅੰਮ੍ਰਿਤ ਸਰੋਵਰ ਨੂੰ ਪ੍ਰਵਾਨਗੀ ਦਿੱਤੀ ਗਈ ਸੀ। ਉਨ੍ਹਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਐਕਸੀਅਨ ਗੁਰਦਾਸਪੁਰ ਨੂੰ ਹਦਾਇਤਾਂ ਕਰਕੇ ਅਪ੍ਰੈਲ ਮਹੀਨੇ ਤੋਂ ਅੰਮ੍ਰਿਤ ਸਰੋਵਰ ਨੂੰ ਚਾਲੂ ਕਰਵਾਉਣ ਦੇ ਨਾਲ ਨਾਲ ਇੰਟਰਲਾਕ ਟਾਈਲਾਂ ਸੜਕਾਂ ਕੰਢੇ ਲਗਵਾਉਣ ਦੀਆਂ ਹਦਾਇਤਾਂ ਦਿੱਤੀਆਂ ਜਾਣ ਤਾਂ ਜੋ ਲੋਕਾਂ ਨੂੰ ਇਸ ਦਾ ਲਾਭ ਮਿਲ ਸਕੇ।



# ਅਜਨਾਲਾ ਸ਼ਹਿਰ ਨੂੰ ਨਮੂਨੇ ਦਾ ਸ਼ਹਿਰ ਬਣਾਉਣ ’ਚ ਕੋਈ ਕਸਰ ਬਾਕੀ ਨਹੀਂ ਛੱਡਾਂਗੇ : ਧਾਲੀਵਾਲ

**ਅਜਨਾਲਾ (ਸੁਖਤਿੰਦਦਰ ਸਿੰਘ ਰਾਜੂ)**- ਅਜਨਾਲਾ ਸ਼ਹਿਰ ਵਿੱਚ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂਆਂ ਦੀ ਅਹਿਮ ਬੈਠਕ ਹੋਈ ਅਤੇ ਅਮਨਦੀਪ ਕੌਰ ਧਾਲੀਵਾਲ ਨੇ ਕਿਹਾ ਕਿ ਅਜਨਾਲਾ ਸ਼ਹਿਰ ਨੂੰ ਨਮੂਨੇ ਦਾ ਸ਼ਹਿਰ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਜਨਾਲਾ ਸ਼ਹਿਰ ਵਿੱਚ ਗਲੀਆਂ ਨਾਲੀਆਂ ਦੇ ਕੰਮ ਜੰਗੀ ਪੱਧਰ ਤੇ ਚੱਲ ਰਹੇ ਹਨ ਅਤੇ ਅਜਨਾਲਾ ਸ਼ਹਿਰ ਵਿੱਚ ਸ਼ਿਵਪੁਰੀ ਦੇ ਨਿਰਮਾਣ ਕਾਰਜ, ਰਾਮਲੀਲਾ ਗਰਾਊਂਡ, ਸ਼ਿਵ ਮੰਦਿਰ ਅਤੇ ਗਊਸ਼ਾਲਾ ਵਿੱਚ ਕਰੋੜਾਂ ਦੀ ਲਾਗਤ ਨਾਲ ਨਿਰਮਾਣ ਕਾਰਜ ਜਾਰੀ ਹਨ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਅਜਨਾਲਾ ਸ਼ਹਿਰ ਵਿੱਚ ਗਊ ਭਗਤਾਂ ਦੀ ਸਹੂਲਤ ਵਾਸਤੇ ਕੀਰਤਨ ਦਰਬਾਰ ਤੋਂ ਗਊਸ਼ਾਲਾ ਤੱਕ ਨਵੇਂ ਬਾਈਪਾਸ ਦਾ ਨਿਰਮਾਣ ਕਾਰਜ ਵੀ ਜੰਗੀ ਪੱਧਰ ਤੇ ਜਾਰੀ ਹੈ। ਇਸ ਉਪਰੰਤ ਨਗਰ ਪੰਚਾਇਤ ਅਜਨਾਲਾ ਦੇ ਪ੍ਰਧਾਨ ਜਸਪਾਲ ਸਿੰਘ ਢਿੱਲੋਂ ਨੇ ਅੱਗੇ ਕਿਹਾ ਕਿ ਅਜਨਾਲਾ ਸ਼ਹਿਰ ਦਾ ਵਿਕਾਸ ਸਰਦਾਰ ਕੁਲਦੀਪ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਕੀਤਾ ਜਾਵੇਗਾ ਅਤੇ ਬਿਨਾਂ ਭੇਦ ਭਾਵ ਤੋਂ ਸ਼ਹਿਰ ਵਾਸੀਆਂ ਦੀ ਹਰ ਮੰਗ ਨੂੰ ਪੂਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਜਨਾਲਾ ਸ਼ਹਿਰ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਨੂੰ ਨਿਯਮਤ ਸਮੇਂ ਸੀਮਾ ਵਿੱਚ ਮੁਕੰਮਲ ਕਰ ਲਿਆ ਜਾਵੇਗਾ। ਇਸ ਮੌਕੇ ਕੌਂਸਲਰ ਰਾਜਬੀਰ ਕੌਰ ਚਾਹਲ, ਨੀਲਮ ਰਾਣੀ, ਅਵਿਨਾਸ਼ ਸ਼ਹਿਰੀ ਪ੍ਰਧਾਨ, ਅਮਿਤ ਸੁੱਖ ਨਿੱਜਰ ਕੋਆਰਡੀਨੇਟਰ, ਗੁਰਦੀਪ ਕੌਰ, ਸਰਬਜੀਤ ਕੌਰ, ਪ੍ਰਧਾਨ ਦਿਲਬਾਗ ਸਿੰਘ ਘੁੱਲੀ ਤੇ ਗੋਰਾ ਸੱਗੂ ਆਦਿ ਹਾਜ਼ਰ ਸਨ।



ਨਵਾਂ ਜ਼ਮਾਨਾ
ਸ਼ਨੀਵਾਰ, 14 ਮਾਰਚ 2026

# ਨਵੀਆਂ ਯਾਰੀਆਂ ਮਹਿੰਗੀਆਂ ਪੈ ਰਹੀਆਂ

ਇਹ ਨਰਿੰਦਰ ਮੋਦੀ ਸਰਕਾਰ ਦੀ ਨਾਕਾਮ ਵਿਦੇਸ਼ ਨੀਤੀ ਹੀ ਹੈ ਕਿ ਅਮਰੀਕਾ ਭਾਰਤ ਦਾ ਬੌਸ ਬਣਨ ਦੀ ਕੋਸ਼ਿਸ਼ ਕਰ ਰਿਹਾ ਹੈ, ਜਿਗਰੀ ਦੋਸਤ ਰੂਸ ਦੇ ਨਾਲ ਹੀ ਪੁਰਾਣੇ ਦੋਸਤ ਈਰਾਨ ਦੀ ਨਾਰਾਜ਼ਗੀ ਮੁੱਲ ਲੈ ਲਈ ਗਈ ਹੈ। ਈਰਾਨ 'ਤੇ ਅਮਰੀਕਾ ਤੇ ਇਜ਼ਰਾਈਲ ਦੇ ਹਮਲੇ ਦੇ ਬਾਅਦ ਭਾਰਤ ਨੂੰ ਵੀ ਭਾਰੀ ਨੁਕਸਾਨ ਉਠਾਉਣਾ ਪੈ ਰਿਹਾ ਹੈ। ਘਰੇਲੂ ਗੈਸ ਦੇ ਨਾਲ ਹੀ ਕਮਰਸ਼ੀਅਲ ਗੈਸ ਦੀ ਭਾਰੀ ਕਿੱਲਤ ਪੈਦਾ ਹੋ ਗਈ ਹੈ। ਮੋਦੀ ਅਮਰੀਕਾ ਦੇ ਦਬਾਅ ਵਿੱਚ ਨਾ ਆਉਂਦੇ ਤੇ ਇਜ਼ਰਾਈਲ ਨਾਲ ਨਾ ਖੜ੍ਹਦੇ ਤਾਂ ਈਰਾਨ ਚੀਨ ਤੇ ਰੂਸ ਦੀ ਤਰ੍ਹਾਂ ਭਾਰਤ ਨੂੰ ਵੀ ਗੈਸ ਦਿੰਦਾ ਰਹਿੰਦਾ।

ਲੋਕਾਂ ਦੀ ਗਾੜ੍ਹੀ ਕਮਾਈ 'ਤੇ ਪੂਰੀ ਦੁਨੀਆ ਘੁੰਮਣ ਵਾਲੇ ਮੋਦੀ ਇੱਕ ਸੈਲਾਨੀ ਤੋਂ ਵੱਧ ਸਾਬਤ ਨਹੀਂ ਹੋ ਸਕੇ। ਭਾਰਤੀ ਮੂਲ ਦੇ ਲੋਕਾਂ ਨੂੰ ਇਕੱਠਾ ਕਰਕੇ ਭਾਸ਼ਣ ਦੇਣ ਦੇ ਇਲਾਵਾ ਕੁਝ ਨਹੀਂ ਕਰ ਸਕੇ। ਪਾਕਿਸਤਾਨ ਨਾਲ ਜੰਗ ਵਿੱਚ ਭਾਰਤ ਅਲੱਗ-ਥਲੱਗ ਪੈ ਗਿਆ ਸੀ ਤੇ ਹੁਣ ਰੂਸ ਤੇ ਈਰਾਨ ਨੂੰ ਨਾਰਾਜ਼ ਕਰ ਲਿਆ। ਅਮਰੀਕਾ ਅਪਮਾਨ ਦੇ ਸਿਵਾਇ ਕੁਝ ਨਹੀਂ ਦੇ ਸਕਦਾ, ਇਜ਼ਰਾਈਲ ਤੋਂ ਵੱਧ ਲੈ ਨਹੀਂ ਸਕਦੇ। ਹੁਸ਼ਿਆਰ ਬਣਨ ਦੇ ਚੱਕਰ ਵਿੱਚ ਮੋਦੀ ਨੇ ਦੇਸ਼ ਅੱਗੇ ਵੱਡਾ ਸੰਕਟ ਪੈਦਾ ਕਰ ਦਿੱਤਾ ਹੈ। ਅਮਰੀਕਾ ਨਾਲ ਸੌਦੇਬਾਜ਼ੀ ਵਿੱਚ ਖੇਤੀ ਬਾਜ਼ਾਰ ਅਮਰੀਕੀ ਕਿਸਾਨਾਂ ਲਈ ਖੋਲ੍ਹ ਦਿੱਤਾ ਹੈ। ਰੂਸ ਤੋਂ ਤੇਲ ਖਰੀਦਣ ਲਈ ਅਮਰੀਕਾ ਦੀ ਮਨਜ਼ੂਰੀ ਲੈਣੀ ਪੈ ਰਹੀ ਹੈ।

ਏਨਾ ਹੋਣ ਦੇ ਬਾਵਜੂਦ ਦੇਸ਼ ਦਾ ਇੱਕ ਵੱਡਾ ਤਬਕਾ ਅੱਜ ਵੀ ਅੰਨ੍ਹੀ ਭਗਤੀ ਛੱਡ ਨਹੀਂ ਰਿਹਾ। ਇਹ ਸਭ ਇੰਜ ਹੀ ਨਹੀਂ ਹੋਇਆ। ਇੱਕ ਰਣਨੀਤੀ ਤਹਿਤ ਲੋਕਾਂ ਨੂੰ ਗੁੰਮਰਾਹ ਕੀਤਾ ਗਿਆ। ਮੀਡੀਆ ਨੂੰ ਹਾਈਜੈਕ ਕਰਕੇ ਆਪਣੇ ਹਿਸਾਬ ਨਾਲ ਖ਼ਬਰਾਂ ਪਰੋਸੀਆਂ ਗਈਆਂ। ਇਸ ਨੂੰ ਵਿਵੇਕਹੀਨਤਾ, ਅੰਧਭਗਤੀ ਤੇ ਮਾਇਆਜਾਲ ਵਿੱਚ ਫਸਣਾ ਹੀ ਮੰਨਿਆ ਜਾਵੇਗਾ ਕਿ ਮੋਦੀ ਜੀ ਬੋਲਦੇ ਰਹੇ ਤੇ ਲੋਕ ਵਿਸ਼ਵਾਸ ਕਰਦੇ ਰਹੇ। ਕੋਰੋਨਾ ਭਜਾਉਣ ਲਈ ਥਾਲੀਆਂ ਤੇ ਤਾੜੀਆਂ ਵੀ ਵਜਾਈਆਂ। 2014 ਵਿੱਚ ਪ੍ਰਧਾਨ ਮੰਤਰੀ ਬਣਨ ਤੋਂ ਲੈ ਕੇ ਹੁਣ ਤੱਕ ਮੋਦੀ ਨੇ ਸ਼ਿਗੂਫੇ ਛੱਡਣ ਤੋਂ ਇਲਾਵਾ ਕੁਝ ਨਹੀਂ ਕੀਤਾ, ਪਰ ਉਨ੍ਹਾ ਦੇ ਹਮਾਇਤੀ ਉਨ੍ਹਾ ਨੂੰ ਵਿਸ਼ਵ ਗੁਰੂ ਕਹਿੰਦੇ ਹਨ। ਅਵਤਾਰ ਦੱਸਦੇ ਹਨ। ਮਤਲਬ, ਜਿਸ ਭਾਰਤ ਦੀ ਪ੍ਰਤਿਭਾ ਦਾ ਲੋਹਾ ਦੁਨੀਆ ਮੰਨਦੀ ਹੈ, ਉਸ ਦੇ ਵੱਡੇ ਤਬਕੇ ਦੀ ਸੋਚਣ ਤੇ ਸਮਝਣ ਦੀ ਸ਼ਕਤੀ ਮੋਦੀ ਨੇ ਖਤਮ ਹੀ ਕਰ ਦਿੱਤੀ ਹੈ। 2047 ਤੱਕ ਸੱਤਾ ਵਿੱਚ ਰਹਿਣ ਲਈ 2047 ਤੱਕ 'ਵਿਕਸਤ ਭਾਰਤ' ਦਾ ਸ਼ਿਗੂਫਾ ਉਹ ਛੱਡ ਚੁੱਕੇ ਹਨ। ਹਿੰਦੂ-ਮੁਸਲਮ ਦਾ ਦਾਅ ਹੁਣ ਹਲਕਾ ਪੈਂਦਾ ਦੇਖ ਕੇ ਯੂ ਜੀ ਸੀ ਇਕਵਟੀ ਰੈਗੂਲੇਸ਼ਨਜ਼ ਐਕਟ ਬਣਾ ਕੇ ਜਾਤ ਦਾ ਦਾਅ ਚੱਲ ਦਿੱਤਾ ਹੈ। ਮਤਲਬ ਕਿਸੇ ਵੀ ਤਰ੍ਹਾਂ ਸੱਤਾ ਚਾਹੀਦੀ ਹੈ, ਲੋਕ ਭਾਵੇਂ ਸਾਰੀ ਦਿਹਾੜੀ ਗੈਸ ਏਜੰਸੀਆਂ ਅੱਗੇ ਲਾਈਨਾਂ ਲਾ ਕੇ ਸ਼ਾਮ ਨੂੰ ਬਿਨਾਂ ਸਿਲੰਡਰ ਲਏ ਮੁੜਦੇ ਰਹਿਣ।

# ਜੰਗ ਦੌਰਾਨ ਮੀਡੀਆ ਦੀ ਭੂਮਿਕਾ

ਪ੍ਰੋ. ਕੁਲਬੀਰ ਸਿੰਘ

ਜੰਗ ਸਮੇਂ ਮੀਡੀਆ ਦੀ ਭੂਮਿਕਾ ਬੇਹੱਦ ਮਹੱਤਵਪੂਰਨ ਹੁੰਦੀ ਹੈ। ਇਸ ਦੀ ਜ਼ਿੰਮੇਵਾਰੀ ਲੋਕਾਂ ਨੂੰ ਸਹੀ ਜਾਣਕਾਰੀ ਦੇਣੀ ਅਤੇ ਤਾਜ਼ਾ ਸਥਿਤੀ ਤੋਂ ਜਾਣੂ ਕਰਵਾਉਣ ਦੀ ਹੁੰਦੀ ਹੈ। ਜੰਗ ਸਮੇਂ ਧਿਆਨ ਰੱਖਣਯੋਗ ਗੱਲਾਂ ਨੂੰ ਲੋਕਾਂ ਤੱਕ ਪਹੁੰਚਾਉਣ ਦੇ ਨਾਲ ਨਾਲ ਸੰਜਮ ਤੇ ਸੰਕੋਚ ਲਈ ਪ੍ਰੇਰਨਾ, ਪ੍ਰਸ਼ਾਸਨ ਅਤੇ ਸਰਕਾਰਾ ਦੁਆਰਾ ਦਿੱਤੀਆਂ ਜਾਂਦੀਆਂ ਹਦਾਇਤਾਂ ਨੂੰ ਇੰਨ-ਬਿੰਨ ਮੰਨਣ ਤੇ ਲਾਗੂ ਕਰਨ ਲਈ ਉਤਸ਼ਾਹਿਤ ਕਰਨਾ ਮੀਡੀਆ ਦਾ ਮੁਢਲਾ ਫ਼ਰਜ਼ ਹੁੰਦਾ ਹੈ।ਪਰੰਤੂ ਹੋ ਕੀ ਰਿਹਾ ਹੈ? ਸੋਸ਼ਲ ਮੀਡੀਆ ਅਤੇ ਭਾਰਤੀ ਟੈਲੀਵਿਜ਼ਨ ਦਾ ਇਕ ਹਿੱਸਾ ਆਪਹੁਦੇਰਪਨ ਦੀਆਂ ਸਾਰੀਆਂ ਸੀਮਾਵਾਂ ਪਾਰ ਕਰ ਗਿਆ ਹੈ।

ਜੰਗ ਦੀਆਂ ਅਜਿਹੀਆਂ ਖ਼ਬਰਾਂ ਪ੍ਰਸਾਰਿਤ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਦਾ ਕੋਈ ਸਰੋਤ, ਕੋਈ ਆਧਾਰ ਨਹੀਂ ਹੈ। ਸੋਸ਼ਲ ਮੀਡੀਆ 'ਤੇ ਵੱਖ-ਵੱਖ ਮੁਲਕਾਂ ਦੇ ਨੇਤਾਵਾਂ ਦੀਆਂ ਤਸਵੀਰਾਂ ਨਾਲ ਅਜਿਹੇ ਅਜਿਹੇ ਦਾਅਵੇ ਉਭਾਰੇ ਜਾ ਰਹੇ ਹਨ, ਜਿਨ੍ਹਾਂ ਦਾ ਕੋਈ ਸਿਰ ਪੈਰ ਨਹੀਂ ਹੈ।

ਹਿੰਦੀ ਚੈਨਲਾਂ ਦੇ ਐਂਕਰ ਵੀ ਘੱਟ ਨਹੀਂ। ਉਹ ਆਪਣੀ ਸੋਚ, ਆਪਣੀ ਨੀਤੀ ਅਨੁਸਾਰ ਕਿਸੇ ਦੇਸ਼ ਨੂੰ ਜਿਤਾ ਦਿੰਦੇ ਹਨ, ਕਿਸੇ ਦਾ ਮਲੀਆਮੇਟ ਕਰ ਦਿੰਦੇ ਹਨ।

ਅਜਿਹੇ ਸੰਕਟ ਸਮੇਂ ਫ਼ਰਜ਼ੀ ਖ਼ਬਰਾਂ, ਫ਼ਰਜ਼ੀ ਵੀਡੀਓ ਅਤੇ ਅਫ਼ਵਾਹਾਂ ਤੋਂ ਸੁਚੇਤ ਰਹਿਣ ਦੀ ਲੋੜ ਹੁੰਦੀ ਹੈ। ਅਕਸਰ ਜੰਗ ਸਮੇਂ ਮੀਡੀਆ ਲਈ ਐਡਵਾਈਜ਼ਰੀ ਜਾਰੀ ਕੀਤੀ ਜਾਂਦੀ ਹੈ ਪਰੰਤੂ ਨਾ ਕੋਈ ਉਸ ਨੂੰ ਮੰਨਦਾ ਹੈ, ਨਾ ਸੁਣਦਾ-ਸਮਝਦਾ ਹੈ।ਟੈਲੀਵਿਜ਼ਨ ਚੈਨਲਾਂ ਦਾ ਇਕ ਵੱਡਾ ਹਿੱਸਾ ਝੂਠ ਵਿਖਾਉਂਦਾ ਹੈ, ਦਰਸ਼ਕਾਂ ਨੂੰ ਡਰਾਉਂਦਾ ਹੈ, ਉਕਾਉਂਦਾ ਹੈ, ਸਾਇਰਨ ਵਜਾਉਂਦਾ ਹੈ। ਡਰ, ਘਬਰਾਹਟ ਤੇ ਸਨਸਨੀ ਦਾ ਮਾਹੌਲ ਬਣਾਉਂਦਾ ਹੈ।

ਵਿਲੀਅਮ ਥਾਮਸ ਦਾ ਕਹਿਣਾ ਹੈ, ਪੱਤਰਕਾਰ ਦੀ ਭੂਮਿਕਾ, ਚੌਕੀਦਾਰ ਦੀ ਭੂਮਿਕਾ ਵਰਗੀ ਹੁੰਦੀ ਹੈ। ਪਰੰਤੂ ਜੰਗ ਸਮੇਂ ਐਨ ਇਸ ਦੇ ਉਲਟ ਹੋ ਰਿਹਾ ਹੁੰਦਾ ਹੈ। ਐਂਕਰ ਗ਼ਲਤ, ਝੂਠੀ ਤੇ ਫ਼ਰਜ਼ੀ ਜਾਣਕਾਰੀ ਪ੍ਰਸਾਰਿਤ ਕਰੀ ਜਾਂਦੇ ਹਨ। ਕਿਸੇ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਸੀ—'ਜੰਗ ਨਾਲੋਂ ਵਧੇਰੇ ਅੱਗ ਤਾਂ ਮੀਡੀਆ ਲਗਾ ਰਿਹਾ ਹੈ'। ਇਸ ਵੇਲੇ ਅਮਰੀਕਾ, ਇਜ਼ਰਾਈਲ ਤੇ ਈਰਾਨ ਟਕਰਾਉ 'ਤੇ ਪੂਰੀ ਦੁਨੀਆ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਹਨ ਪਰੰਤੂ ਭਾਰਤੀ ਟੈਲੀਵਿਜ਼ਨ ਦਾ ਇਕ ਵੱਡਾ ਹਿੱਸਾ ਬਚੀ-ਖੁਚੀ ਭਰੋਸੇਯੋਗਤਾ ਵੀ ਗਵਾਉਂਦਾ ਜਾ ਰਿਹਾ ਹੈ।

ਹਰੇਕ ਮੁਲਕ ਦਾ ਮੀਡੀਆ ਇਸ ਜੰਗ ਨੂੰ, ਇਸ ਟਕਰਾਉ ਨੂੰ ਆਪਣੇ ਆਪਣੇ ਢੰਗ ਨਾਲ ਕਵਰ ਕਰ ਰਿਹਾ ਹੈ। ਲੋੜ ਇਸ ਗੱਲ ਦੀ ਹੈ ਕਿ ਦੁਨੀਆ ਦਾ ਮੀਡੀਆ ਜੰਗ ਰੁਕਵਾਉਣ ਲਈ, ਟਕਰਾ ਘਟਾਉਣ ਲਈ ਅੱਗੇ ਆਵੇ, ਆਪਣੇ ਪ੍ਰਭਾਵ ਦੀ ਵਰਤੋਂ ਕਰੇ।

ਜੰਗ ਦੇ ਦੁਰਪ੍ਰਭਾਵਾਂ ਦਾ ਅਨੁਮਾਨ ਲਗਾਉਣਾ ਕਠਿਨ ਹੈ। ਇਹ ਬਹੁਤ ਭਿਆਨਕ ਹੁੰਦੇ ਹਨ। ਦਹਾਕਿਆਂ ਤੱਕ ਮਹਿਸੂਸ ਕੀਤੇ ਜਾਂਦੇ ਹਨ। ਸਰੀਰਕ, ਮਾਨਸਿਕ, ਸਮਾਜਕ, ਆਰਥਿਕ, ਰਾਜਨੀਤਕ ਅਤੇ ਵਾਤਾਵਰਣ ਦੀ ਪੱਧਰ 'ਤੇ ਇਸ ਦਾ ਪ੍ਰਭਾਵ ਸਦੀਆਂ ਤੱਕ ਰਹਿੰਦਾ ਹੈ।

ਜੰਗ ਹਮੇਸ਼ਾ ਮੀਡੀਆ ਲਈ ਆਕਰਸ਼ਣ ਦਾ ਕੇਂਦਰ ਰਹੀ ਹੈ ਕਿਉਂਕਿ ਇਸ ਨਾਲ ਲੋਕਾਂ ਦੇ ਹਿੱਤ ਜੁੜੇ ਹੁੰਦੇ ਹਨ। ਪਰੰਤੂ ਭਾਰਤੀ ਨਿਊਜ਼ ਚੈਨਲ ਦਰਸ਼ਕਾਂ ਅੱਗੇ ਜੰਗ ਹੀ ਪਰੋਸਣ ਲੱਗ ਜਾਂਦੇ ਹਨ ਅਤੇ ਜੰਗ ਨੂੰ ਵੀ ਦਰਸ਼ਕ ਗਿਣਤੀ ਵਧਾਉਣ ਲਈ ਵਰਤਿਆ ਜਾਂਦਾ ਹੈ। ਬਹੁਗਿਣਤੀ ਦਰਸ਼ਕ ਜੰਗ ਦੇ ਘਿਨਾਉਣੇ ਦ੍ਰਿਸ਼ ਵੇਖਣ ਤੋਂ ਗੁਰੇਜ਼ ਕਰਦੇ ਹਨ।

ਜੰਗ ਦੇ ਵੀ ਕੁਝ ਕੌਮਾਂਤਰੀ ਨਿਯਮ-ਕਾਨੂੰਨ ਹਨ ਅਤੇ ਜੰਗ ਸਮੇਂ ਹਰੇਕ ਧਿਰ ਇਕ ਦੂਸਰੇ 'ਤੇ ਇਹ ਨਿਯਮ ਤੋੜਨ ਦੇ ਇਲਜ਼ਾਮ ਲਾਉਂਦੀ ਹੈ। ਇਸ ਸਥਿਤੀ ਵਿਚ ਕੌਮਾਂਤਰੀ ਮੀਡੀਆ ਦੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਅਸਲੀਅਤ ਦੁਨੀਆ ਸਾਹਮਣੇ ਰੱਖਣ।

ਇਕ ਜੰਗ ਵੱਖ-ਵੱਖ ਦੇਸ਼ਾਂ ਦਰਮਿਆਨ ਲੜੀ ਜਾ ਰਹੀ ਹੁੰਦੀ ਹੈ, ਦੂਸਰੀ ਜੰਗ ਖ਼ਬਰ ਚੈਨਲ ਲੜ ਰਹੇ ਹੁੰਦੇ ਹਨ। ਜੰਗ ਬੇਹੱਦ ਗੰਭੀਰ ਅਤੇ ਸੰਵੇਦਨਸ਼ੀਲ ਮਾਮਲਾ ਹੈ। ਉਹੀ ਗੰਭੀਰਤਾ, ਉਹੀ ਸੰਵੇਦਨਸ਼ੀਲਤਾ ਮੀਡੀਆ-ਕਵਰੇਜ ਵਿਚੋਂ ਵੀ ਝਲਕਣੀ ਚਾਹੀਦੀ ਹੈ।

143ਵੀਂ ਬਰਸੀ 'ਤੇ ਵਿਸ਼ੇਸ਼

# ਕੇਵਲ ਮਾਰਕਸ ਨੂੰ ਯਾਦ ਕਰਨਾ ਕਾਫੀ ਨਹੀਂ

ਜਗਰੂਪ

ਉਜੱਡ ਪੈਰੋਕਾਰਾਂ ਦੀ ਤਰ੍ਹਾਂ ਕਹਿਣਾ; ਮਾਰਕਸ ਜਾਂ ਮਾਰਕਸਵਾਦ ਵੀ ਪੁਰਾਣਾ ਹੋ ਗਿਆ, ਇਹ ਆਪਣੀ ਕਮਜ਼ੋਰੀ ਨੂੰ ਕੱਜਣ ਦੀ ਕੋਸ਼ਿਸ਼ ਤੋਂ ਵੱਧ ਕੁਝ ਨਹੀਂ ਹੈ। ਮਾਰਕਸਵਾਦ ਮਰ-ਮੁਕ ਗਿਆ ਕਹਿਣ ਵਾਲੇ ਖਰ੍ਹੇ ਵਿਰੋਧੀ (ਵਿਚਾਰਵਾਦੀ) ਮੁੜ-ਮੁੜ ਉਸ ਦੇ ਮਰਨ ਦਾ ਐਲਾਨ ਕਰਦੇ ਹੀ ਰਹਿੰਦੇ ਹਨ। ਮਾਰਕਸਵਾਦ ਸੱਚ ਦੀ ਖੋਜ ਦਾ ਨਾਂਅ ਹੈ। ਸੱਚ ਕਦੇ ਮਰਦਾ ਨਹੀਂ, ਸਗੋਂ ਹੋਰ ਗਹਿਰਾ, ਨਵੀਂਆਂ ਪਰਤਾਂ ਫਰੋਲਦਾ, ਸਦਾ ਅੱਗੇ ਵਧਦਾ ਹੈ। ਇਹ ਸੋਚ ਦੀ ਸਿਖਰ (ਦਰਸ਼ਨ) ਦਾ ਵਿਕਾਸ ਹੈ। ਇਹ ਹਕੀਕਤ (ਹੋਂਦ ਦੀ ਗਤੀ) ਦੀ ਪਛਾਣ ਹੈ।ਗਤੀ- ਰੂਪ ਨੂੰ ਜਾਨਣਾ (ਖੋਜਣਾ) ਵਿਗਿਆਨ ਹੈ। ਖੋਜਾਂ ਨੂੰ, ਕਾਢ ਦਾ ਰੂਪ ਦੇਣਾ, ਮਨੁੱਖ ਜਾਤੀ ਦੇ ਭਲੇ ਲਈ ਵਰਤਣਾ ਸਿਖਾਉਣਾ, ਮਨੁੱਖ ਨੂੰ ਮਹਾਨ-ਮਨੁੱਖ ਦੇ ਰੁਤਬੇ 'ਤੇ ਪਹੁੰਚਾ ਦਿੰਦਾ ਹੈ। ਮਨੁੱਖੀ ਇਤਿਹਾਸ ਵਿੱਚ ਮਹਾਨ-ਮਨੁੱਖਾਂ ਦੀ ਇਕ ਲੰਮੀ ਲੜੀ ਹੈ, ਜਿਨ੍ਹਾਂ ਨੇ ਮਨੁੱਖੀ ਮਨਾਂ 'ਤੇ ਛਾਈ ਧੁੰਦ-ਗੁਬਾਰ ਹਟਾਉਣ ਦਾ ਕਾਰਜ ਕੀਤਾ, ਰਾਹ ਦਰਸਾਇਆ, ਰੁਸ਼ਨਾਇਆ ਹੈ। ਕਾਰਲ ਮਾਰਕਸ ਏਸੇ ਲੜੀ ਦਾ ਮਹਾਨ ਮਨੁੱਖ ਹੈ, ਜਿਸ ਨੇ ਸਰਮਾਏਦਾਰੀ- ਪੈਦਾਵਾਰ ਤੇ ਵੰਡ ਦੇ ਢੰਗ ਦਾ ਵਿਸ਼ਲੇਸ਼ਣ ਕਰਦਿਆਂ ਉਸ ਦੇ ਆਰੰਭ ਹੋਣ, ਵਿਕਾਸ ਕਰਨ ਅਤੇ ਵਿਨਾਸ਼ ਹੋਣ ਤੱਕ ਦੀ ਮੁਕੰਮਲ ਖੋਜ ਨਾਲ, ਉਸ ਦੀ ਥਾਂ ਨਵੇਂ, ਉਚੇਰੇ ਸਮਾਜ, ਸਾਂਝੀਵਾਲ ਸਮਾਜ ਦੀ ਉਸਾਰੀ ਦਾ ਸੰਸਲੇਸ਼ਣ (ਭਵਿੱਖੀ ਰੂਪ) ਵੀ ਪੇਸ਼ ਕੀਤਾ ਹੈ।

ਜਦੋਂ ਲੈਨਿਨ ਨੇ ਮਾਰਕਸਵਾਦ ਦਾ ਅਧਿਐਨ ਕੀਤਾ ਤਾਂ ਉਹਨਾ ਇਸ ਮਹਾਨਤਾ ਨੂੰ ਇੱਕ ਸਤਰ ਵਿੱਚ ਬਿਆਨ ਕਰਦਿਆਂ ਕਿਹਾ;

ਮਾਰਕਸਵਾਦ ਸਰਬ-ਸ਼ਕਤੀਮਾਨ ਹੈ, ਕਿਉਂਕਿ ਇਹ ਸੱਚ ਹੈ!

ਅਧਿਐਨ ਰਹਿਤ ਮਾਰਕਸਵਾਦੀ ਅੱਜ ਵੀ ਇਸ ਸੱਚ 'ਤੇ ਸ਼ੱਕ ਕਰਦੇ ਹਨ। ਅਗਿਆਨੀ ਜ਼ਿੱਦੀ ਹੁੰਦੇ ਹਨ, ਗਿਆਨੀ ਹੱਠੀ ਹੁੰਦੇ ਹਨ। ਜ਼ਿੱਦੀ ਮਾਰਕਸਵਾਦੀਆਂ ਨੇ ਮਾਰਕਸਵਾਦ ਦਾ ਬਹੁਤ (ਬਦਨਾਮ ਦੀ ਹੱਦ ਤੱਕ) ਨੁਕਸਾਨ ਕੀਤਾ ਹੈ।

# ਉਹ ਦਰਸ਼ਨ, ਦ੍ਰਿਸ਼ਟੀਕੋਣ ਤੇ ਵਿਚਾਰਧਾਰਾ ਦੇ ਅੰਤਰ- ਸੰਬੰਧ ਨੂੰ ਨਹੀਂ ਸਮਝਦੇ। ਉਹ ਤਿੰਨਾਂ ਨੂੰ ਇੱਕੋ ਕਰ ਛੱਡਦੇ ਹਨ।

# ਉਹ ਦਰਸ਼ਨ; ਵਿਚਾਰਵਾਦ ਬਨਾਮ ਪਦਾਰਥਵਾਦ 'ਤੇ ਜ਼ਿੱਦ ਕਰਦੇ ਹਨ। ਉਹ ਪਦਾਰਥਵਾਦ-ਅਧਿਆਤਮਵਾਦੀ ਅਤੇ ਪਦਾਰਥਵਾਦ ਵਿਰੋਧ ਵਿਕਾਸੀ ਦੇ ਵਖਰੇਵੇਂ ਨੂੰ ਨਹੀਂ ਸਮਝਦੇ। ਉਹ ਫਲਸਫੇ 'ਚ ਮਾਰਕਸਵਾਦੀ ਦੀ ਥਾਂ ਫਿਊਰਬਾਖਵਾਦੀ ਧਾਰਨਾ ਦਾ ਦ੍ਰਿਸ਼ਟੀਕੋਣ ਅਤੇ ਵਿਚਾਰਧਾਰਾ ਰਾਹੀਂ ਅਧਿਆਤਮਵਾਦ ਨੂੰ ਅਪਣਾਉਂਦੇ ਹਨ ਅਤੇ ਰਾਜਨੀਤਕ ਅਧਿਆਤਮਵਾਦੀ (ਮੁੜ-ਮੁੜ ਉਹੀ) ਅਮਲ ਦੀ ਵਿਚਾਰਧਾਰਕ ਸਥਿਤੀ ਵਿਚ ਹੀ ਵਿਚਰਦੇ ਹਨ। ਉਹ ਅਮਲ ਵਿਚੋਂ ਸਿਧਾਂਤ ਲੱਭਦੇ ਹਨ। ਉਹ ਸਿਧਾਂਤ ਅਤੇ ਅਮਲ ਦਾ ਦਵੰਦਵਾਦੀ ਸੰਬੰਧ ਸਥਾਪਤ ਕਰਨ, ਅਗਵਾਈ ਲੈਣ/ਕਰਨ ਵਿਚ ਉੱਕ ਜਾਂਦੇ ਹਨ। ਮਾਰਕਸ ਦੇ ਮਹਾਨ ਕਥਨ:

ਸਿਧਾਂਤ ਬਗੈਰ ਅਮਲ ਅੰਨ੍ਹਾ ਅਤੇ ਅਮਲ ਬਗੈਰ ਸਿਧਾਂਤ ਅਪਾਹਜ (ਲੂਲਾ) ਹੈ, ਨੂੰ ਮਾਨਤਾ ਹੀ ਨਹੀਂ ਦਿੰਦੇ।

ਬਸ; ਉਹਨਾਂ ਦੀ ਰੱਟ ਲੱਗੀ ਹੈ- ਜਿੱਤ ਲੜਦੇ ਲੋਕਾਂ ਦੀ, ਉਹ ਸਿਧਾਂਤ ਦੀ ਰੋਸ਼ਨੀ ਵਿਚ ਲੜਾਈ ਨੂੰ ਮਾਨਤਾ ਨਹੀਂ ਦਿੰਦੇ।ਇਸ ਸੋਚ, ਅਮਲ ਦੀਆਂ ਜੜ੍ਹਾਂ ਪਦਾਰਥਵਾਦ-ਅਧਿਆਤਮਵਾਦੀ (ਫਿਊਰਬਾਖਵਾਦ) ਵਿਚ ਹਨ, ਨਾ ਕਿ ਮਾਰਕਸਵਾਦ (ਪਦਾਰਥਵਾਦ-ਦਵੰਦਵਾਦੀ) ਵਿਚ।

ਉਹ ਮਾਰਕਸ ਦੀ ਦਾਰਸ਼ਨਿਕ ਲੱਭਤ;

ਦਾਰਸ਼ਨਿਕਾਂ ਨੇ ਹੁਣ ਤੱਕ ਸੰਸਾਰ ਦੀ ਵੱਖ-ਵੱਖ ਢੰਗਾਂ ਨਾਲ ਕੇਵਲ ਵਿਆਖਿਆ ਕੀਤੀ ਹੈ, ਹਾਲਾਂਕਿ ਨੁਕਤਾ ਇਸ ਨੂੰ ਬਦਲਣ ਦਾ ਹੈ।

ਮਾਰਕਸ ਨੇ ਆਪਣੀ ਇਸ ਖੋਜ ਨੂੰ ਕਾਢ ਵਿਚ ਬਦਲਿਆ। ਜੇ ਉਹ ਪਦਾਰਥਵਾਦ ਨੂੰ ਦਵੰਦਵਾਦ ਨਾਲ ਨਾ ਸਮੇਲਦਾ ਤਾਂ ਉਹ ਪਦਾਰਥਵਾਦ-ਦਵੰਦਵਾਦੀ ਮੱਤ ਸਿਰਜ ਨਾ ਪਾਉਂਦਾ।ਫਿਰ ਉਸ ਨੇ ਬਦਲਾਓ ਦਾ ਮੱਤ (doctrine) ਨਹੀਂ ਦੇ ਸਕਣਾ ਸੀ।ਉਸ ਦੇ ਮੱਤ ਦੀ ਪੁਸ਼ਟੀ (ਸਹੀ) ਹੋਣ 'ਤੇ ਉਸ ਦੇ ਮੱਤ ਉਤੇ ਮਾਰਕਸੀ ਸਿਧਾਂਤ ਦੀ ਮੋਹਰ ਲੱਗੀ ਹੈ।

ਫਲਸਫੇ ਵਿਚ ਮਾਰਕਸ ਦੀ ਦੇਣ; ਵਿਸ਼ਲੇਸ਼ਣ ਦੇ ਨਾਲ ਸੰਸਲੇਸ਼ਣ ਦੀ ਏਕਤਾ ਦੀ ਭਰਪੂਰਤਾ ਹੈ। ਭਾਵ ਵਿਆਖਿਆ ਦੇ ਨਾਲ ਬਦਲਾਓ ਦੇ ਸਿਧਾਂਤ ਦੀ ਖੋਜ ਨੂੰ ਕਾਢ ਦਾ ਰੂਪ ਦੇਣਾ ਹੈ।

ਪਦਾਰਥ ਅਤੇ ਚੇਤਨਾ ਦੇ ਦਵੰਦਵਾਦੀ ਰਿਸ਼ਤੇ ਨੂੰ ਸਥਾਪਤ ਕਰਨਾ ਹੈ।ਪਦਾਰਥ, ਚੇਤਨਾ ਦਾ ਨਿਰਧਾਰਕ ਹੈ ਅਤੇ ਚੇਤਨਾ ਪਦਾਰਥ ਨੂੰ ਪ੍ਰਭਾਵਤ ਕਰਦੀ ਹੈ।



ਇਹ ਹੈ ਪਦਾਰਥਵਾਦ-ਵਿਰੋਧ ਵਿਕਾਸੀ ਧਾਰਨਾ, ਜਦੋਂ ਕਿ ਇਸ ਖੋਜ ਤੋਂ ਪਹਿਲਾਂ ਪਦਾਰਥ, ਚੇਤਨਾ ਸਿਰਜਕ ਹੈ, ਭਾਵ ਪਦਾਰਥ ਪਹਿਲਾਂ ਹੈ,ਚੇਤਨਾ ਉਸ ਦੀ ਉਪਜ ਹੈ, ਤੱਕ ਸੀਮਤ ਸੀ, ਭਾਵ ਪਦਾਰਥਵਾਦ-ਅਧਿਆਤਮਵਾਦੀ (ਚੱਕਰੀ ਗੇੜ ਦੀ ਹਰਕਤ ਦਾ) ਧਾਰਨੀ ਸੀ।ਇਹ ਫਲਸਫੇ ਵਿਚ ਫਿਊਰਬਾਖ ਤੱਕ ਦਾ ਵਿਕਾਸ ਸੀ, ਜਿਸ ਦੇ ਦਾਇਰੇ ਨੂੰ ਤੋੜ ਕੇ ਮਾਰਕਸ ਅੱਗੇ ਵਧਿਆ, ਜਿਸ ਫਲਸਫੇ ਨੇ ਮਨੁੱਖ ਜਾਤੀ ਨੂੰ ਦਰਪੇਸ਼ ਸਮੱਸਿਆਵਾਂ ਦਾ ਹੱਲ ਦੇਣ ਦੇ ਉਸ ਨੂੰ ਯੋਗ ਬਣਾਇਆ।

ਮਾਰਕਸਵਾਦ ਦਵੰਦਵਾਦੀ ਢੰਗ ਨਾਲ ਵਿਕਾਸ ਕਰਦਾ ਸਿਧਾਂਤ ਹੈ। ਇਹ ਨਿਰਜਿੰਦ ਮੱਤ (Dogma) ਨਹੀਂ, ਸਗੋਂ ਇਹ ਲਚਕਦਾਰ, ਸੰਜੀਵ ਰਾਹ-ਦਸੇਰਾ (Living guide to action) ਸਿਧਾਂਤ ਹੈ।ਲੈਨਿਨ ਨੇ ਸਮਝਾਇਆ ਸੀ ਕਿ ਮਾਰਕਸ ਨੇ ਇਸ (ਪਦਾਰਥਵਾਦ ਵਿਰੋਧ ਵਿਕਾਸੀ) ਸਿਧਾਂਤ ਦੀ ਨੀਂਹ ਰੱਖੀ ਹੈ, ਅਸੀਂ ਇਸ ਨੂੰ ਹਰ ਪੱਖੋਂ ਵਿਕਸਤ ਕਰਨਾ ਹੈ।

ਵਿਗਿਆਨਕ ਲੱਭਤਾਂ (ਪਦਾਰਥਕ-ਗਤੀ ਦੇ ਹਰ ਅਗਲੇਰੇ ਰੂਪ ਦੀ ਲੱਭਤ) ਫਲਸਫੇ ਦੇ ਵਿਕਾਸ ਦਾ ਸਬੂਤ ਹਨ। ਲੈਨਿਨ ਨੇ ਸੁਚੇਤ ਕੀਤਾ ਸੀ ਕਿ ਵਿਗਿਆਨਕ ਲੱਭਤਾਂ ਦੀ ਗਲਤ ਪੇਸ਼ਕਾਰੀ, ਬੁਰਜੂਆ ਬੌਧਿਕਤਾ ਦੀ ਖਾਸੀਅਤ ਬਣ ਗਈ ਹੈ। ਉਹ ਝੱਟ ਹਥਿਆਉਣ ਦੀ ਕੋਸ਼ਿਸ਼ ਕਰਦੇ ਹਨ।

ਉਹ ਪਦਾਰਥਵਾਦ-ਦਵੰਦਵਾਦੀ ਦੀ ਥਾਂ ਇਕਾਇਦਗੀ-ਮੱਤ (Singularity-doctrine) ਦੇ ਪੇਟੇ ਪਾਉਣ ਦਾ ਧੂੰਆਂਧਾਰ ਪ੍ਰਚਾਰ ਕਰਦੇ ਹਨ। ਕੋਈ ਵੀ ਵਿਗਿਆਨਕ ਲੱਭਤ, ਜੇ ਉਸ ਦਾ ਪਦਾਰਥਵਾਦੀਕਰਨ ਨਾਲ ਸੁਮੇਲ ਨਹੀਂ ਬੈਠਦਾ ਤਾਂ ਉਹ ਸੱਚਾ ਵਿਖਿਆਨ ਨਹੀ ਹੈ। ਉਹ ਸਿਧਾਂਤ ਨਹੀਂ, ਕੇਵਲ ਬੁਰਜੂਆ ਦੀ ਹਮਾਇਤ ਲਈ ਘੜੇ ਆਦਰਸ਼ਵਾਦੀ (Idealistic) ਮੱਤ ਹਨ।

ਜਿਵੇਂ ਮਹਾਂ ਧਮਾਕਾ (Big Bang) ਅਤੇ ਸੇਪੀਅਨਜ਼ ( 'Sapiens ), ਗੈਰ-ਦਵੰਦਵਾਦੀ, ਇਕਾਇਦਗੀ (Singularity) ਦੇ ਪ੍ਰਚਾਰ-ਮੱਤ ਹਨ, ਜਿਨ੍ਹਾ ਜਾਣਕਾਰੀ-ਸੰਚਾਰ-ਤਕਨੀਕੀ ਸਾਧਨਾਂ ਨਾਲ ਪਦਾਰਥਵਾਦ 'ਤੇ ਹਮਲਾ ਕੀਤਾ ਹੋਇਆ ਹੈ।ਪਦਾਰਥਵਾਦ ਦੀ ਸਮਝ ਬਗੈਰ, ਸਰਮਾਇਦਾਰੀ ਦੇ ਸਦਾ ਭ੍ਰਿਸ਼ਟ ਹੁੰਦੇ ਸਮਾਜਕ ਪ੍ਰਬੰਧ ਵਿਚ ਬਦਲਾਓ ਦਾ ਮਾਰਗ ਤਲਾਸ਼ ਹੁੰਦਾ ਹੀ ਨਹੀਂ ਹੈ। ਹਰਾਵਲ ਦਸਤੇ ਲਈ ਇਸ ਵਿਚ ਮੁਹਾਰਤ ਅਟੱਲ ਹੈ।

ਜੇ ਕੋਈ ਇਸ ਤੋਂ ਮੁਨਕਰ ਹੈ ਤਾਂ ਉਹ ਪਦਾਰਥਵਾਦੀ ਨਹੀਂ ਹੈ, ਜਦੋਂ ਕਿ, ਮਾਰਕਸਵਾਦੀ ਹੋਣ ਲਈ ਪਦਾਰਥਵਾਦੀ ਹੋਣਾ ਮੁੱਢਲੀ ਸ਼ਰਤ ਹੈ।ਜਿਹੜੇ ਪ੍ਰਚਾਰ ਕਰਦੇ ਹਨ ਕਿ ਫਲਸਫੇ ਬਗੈਰ ਸਰ ਸਕਦਾ ਹੈ, ਜਾਣੋ ਉਹ ਕਿੰਨੇ ਬੇਹੂਦਾ ਹਨ।

ਮਾਰਕਸ ਨੇ ਆਪਣੀ ਦਾਰਸ਼ਨਿਕ ਲੱਭਤ ਨੂੰ ਜਦੋਂ ਆਰਥਕਤਾ 'ਤੇ ਢੁਕਾਇਆ ਤਾਂ ਇਤਿਹਾਸ ਦਾ ਪਦਾਰਥਵਾਦੀ ਵਿਖਿਆਨ ਬਣ ਗਿਆ।ਉਹ ਸਮਾਜਕ-ਇਤਿਹਾਸਕ ਸੱਚ ਨੂੰ ਉਜਾਗਰ ਕਰ ਗਿਆ। ਉਸ ਦੀਆਂ ਆਰਥਕ ਖੋਜਾਂ ਨੇ ਸਮਾਜਕ ਤਬਦੀਲੀ ਦੀ ਕਾਢ ਕੱਢ ਦਿੱਤੀ।ਉਸ ਦੀ ਲੱਭਤ ਮੁੱਲ ਦਾ ਕਿਰਤ-ਸਿਧਾਂਤ ਆਪਣੀ ਮਹਾਨਤਾ ਨਾਲ ਅੱਗੇ ਆਇਆ, ਜਿਸ ਵਿਚੋਂ ਉਪਜੇ ਵਾਧੂ-ਮੁੱਲ ਦਾ ਸਿਧਾਂਤ ਦੀ ਸਮਝਦਾਰੀ ਨਾਲ ਸਰਮਾਇਦਾਰੀ ਦੇ ਵਿਨਾਸ਼ ਅਤੇ ਇਸ ਦੀ ਥਾਂ ਨਵੇਂ,ਉਚੇਰੇ ਸਮਾਜਕ ਪ੍ਰਬੰਧ, ਸਾਂਝੀਵਾਲ ਸਮਾਜ ਦਾ ਖਾਕਾ ਉਭਰ ਆਇਆ।

(ਬਾਕੀ 22 ਵਾਲੇ ਅੰਕ ਵਿੱਚ ਪੜ੍ਹੋ)

# ...ਜਦੋਂ ਮੈਨੂੰ ਸੇਵਾ-ਮੁਕਤੀ ਦਾ ਪਹਿਲਾਂ ਹੀ ਅਹਿਸਾਸ ਹੋਇਆ

ਮੇਜਰ ਸਿੰਘ ਨਾਭਾ

ਮੈਂ ਐਡਹਾਕ ਪੱਧਰ 'ਤੇ ਜਨਵਰੀ 1984 ਵਿੱਚ ਆਰਟ/ਕਰਾਫਟ ਅਧਿਆਪਕ ਲੱਗ ਗਿਆ ਸੀ, ਪਰ ਹਾਲਾਤ ਨੇ ਮਨ ਨੂੰ ਉਸੇ ਸਾਲ ਟੇਲਰਿੰਗ ਦੀ ਦੁਕਾਨ ਕਰਨ ਲਈ ਮਨਾ ਲਿਆ। ਤੇਰ੍ਹਾਂ ਸਾਲ ਦੇ ਕਰੀਬ ਦੁਕਾਨ ਚਲਾਈ, ਫਿਰ ਰੈਗੂਲਰ ਅਧਿਆਪਕ ਨਿਯੁਕਤੀ ਹੋਈ, 30 ਅਪ੍ਰੈਲ 1997 ਨੂੰ ਸ.ਹ.ਸ. ਊਲਾਣਾ (ਪਟਿਆਲਾ) ਵਿਖੇ ਹਾਜ਼ਰ ਹੋ ਸੇਵਾ ਸ਼ੁਰੂ ਕੀਤੀ। ਮੈਨੂੰ ਸਰਵਿਸ ਵਿੱਚ ਆਉਣ ਅਤੇ ਸੇਵਾ-ਮੁਕਤੀ ਆਉਣ ਦਾ ਪਤਾ ਹੀ ਨਹੀਂ ਲੱਗਿਆ ਕਿ ਕਿਵੇਂ ਮੇਰੇ ਸਕੂਲ 'ਚ ਪੜ੍ਹਾਉਣ ਦੇ ਦਿਨ ਤੇਜ਼ੀ ਨਾਲ ਲੰਘ ਗਏ, ਕਿਉਂ ਕਿ ਮੇਰੀ ਸਰਵਿਸ ਥੋੜ੍ਹੀ ਸੀ।

ਕੁਝ ਡਿਊਟੀ 'ਚ ਬਦਲਾਵ ਕਾਰਨ ਵੀ ਪਤਾ ਨਹੀਂ ਲੱਗਿਆ ਕਿਉਂ ਕਿ ਕਈ ਸਾਲ ਸਾਖਰਤਾ 'ਚ, ਚਾਰ ਕੁ ਸਾਲ ਆਰਟ /ਕਰਾਫਟ ਟੀਚਰ ਦੀ ਡਿਊਟੀ ਅਤੇ ਬਾਕੀ ਸਮਾਂ ਸ. ਸ. ਮਾਸਟਰ ਦੀ ਸੇਵਾ ਨਿਭਾਈ। ਘਰ ਤੋਂ ਸਟੇਸ਼ਨ ਦੂਰ ਹੋਣ ਕਾਰਨ ਤਿੰਨ ਮਹੀਨੇ ਕੁ ਬਾਅਦ ਹੀ ਮੈਂ ਐੱਸ ਡੀ ਐੱਮ ਦਫਤਰ ਨਾਭਾ ਆਨ-ਡਿਊਟੀ ਸਾਖਰਤਾ ਮੁਹਿੰਮ ਵਿੱਚ ਅਚਾਨਕ ਮੇਰੇ ਦੋਸਤ ਗੁਰਮੇਲ ਸਿੰਘ ਨੇ ਲਗਵਾ ਦਿੱਤੀ। ਇਥੇ 27 ਅਪ੍ਰੈਲ 2000 ਤੱਕ ਕਰੀਬ ਢਾਈ ਸਾਲ ਤੋਂ ਵੱਧ ਸਮਾਂ ਕੰਮ ਕੀਤਾ। ਮੈਂ 7 ਜੁਲਾਈ 2000 ਨੂੰ ਬਦਲੀ ਕਰਵਾ ਕੇ ਸਰਕਾਰੀ ਹਾਈ ਸਕੂਲ ਬੰਮਣਾ ਵਿਖੇ ਆ ਗਿਆ, ਇਥੋਂ ਮੇਰੀ ਤਰੱਕੀ ਬਤੌਰ ਸ.ਸ.ਮਾਸਟਰ ਹੋਣ ਕਰਕੇ ਮੈਂ 4 ਫਰਵਰੀ 2004 ਨੂੰ ਸਰਕਾਰੀ ਹਾਈ ਸਕੂਲ ਮਾਝੀ (ਸੰਗਰੂਰ) ਵਿਖੇ ਹਾਜ਼ਰ ਹੋ ਗਿਆ। ਮੈਂ ਇਸ ਸਕੂਲ ਵਿੱਚ ਸੇਵਾ-ਮੁਕਤੀ ਤੱਕ ਸੇਵਾ ਨਿਭਾਈ।

ਮੇਰੀ ਸੇਵਾ ਮੁਕਤੀ ਦੀ ਮਿਤੀ 30 ਜੂਨ 2016 ਸੀ, ਪਰ ਦੋ ਸਾਲ ਦਾ ਵਾਧਾ ਲੈਣ ਕਰਕੇ 30 ਜੂਨ 2018 ਨੂੰ ਹੋਣੀ ਸੀ। ਸਾਲ 2018 ਅਉਣ 'ਤੇ ਮੈਂ 30 ਜੂਨ ਨੂੰ ਮਨ ਵਿੱਚ ਸੇਵਾ-ਮੁਕਤੀ ਦਾ ਭਰਮ ਪਾਲਿਆ ਹੋਇਆ ਸੀ। ਮਈ ਮਹੀਨੇ ਵਿੱਚ ਕਲਾਸਾਂ ਨੂੰ ਆਮ ਵਾਂਗ ਪੜ੍ਹਾ ਰਿਹਾ ਸੀ। ਮੇਰੇ ਮਨ ਵਿੱਚ ਭਰਮ ਸੀ ਕਿ ਸੇਵਾ-ਮੁਕਤੀ 'ਚ ਤਾਂ ਅਜੇ ਮਹੀਨੇ ਤੋਂ ਵੱਧ ਸਮਾਂ ਪਿਆ ਪਹਿਲਾਂ ਹੀ ਕਿਉਂ ਸੋਚਣਾ ਆਪਣਾ ਕੰਮ ਕਰੀ ਜਾਓ। ਸਵੇਰ ਦੀ ਪ੍ਰਾਰਥਨਾ ਵਿੱਚ ਮੈਂ ਆਮ ਦਿਨਾਂ ਵਾਂਗ ਵਿਚਰ ਰਿਹਾ ਸੀ, ਪਰ ਇਹ ਮਈ ਦੇ ਆਖਰੀ ਦਿਨ ਤੋਂ ਅਗਲੇ ਦਿਨ ਗਰਮੀਆਂ ਦੀਆਂ ਛੁੱਟੀਆਂ ਸ਼ੁਰੂ ਹੋਣੀਆਂ ਸੀ। ਕੁਝ ਕਲਾਸਾਂ ਨੂੰ ਛੁੱਟੀਆਂ ਦਾ ਕੰਮ ਪਹਿਲਾਂ ਹੀ ਦੇ ਦਿੱਤਾ ਸੀ, ਰਹਿੰਦੀਆਂ ਕਲਾਸਾਂ ਦੇ ਬੱਚਿਆਂ ਨੂੰ ਛੁੱਟੀਆਂ ਦਾ ਕੰਮ ਦੇਣਾ ਸੀ ਇਹ ਵਿਚਾਰ ਮਨ ਵਿੱਚ ਸੀ। ਆਖਰੀ ਮਹੀਨੇ ਦੇ ਦਿਨ ਸਵੇਰੇ ਰਾਸ਼ਟਰੀ ਗੀਤ ਅਤੇ ਸ਼ਬਦ ਗਾਇਣ ਤੋਂ ਬਾਅਦ ਸਟੇਜ ਉੱਪਰ ਕੁਲਦੀਪ ਸਰ ਨੇ ਜਦੋਂ ਮੇਰੀ ਸਕੂਲ ਵਿੱਚ ਆਖਰੀ ਦਿਨ ਹੋਣ ਦੀ ਗੱਲ ਕੀਤੀ ਅਤੇ ਮੇਰੇ ਬਾਰੇ ਬੋਲਿਆ ਤਾਂ ਮੈਂ ਇੱਕਦਮ ਨਵੇਂ ਵਿਚਾਰਾਂ 'ਚ ਆ ਗਿਆ ਕਿ ਇਹ ਤਾਂ ਬਿਲਕੁਲ ਸੱਚ ਹੈ, ਮੈਂ ਤਾਂ ਇਹ ਸੋਚਿਆ ਹੀ ਨਹੀਂ ਸੀ। ਜਦੋਂ ਕੁਲਵੀਰ ਸਰ, ਮਾਲਵਿੰਦਰ ਸਰ ਅਤੇ ਅਖੀਰ 'ਚ ਪ੍ਰਿੰਸੀਪਲ ਮੈਡਮ ਨੇ ਮੇਰੀ ਸੇਵਾ-ਮੁਕਤੀ ਦਾ ਆਖਰੀ ਦਿਨ ਮੰਨ ਕੇ ਮੇਰੇ ਬਾਰੇ ਜੋ ਸ਼ਬਦਾਵਲੀ ਨੂੰ ਬੋਲਿਆ ਗਿਆ, ਜਿਸ ਨੇ ਮੇਰੇ ਮਨ ਨੂੰ ਇੰਝ ਲੱਗਿਆ ਕਿ ਜੋ ਸ਼ਬਦਾਵਲੀ ਮੇਰੇ ਲਈ ਬੋਲੀ ਜਾ ਰਹੀ ਹੈ, ਉਹ ਮੇਰੇ ਕਿਸੇ ਹੋਰ ਸਨਮਾਨ ਤੋਂ ਵੀ ਵੱਡੀ ਹੈ। ਕਿਸੇ ਵੀ ਕਰਮਚਾਰੀ ਦੀ ਕੀਤੀ ਸੇਵਾ ਬਾਰੇ ਜਦੋਂ ਸਹੀ ਮੁਲਾਂਕਣ ਹੋ ਜਾਵੇ ਤਾਂ ਕਰਮਚਾਰੀ ਨੂੰ ਵੀ ਵਧੀਆ ਲੱਗਦਾ ਹੈ, ਜੇਕਰ ਐਵੇਂ ਝੂਠੀ ਸ਼ਬਦਾਵਲੀ ਦਾ ਪ੍ਰਯੋਗ ਕਰਕੇ ਸਿਫਤਾਂ, ਪ੍ਰਸ਼ੰਸਾ ਦੇ ਹਵਾਈ ਪੁਲ ਬੰਨੇ ਜਾਣ ਤਾਂ ਸਰੋਤੇ ਵੀ ਇਹ ਸਾਰਾ ਕੁਝ ਸੁਣ ਕੇ ਬਾਅਦ 'ਚ ਗੱਲ੍ਹਾਂ ਹੀ ਕਰਦੇ ਹਨ। ਮੈਂ ਭਾਵੁਕ ਹੋ ਗਿਆ ਕਿ ਇਹ ਤਾਂ ਅੱਜ ਮੇਰਾ ਬੱਚਿਆਂ ਨਾਲ ਵਿਚਰਨ ਦਾ ਆਖਰੀ ਦਿਨ ਹੀ ਹੈ, ਹਾਲਾਂ ਕਿ ਮੇਰੀ ਸੇਵਾ-ਮੁਕਤੀ 'ਚ ਅਜੇ ਮਹੀਨਾ ਪਿਆ ਸੀ।

ਮੈਂ ਉਸ ਦਿਨ ਸਾਰੀਆਂ ਕਲਾਸਾਂ ਦੇ ਬੱਚਿਆਂ ਨਾਲ ਕਲਾਸਾਂ ਵਿੱਚ ਜਾ ਕੇ ਸਿਰਫ ਆਪਣੇ ਵੱਲੋਂ ਜ਼ਿੰਦਗੀ ਦੇ ਤਜਰਬਿਆਂ 'ਚੋਂ ਸਾਰਥਿਕ ਗੱਲਾਂ ਸਾਂਝੀਆਂ ਕੀਤੀਆਂ, ਜੋ ਸ਼ਾਇਦ ਕੁਝ ਅਜਿਹੀਆਂ ਸੀ, ਜੋ ਕਦੇ ਮੈਂ ਬੱਚਿਆਂ ਨਾਲ ਸਾਂਝੀਆਂ ਨਹੀਂ ਕੀਤੀਆਂ ਹੋਣੀਆਂ। ਦਿਨ ਦਾ ਪਤਾ ਹੀ ਨਹੀਂ ਲੱਗਿਆ ਕਿ ਕਦੋਂ ਲੰਘ ਗਿਆ। ਸਮਾਂ ਬੜਾ ਬਲਵਾਨ ਹੈ, ਜੋ ਤੇਜ਼ੀ ਨਾਲ ਲੰਘਦਾ ਹੈ। ਅਖੀਰਲੀ ਘੰਟੀ 'ਚ ਦਫਤਰ 'ਚ ਸਾਰੇ ਸਟਾਫ ਨਾਲ ਠੰਢੇ ਨਾਲ ਖਾਣ ਪੀਣ ਦੀ ਸਾਂਝ ਨਾਲ ਮੇਰੀ ਸੇਵਾ-ਮੁਕਤੀ ਦੀ ਇਹ ਆਖਰੀ ਦਿਨ ਦੀ ਸਕੂਲ ਵਿੱਚ ਹਾਜ਼ਰੀ ਹੋ ਨਿਬੜੀ, ਭਾਵੇਂ ਕਿ ਰਵਾਇਤੀ ਪਾਰਟੀ ਜੁਲਾਈ 2018 ਦੇ ਪਹਿਲੇ ਹਫਤੇ ਸਕੂਲ ਸਟਾਫ ਵੱਲੋਂ ਕੀਤੀ ਗਈ।

.# ਸੰਪਰਕ : 94635-53962

# ਗਲ.ਫ ਦੀ ਸੁਰੱਖਿਆ ਤੇ ਤੀਜੇ ਵਿਸ਼ਵ ਯੁੱਧ ਦੇ ਸੰਕੇਤ

ਅਮਰੀਕਾ ਅਤੇ ਇਜ਼ਰਾਈਲ ਦੀ ਈਰਾਨ ਨਾਲ ਜੰਗ ਨੂੰ ਅਜੇ ਹਫਤਾ ਵੀ ਨਹੀਂ ਹੋਇਆ, ਪਰ ਹਵਾ ਪਹਿਲਾਂ ਹੀ ਬਦਲਦੀ ਮਹਿਸੂਸ ਹੋ ਰਹੀ ਹੈ। ਕੁਝ ਥਾਵਾਂ 'ਤੇ ਅਸਰ ਹਾਲੇ ਹਲਕਾ ਹੈ, ਪਰ ਮੱਧ-ਪੂਰਬ ਵਿੱਚ ਇਹ ਟਕਰਾਅ ਲਹਿਰ ਵਾਂਗ ਫੈਲ ਰਿਹਾ ਹੈ। ਇਹ ਵਕਤ ਉਸ ਵੇਲੇ ਆਇਆ ਹੈ, ਜਦੋਂ ਰੂਸ-ਯੂਕਰੇਨ ਜੰਗ ਅਟਕੀ ਹੋਈ ਹੈ, ਪਾਕਿਸਤਾਨ-ਅਫਗਾਨਿਸਤਾਨ ਤਣਾਅ ਤਾਜ਼ਾ ਹੈ ਅਤੇ ਹੋਰ ਸਰਹੱਦੀ ਘਟਨਾਵਾਂ ਨੇ ਵਿਸ਼ਵ ਨੇਤਾਵਾਂ ਦਾ ਧਿਆਨ ਪਹਿਲਾਂ ਹੀ ਵੰਡਿਆ ਹੋਇਆ ਹੈ।

ਇਸ ਜੰਗ ਦਾ ਵੱਡਾ ਦਾਅ ਗਲ.ਫ ਲਈ ਹੈ, ਕਿਉਂਕਿ ਇਥੇ ਊਰਜਾ, ਬੰਦਰਗਾਹਾਂ, ਹਵਾਈ ਮਾਰਗ ਅਤੇ ਵਿਦੇਸ਼ੀ ਫੌਜੀ ਮੌਜੂਦਗੀ ਇਕੱਠੇ ਮਿਲਦੇ ਹਨ।

ਪਹਿਲੇ ਹਫ਼ਤੇ ਦੀ ਤਸਵੀਰ ਧੁੰਦਲੀ ਵੀ ਹੈ ਅਤੇ ਖ਼ਤਰਨਾਕ ਵੀ। ਕਈ ਦਾਅਵੇ ਚੱਲ ਰਹੇ ਹਨ, ਇਸ ਲਈ ਸਰਕਾਰੀ ਬਿਆਨਾਂ ਅਤੇ ਭਰੋਸੇਯੋਗ ਰਿਪੋਰਟਾਂ ਵਿਚਕਾਰ ਪਰਖ ਕਰਨਾ ਜ਼ਰੂਰੀ ਹੈ। ਫਿਰ ਵੀ, ਗਲ.ਫ ਲਈ ਇਕ ਗੱਲ ਸਾਫ਼ ਹੈ, ਜੰਗ ਸਿਰਫ਼ ਦੋ ਦੇਸ਼ਾਂ ਦੀ ਲੜਾਈ ਨਹੀਂ ਰਹੀ।

ਪਹਿਲੇ ਦਿਨਾਂ ਵਿੱਚ ਰਿਪੋਰਟਾਂ ਮੁਤਾਬਕ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਈਰਾਨ ਦੇ ਅੰਦਰ ਹਵਾਈ ਹਮਲੇ ਅਤੇ ਵੱਡੇ ਟਾਰਗੇਟਾਂ ਦੀ ਗੱਲ ਚੱਲ ਰਹੀ ਹੈ, ਦੂਸਰੇ ਪਾਸੇ ਈਰਾਨ ਵੱਲੋਂ ਜਵਾਬੀ ਹਮਲੇ, ਜੋ ਰਿਪੋਰਟਾਂ ਅਨੁਸਾਰ ਸਿਰਫ਼ ਇਜ਼ਰਾਈਲ ਤੱਕ ਸੀਮਿਤ ਨਹੀਂ ਰਹੇ, ਜੋ ਹੁਣ ਗਲ.ਫ ਵਿੱਚ ਫੌਜੀ ਅੱਡਿਆਂ, ਹਵਾਈ ਅੱਡਿਆਂ, ਬੰਦਰਗਾਹਾਂ ਅਤੇ ਕੁਝ ਵਪਾਰਕ ਇਲਾਕਿਆਂ 'ਤੇ ਖਤਰੇ ਦੀ ਘੰਟੀ ਵਜਾ ਚੁੱਕੀ ਹੈ।

ਇਹ ਸਭ ਉਸ ਖੇਤਰ ਵਿੱਚ ਹੋ ਰਿਹਾ ਹੈ, ਜਿੱਥੇ ਅਮਰੀਕੀ ਅੱਡੇ, ਤੇਲ ਟਰਮੀਨਲ ਅਤੇ ਜਹਾਜ਼ੀ ਰਸਤੇ ਇਕ-ਦੂਜੇ ਦੇ ਬਹੁਤ ਨੇੜੇ ਹਨ। ਇਸ ਕਰਕੇ ਗਲਤਫਹਿਮੀ ਜਾਂ ਗਲਤ ਨਿਸ਼ਾਨਾ ਵੀ ਵੱਡੀ ਚਿੰਗਾਰੀ ਬਣ ਰਿਹਾ ਹੈ।

ਜਦ ਕਿ ਅਮਰੀਕਾ ਅਤੇ ਇਜ਼ਰਾਈਲ ਨੇ ਈਰਾਨ ਦੇ ਕੁਝ ਸੈਨਾ ਅਤੇ ਢਾਂਚਾਗਤ ਟਾਰਗੇਟਾਂ ਨੂੰ ਨਿਸ਼ਾਨਾ ਬਣਾਇਆ। ਕੁਝ ਰਿਪੋਰਟਾਂ ਵਿੱਚ ਇਹ ਵੀ ਕਿਹਾ ਗਿਆ ਕਿ ਉੱਚ ਅਧਿਕਾਰੀ ਮਾਰੇ ਗਏ। ਇਥੇ ਹੀ ਇਕ ਹੋਰ ਗੱਲ ਚੱਲੀ, ਸੁਪਰੀਮ ਲੀਡਰ ਅਲੀ ਖਾਮਨੇਈ ਦੀ ਮੌਤ ਬਾਰੇ ਅਫਵਾਹਾਂ ਵੀ ਆਈਆਂ, ਪਰ ਇਹ ਦਾਅਵੇ ਵਿਆਪਕ ਤੌਰ ਤੇ ਪੁਸ਼ਟੀਸ਼ੁਦਾ ਨਹੀਂ ਮੰਨੇ ਜਾਂਦੇ।

ਈਰਾਨ ਦਾ ਜਵਾਬ ਰਿਪੋਰਟਾਂ ਮੁਤਾਬਕ ਹਮਲਿਆਂ ਦੀ ਹੱਦ ਵਧਾਉਂਦਾ ਦਿਖਿਆ। ਜਦੋਂ ਕਿਸੇ ਰਾਜ ਨੂੰ ਲੱਗਦਾ ਹੈ ਕਿ ਉਸ ਨੂੰ ਘੇਰਿਆ ਜਾ ਰਿਹਾ ਹੈ, ਤਾਂ ਉਹ ਅਕਸਰ ਸਿੱਧੇ ਅਤੇ ਪਰੋਕਸੀ ਦੋਵੇਂ ਰਾਹ ਵਰਤਦਾ ਹੈ। ਇਸ ਕਰਕੇ ਖੇਤਰ ਦੇ ਹੋਰ ਦੇਸ਼ ਵੀ ਅਣਚਾਹੇ ਤੌਰ 'ਤੇ ਚੱਕਰ ਵਿੱਚ ਆ ਰਹੇ ਹਨ।



ਸੁਰਜੀਤ ਸਿੰਘ ਫਲੋਰਾ

**ਗਲ.ਫ ਦੇਸ਼ ਕਿਉਂ ਨਿਸ਼ਾਨੇ 'ਤੇ ਆਏ?**

ਸਾਊਦੀ ਅਰਬ, ਕਤਰ, ਯੂ ਏ ਈ, ਬਹਿਰੀਨ, ਕੂਵੈਤ, ਅਤੇ ਓਮਾਨ ਬਾਰੇ ਰਿਪੋਰਟਾਂ ਵਿੱਚ ਮਿਜ਼ਾਈਲ ਜਾਂ ਡਰੋਨ ਹਮਲਿਆਂ ਦਾ ਜ਼ਿਕਰ ਆਇਆ। ਕਈ ਥਾਵਾਂ 'ਤੇ ਟਾਰਗੇਟਾਂ ਵਿੱਚ ਅਮਰੀਕੀ ਫੌਜੀ ਅੱਡੇ, ਹਵਾਈ ਅੱਡੇ, ਬੰਦਰਗਾਹਾਂ ਅਤੇ ਕੁਝ ਵਪਾਰਕ ਇਲਾਕੇ ਵੀ ਦੱਸੇ ਗਏ।

ਇਸ ਦੇ ਪਿੱਛੇ ਤਰਕ ਸਿੱਧਾ ਹੈ। ਈਰਾਨ ਅਕਸਰ ਖੇਤਰ ਨੂੰ ਸਿਗਨਲ ਭੇਜ ਕੇ ਦਬਾਅ ਬਣਾਉਂਦਾ ਹੈ, ਤਾਂ ਜੋ ਵਿਰੋਧੀ ਧਿਰ ਦੀ ਲਾਗਤ ਵਧੇ, ਪਰ ਇਹ ਤਰੀਕਾ ਗਲ.ਫ ਲਈ ਖਾਸ ਖ਼ਤਰਾ ਹੈ, ਕਿਉਂਕਿ ਇਥੇ ਨਾਗਰਿਕ ਅਰਥ ਵਿਵਸਥਾ ਅਤੇ ਫੌਜੀ ਢਾਂਚਾ ਕਈ ਵਾਰ ਇਕੋ ਜਗ੍ਹਾ ਦੇ ਨੇੜੇ ਹੁੰਦੇ ਹਨ। ਇਸ ਕਰਕੇ ਇਕ ਛੋਟੀ ਗਲਤੀ ਵੀ ਵੱਡੀ ਘਟਨਾ ਬਣ ਸਕਦੀ ਹੈ।

ਜੰਗ ਦੇ ਸ਼ੋਰ ਨਾਲੋਂ ਵੱਡਾ ਅਸਰ ਕਈ ਵਾਰੀ ਕੀਮਤਾਂ ਦੇ ਟੈਗ ਦਿਖਾਉਂਦੇ ਹਨ। ਗਲ.ਫ ਵਿੱਚ ਜੇ ਸਮੁੰਦਰੀ ਆਵਾਜਾਈ 'ਤੇ ਡਰ ਬੈਠ ਜਾਏ, ਤਾਂ ਉਸ ਦਾ ਝਟਕਾ ਏਸ਼ੀਆ ਤੋਂ ਯੂਰਪ ਤੱਕ ਪਹੁੰਚਦਾ ਹੈ। ਇਸ ਜੰਗ ਵਿੱਚ ਸਭ ਤੋਂ ਸੰਵੇਦਨਸ਼ੀਲ ਗੱਲ 'ਸਟਰੇਟ ਹਾਰਮੂਜ਼' ਹੈ, ਕਿਉਂਕਿ ਇਥੇ ਰੁਕਾਵਟ ਦਾ ਅਰਥ ਸਿਰਫ਼ ਦੇਰੀ ਨਹੀਂ, ਸਗੋਂ ਖ਼ਰਚੇ ਦੀ ਲੜੀ ਹੁੰਦਾ ਹੈ।

ਇਸ ਦੌਰਾਨ ਨਿਵੇਸ਼ਕ ਸੁਰੱਖਿਅਤ ਥਾਵਾਂ ਵੱਲ ਭੱਜਦੇ ਹਨ ਅਤੇ ਊਰਜਾ ਮਾਰਕੀਟ ਘਬਰਾਹਟ ਨਾਲ ਕੰਬ ਉਠਦੀ ਹੈ। ਰਿਪੋਰਟਾਂ ਮੁਤਾਬਕ ਯੂਰਪ ਅਤੇ ਕੈਨੇਡਾ ਵਿੱਚ ਗੈਸ ਦੀਆਂ ਕੀਮਤਾਂ ਪਹਿਲੇ ਝਟਕਿਆਂ ਵਿੱਚ 10 ਤੋਂ 18 ਫੀਸਦੀ ਤੱਕ ਵਧਣ ਦੀ ਗੱਲ ਵੀ ਸਾਹਮਣੇ ਆਈ। ਭਾਵੇਂ ਹਰ ਦੇਸ਼ 'ਤੇ ਅਸਰ ਇੱਕੋ ਜਿਹਾ ਨਹੀਂ ਹੁੰਦਾ, ਪਰ ਸੰਦੇਸ਼ ਇੱਕੋ ਹੈ, ਸਿਰਫ਼ ਸੀਮਤ ਰੁਕਾਵਟ ਵੀ ਵੱਡੀ ਮਹਿੰਗਾਈ ਬਣ ਸਕਦੀ ਹੈ।

ਸਟਰੇਟ ਹਾਰਮੂਜ਼ ਇੱਕ ਤੰਗ ਸਮੁੰਦਰੀ ਰਸਤਾ ਹੈ, ਜੋ ਗਲ.ਫ ਨੂੰ ਖੁੱਲ੍ਹੇ ਸਮੁੰਦਰ ਨਾਲ ਜੋੜਦਾ ਹੈ। ਬਹੁਤ ਸਾਰੇ ਤੇਲ ਅਤੇ ਗੈਸ ਟੈਂਕਰ ਇਥੋਂ ਲੰਘਦੇ ਹਨ, ਇਸ ਲਈ ਇਹ ਰਸਤਾ ਕਿਸੇ ਗਲੇ ਦੇ ਨਸੇ ਵਾਂਗ ਹੈ। ਨਸ 'ਤੇ ਹੱਥ ਪਏ, ਤਾਂ ਸਾਰਾ ਸਰੀਰ ਅਸਹਿਜ ਹੋ ਜਾਂਦਾ ਹੈ।

ਅਸਲ ਖ਼ਤਰਾ ਹਮੇਸ਼ਾ ਇਹ ਨਹੀਂ ਕਿ ਰਸਤਾ ਪੂਰੀ ਤਰ੍ਹਾਂ ਬੰਦ ਹੋ ਜਾਵੇ। ਕਈ ਵਾਰ ਸਿਰਫ਼ ਡਰ ਕਾਫ਼ੀ ਹੁੰਦਾ ਹੈ। ਜਦੋਂ ਜਹਾਜ਼ ਮਾਲਕ, ਬੀਮਾ ਕੰਪਨੀਆਂ ਅਤੇ ਬੈਂਕ ਸੋਚਦੇ ਹਨ ਕਿ ਖ਼ਤਰਾ ਵਧ ਗਿਆ ਹੈ, ਤਾਂ ਉਹ ਕੀਮਤਾਂ ਉੱਪਰ ਚਾੜ੍ਹ ਦਿੰਦੇ ਹਨ।

ਜਦੋਂ ਖ਼ਤਰਾ ਵਧਦਾ ਹੈ, ਪਹਿਲਾਂ ਇੰਸ਼ੋਰੈਂਸ ਪ੍ਰੀਮੀਅਮ ਚੜ੍ਹਦਾ ਹੈ। ਫਿਰ ਕਈ ਕੰਪਨੀਆਂ ਰੂਟ ਬਦਲਦੀਆਂ ਹਨ, ਜਿਸ ਨਾਲ ਦੂਰੀ ਵਧਦੀ ਹੈ ਅਤੇ ਡਲਿਵਰੀ ਦੇਰੀ ਨਾਲ ਆਉਂਦੀ ਹੈ। ਦੇਰੀ ਦਾ ਮਤਲਬ ਗੋਦਾਮ ਖ਼ਾਲੀ, ਫੈਕਟਰੀਆਂ ਦੀ ਲਾਗਤ ਉੱਚੀ ਅਤੇ ਆਖ਼ਰਕਾਰ ਉਪਭੋਗਤਾ ਲਈ ਮਹਿੰਗੇ ਬਿੱਲ।

ਨਿਵੇਸ਼ਕਾਂ ਦੀ ਘਬਰਾਹਟ ਇਸ ਨੂੰ ਹੋਰ ਤੇਜ਼ ਕਰ ਸਕਦੀ ਹੈ। ਜੇ ਮਾਰਕੀਟ ਨੂੰ ਲੱਗੇ ਕਿ ਹਾਲਾਤ ਹੋਰ ਵਿਗੜਣਗੇ ਤਾਂ ਵਪਾਰੀ ਪਹਿਲਾਂ ਹੀ ਮਹਿੰਗੇ ਸੌਦੇ ਕਰ ਲੈਂਦੇ ਹਨ। ਇਸੇ ਕਾਰਨ ਯੂਰਪ ਅਤੇ ਕੈਨੇਡਾ ਵਿੱਚ 10 ਤੋਂ 18 ਫੀਸਦੀ ਤੱਕ ਗੈਸ ਕੀਮਤਾਂ ਵਧਣ ਵਾਲੀਆਂ ਰਿਪੋਰਟਾਂ ਮਹੱਤਵ ਰੱਖਦੀਆਂ ਹਨ, ਕਿਉਂਕਿ ਇਹ ਘਰਾਂ ਦੇ ਬਜਟ, ਟਰਾਂਸਪੋਰਟ ਅਤੇ ਉਦਯੋਗੀ ਖ਼ਰਚੇ ਨੂੰ ਸਿੱਧਾ ਛੂਹਦੀਆਂ ਹਨ।

ਗਲ.ਫ ਦੇਸ਼ਾਂ ਲਈ ਅਗਲਾ ਦੌਰ ਸਿਰਫ਼ ਸੈਨਾ ਦਾ ਨਹੀਂ, ਰਣਨੀਤੀ ਦਾ ਹੈ। ਇਸ ਦੇ ਨਾਲ ਅਮਰੀਕਾ ਦੇ ਅੰਦਰਲੀ ਰਾਜਨੀਤੀ ਵੀ ਰੁਖ ਬਦਲ ਸਕਦੀ ਹੈ। ਕਈ ਟਿੱਪਣੀਕਾਰਾਂ ਨੇ ਕਿਹਾ ਕਿ ਰਾਸ਼ਟਰਪਤੀ ਟਰੰਪ ਇਸ ਨੂੰ ਰਾਜਨੀਤਕ ਜਿੱਤ ਸਮਝਦੇ ਹੋ ਸਕਦੇ ਹਨ ਜਾਂ ਧਿਆਨ ਭਟਕਾਉਣ ਦਾ ਰਸਤਾ। ਐਪਸਟੀਨ ਫਾਈਲ ਨਾਲ ਜੋੜ ਕੇ ਜੋ ਦਾਅਵੇ ਚੱਲੇ, ਉਹ ਸਰਕਾਰੀ ਤੌਰ 'ਤੇ ਸਾਬਤ ਨਹੀਂ ਹਨ, ਪਰ ਉਹ ਦੱਸਦੇ ਹਨ ਕਿ ਜੰਗ ਦੇ ਫ਼ੈਸਲੇ ਘਰੇਲੂ ਸਿਆਸਤ ਦੇ ਸ਼ੋਰ ਤੋਂ ਵੀ ਪ੍ਰਭਾਵਤ ਹੋ ਸਕਦੇ ਹਨ। ਅਮਰੀਕੀ ਕਾਂਗਰਸ ਮੈਂਬਰ ਆਪਣੇ ਤਰੀਕੇ ਨਾਲ ਵਰਤ ਰਹੇ ਹਨ। ਇਸ ਕਰਕੇ ਬਾਹਰੀ ਦੁਨੀਆਂ ਲਈ ਸਵਾਲ ਇਹ ਬਣਦਾ ਹੈ ਕਿ ਕੀ ਨੀਤੀ ਸਾਫ਼ ਹੈ ਜਾਂ ਘਰੇਲੂ ਲੜਾਈ ਵੀ ਇਸ ਨੂੰ ਧੱਕ ਰਹੀ ਹੈ।

ਜੇ ਹਮਲੇ ਲੰਮੇ ਚਲੇ ਤਾਂ ਗਲ.ਫ ਦੇਸ਼ਾਂ ਨੂੰ ਸੁਰੱਖਿਆ ਖ਼ਰਚੇ ਵਧਾਉਣੇ ਪੈ ਸਕਦੇ ਹਨ। ਨਾਲ ਹੀ ਬੰਦਰਗਾਹਾਂ, ਹਵਾਈ ਰੂਟਾਂ ਅਤੇ ਤੇਲ-ਗੈਸ ਢਾਂਚੇ ਦੀ ਰਖਿਆ ਮੁੱਖ ਮੁੱਦਾ ਬਣੇਗਾ। ਇਸ ਹਾਲਤ ਵਿੱਚ ਦੋਸਤ ਅਤੇ ਵੈਰੀ ਦੀ ਲਕੀਰ ਹੋਰ ਸਖ਼ਤ ਹੋ ਸਕਦੀ ਹੈ, ਜੋ ਹੇਜਿੰਗ ਲਈ ਮਾੜੀ ਖ਼ਬਰ ਹੈ।

ਜੰਗ ਨੂੰ ਵੱਡੀ ਜੰਗ ਬਣਾਉਣ ਵਾਲੇ ਕੁਝ ਲਾਲਚੀ ਰਾਜਨੀਤਕ ਵੀ ਇਸ ਨੂੰ ਤੂਲ ਦੇ ਰਹੇ ਹਨ। ਜੇ ਹੋਰ ਦੇਸ਼ਾਂ ਦੇ ਅੱਡਿਆਂ 'ਤੇ ਮੁੜ ਹਮਲੇ ਹੋਏ ਜਾਂ ਖੇਤਰ ਤੋਂ ਬਾਹਰ ਦੀਆਂ ਤਣਾਅ ਵਾਲੀਆਂ ਥਾਵਾਂ ਖਿੱਚ ਵਿੱਚ ਆਈਆਂ, ਤਾਂ ਸੱਤਾ-ਸੰਤੁਲਨ ਹਿੱਲ ਸਕਦਾ ਹੈ। ਸਾਇਪ੍ਰਸ ਵਿੱਚ ਬ੍ਰਿਟਿਸ਼ ਬੇਸਾਂ ਬਾਰੇ ਰਿਪੋਰਟਾਂ ਵਰਗੀਆਂ ਗੱਲਾਂ ਵੀ ਇਸੇ ਖ਼ਤਰੇ ਵੱਲ ਇਸ਼ਾਰਾ ਕਰਦੀਆਂ ਹਨ। ਸਭ ਤੋਂ ਮਾੜੇ ਸਿਨਾਰਿਓ ਵਿੱਚ, ਜੇ ਅਮਰੀਕਾ ਵੱਡੀ ਲਹਿਰ ਵਾਲੇ ਹਮਲਿਆਂ ਦੀ ਗੱਲ ਕਰੇ ਅਤੇ ਗਰਾਊਂਡ ਫੌਜਦਾਰੀ ਦੀ ਸੰਭਾਵਨਾ ਖੁੱਲ੍ਹੀ ਛੱਡੇ, ਤਾਂ ਜੰਗ ਲੰਮੀ ਹੋ ਸਕਦੀ ਹੈ।

ਇਸ ਦੌਰਾਨ ਸ਼ਰਨਾਰਥੀਆਂ ਦਾ ਦਬਾਅ, ਵਪਾਰ ਅਤੇ ਊਰਜਾ ਸਪਲਾਈ ਵਿੱਚ ਰੁਕਾਵਟ ਅਤੇ ਈਰਾਨ ਦੇ ਅੰਦਰ ਅਸ਼ਾਂਤੀ ਦੀਆਂ ਸੰਭਾਵਨਾਵਾਂ ਵੀ ਚਰਚਾ ਵਿੱਚ ਹਨ। ਕੁਝ ਵਿਸ਼ਲੇਸ਼ਕ ਇਹ ਵੀ ਕਹਿੰਦੇ ਹਨ ਕਿ ਅੰਦਰੂਨੀ ਅਸਥਿਰਤਾ ਨਾਲ ਕੁਝ ਗਰੁੱਪਾਂ ਦੇ ਖੇਤਰੀ ਦਾਅਵੇ ਉੱਭਰ ਸਕਦੇ ਹਨ। ਦੂਜੇ ਪਾਸੇ ਯੂਰਪੀ ਦੇਸ਼ ਜੰਗ ਰੋਕਣ ਦੀ ਮੰਗ ਕਰ ਰਹੇ ਹਨ, ਜੋ ਡੀ-ਇਸਕਲੇਸ਼ਨ ਲਈ ਦਬਾਅ ਬਣਾਉਂਦਾ ਹੈ। ਅਮਰੀਕਾ ਅੰਦਰ ਮੀਡੀਆ ਵਿੱਚ ਹਵਾਲੇ ਦਿੱਤੇ ਫਰਵਰੀ 2026 ਦੇ ਪੋਲਾਂ ਮੁਤਾਬਕ 21 ਫੀਸਦੀ ਹਮਲਿਆਂ ਦੇ ਹੱਕ ਵਿੱਚ ਸਨ, 49 ਫੀਸਦੀ ਵਿਰੋਧ ਵਿੱਚ ਅਤੇ 30 ਫੀਸਦੀ ਅਣਫੈਸਲਾ ਲੈਣ ਵਾਲੇ ਹਨ।

ਇਸ ਜੰਗ ਦੇ ਕੁਝ ਹੀ ਦਿਨਾਂ ਨੇ ਤਿੰਨ ਗੱਲਾਂ ਸਾਫ਼ ਕਰ ਦਿੱਤੀਆਂ ਹਨ। ਪਹਿਲਾ, ਗਲ.ਫ ਦੀ ਸੁਰੱਖਿਆ ਹੁਣ ਹੋਰ ਅਨਿਸਚਿਤ ਹੈ, ਕਿਉਂਕਿ ਟਾਰਗੇਟਾਂ ਦੀ ਲਿਸਟ ਫੈਲ ਰਹੀ ਹੈ। ਦੂਜਾ Hormu ਬਾਰੇ ਡਰ ਹੀ ਕਾਫ਼ੀ ਹੈ, ਕਿਉਂਕਿ ਇੰਸ਼ੋਰੈਂਸ ਫ੍ਰੇਟ ਅਤੇ ਊਰਜਾ ਕੀਮਤਾਂ ਪਲ ਵਿੱਚ ਚੜ੍ਹ ਰਹੀਆਂ ਹਨ। ਤੀਜਾ, ਡਿਪਲੋਮੇਸੀ ਅਤੇ ਡੀ-ਇਸਕਲੇਸ਼ਨ ਘੱਟ ਖ਼ਰਚ ਵਾਲਾ ਰਸਤਾ ਹੈ, ਭਾਵੇਂ ਇਹ ਹੌਲੀ ਚਲਦੀ ਹੈ।

ਹੁਣ ਲੋਕਾਂ ਲਈ ਸਹੀ ਕਾਰਵਾਈ ਇਹ ਹੈ ਕਿ ਊਰਜਾ ਕੀਮਤਾਂ, ਸ਼ਿਪਿੰਗ ਅੱਪਡੇਟ ਅਤੇ ਖੇਤਰੀ ਬਿਆਨਾਂ 'ਤੇ ਨਜ਼ਰ ਰੱਖੀ ਜਾਵੇ, ਕਿਉਂਕਿ ਅਗਲਾ ਝਟਕਾ ਅਕਸਰ ਮੋਰਚੇ ਤੋਂ ਨਹੀਂ, ਮਾਰਕੀਟ ਤੋਂ ਆਉਂਦਾ ਹੈ।

# ਅਮਰੀਕਨ ਸਾਮਰਾਜ ਨੇ ਨਿਹੱਕ ਜੰਗਾਂ ਨਾਲ ਦੁਨੀਆ ਨੂੰ ਤਬਾਹੀ ਵੱਲ ਧੱਕਿਆ : ਗਦਾਈਆ

**ਲਾਲ ਝੰਡਾ ਹਮੇਸ਼ਾ ਨਿਹੱਕੀ ਜੰਗਾਂ ਖਿਲਾਫ ਬੇਖੌਫ਼ ਲੜਦਾ ਰਿਹਾ ਹੈ ਤੇ ਲੜਦਾ ਰਹੇਗਾ : ਛੱਜੂਭੱਟ**



**ਨਾਭਾ (ਵਰਿੰਦਰ ਵਰਮਾ)**-ਅਮਰੀਕਾ ਤੇ ਇਜ਼ਰਾਈਲ ਵੱਲੋਂ ਧੱਕੇ ਨਾਲ਼ ਥੋਪੀ ਨਿਹੱਕੀ ਜੰਗ ਵਿੱਚ ਅਮਰੀਕਾ ਤੇ ਇਜ਼ਰਾਈਲ ਬੁਰੀ ਤਰ੍ਹਾਂ ਹਾਰਨਗੇ, ਕਿਉਂਕਿ ਇਸ ਨਿਹੱਕੀ ਜੰਗ ਵਿੱਚ ਅਮਰੀਕਾ ਤੇ ਇਜ਼ਰਾਈਲ ਈਰਾਨ ਦੇ ਬੇਦੋਸ਼ੇ ਲੋਕਾਂ ਨੂੰ ਮਾਰ ਰਹੇ ਹਨ, ਪਰ ਈਰਾਨ ਨਾਲ ਦੁਨੀਆਂ ਦੇ ਲੋਕਾਂ ਦੀ ਹਮਦਰਦੀ ਤੇ ਸ਼ੁੱਭਕਾਮਨਾਵਾਂ ਨਾਲ਼ ਹਨ ਅਤੇ ਅਮਰੀਕਾ ਨੂੰ ਆਪਣੇ ਹੀ ਦੇਸ਼ ਵਿੱਚ ਬਹੁਤ ਸਾਰੇ ਵੱਡੇ ਵੱਡੇ ਜੰਗ ਵਿਰੋਧੀ ਤੇ ਅਮਰੀਕਨ ਹਾਕਮਾਂ ਵਿਰੋਧੀ ਮੁਜ਼ਾਹਰਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਕਿਉਂਕਿ ਅਮਰੀਕਾ ਹਮੇਸ਼ਾ ਦੁਨੀਆਂ 'ਚ ਥਾਣੇਦਾਰੀ ਵਾਲਾਂ ਰੋਲ਼ ਹੀ ਕਰਦਾ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾਈ ਆਗੂ ਕਾਮਰੇਡ ਕਸ਼ਮੀਰ ਸਿੰਘ ਗਦਾਈਆ ਨੇ ਜੰਗ ਵਿਰੁੱਧ ਸੀ ਪੀ ਆਈ ਤੇ ਸੀ ਪੀ ਆਈ ਐੱਮ ਗਦਾਈਆ ਤੇ ਗੁਰਦਿੱਤਪੁਰਾ ਇਕਾਈਆਂ ਵੱਲੋਂ ਰੱਖੇ ਵਿਰੋਧ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਅਮਰੀਕਨ ਸਾਮਰਾਜ ਨੇ ਦੂਜੀ ਸੰਸਾਰ ਜੰਗ ਸਮੇਂ ਹੀਰੋਸ਼ੀਮਾ ਨਾਗਾਸਾਕੀ ਤੇ ਪ੍ਰਮਾਣੂ ਬੰਬਾਂ ਨਾਲ਼ ਭਬਾਹੀ ਮਚਾਈ, ਜਿਸ ਦਾ ਅਸਰ ਅੱਜ ਵੀ ਇੱਥੋਂ ਦੇ ਲੋਕਾਂ ਤੇ ਦੇਖਿਆ ਜਾ ਸਕਦਾਂ ਹੈ, ਫ਼ਿਰ ਵੀਅਤਨਾਮ ਨਾਲ ਜੰਗ ਵਿੱਚ ਮੂੰਹ ਖਾਧੀ, ਇਰਾਕ, ਫਲਸਤੀਨ ਨੂੰ ਤਬਾਹ ਕੀਤਾ ਤੇ ਵੈਨੇਜ਼ੂਏਲਾ ਦੇ ਰਾਸ਼ਟਰਪਤੀ ਨੂੰ ਬੰਦੀ ਬਣਾਕੇ ਇਹ ਭਰਮ ਪਾਲਿਆ ਕਿ ਸ਼ਾਇਦ ਈਰਾਨ ਨੂੰ ਵੀ ਕਾਬੂ ਕਰ ਲਵੇਗਾ, ਪਰ ਈਰਾਨ ਜਿਸ ਤਰ੍ਹਾਂ ਇਹ ਜੰਗ ਲੜ ਰਿਹਾ ਹੈ।ਉਨ੍ਹਾਂ ਕਿਹਾ ਕਿ ਇਸ ਜੰਗ ਵਿੱਚ ਵੀ ਅਮਰੀਕਨ ਸਾਮਰਾਜ ਤੇ ਇਜ਼ਰਾਈਲ ਨੂੰ ਮੂੰਹ ਦੀ ਖਾਣੀ ਪਵੇਗੀ, ਕਮਿਊਨਿਸਟ ਆਗੂ ਨੇ ਕਿਹਾ ਕਿ ਇਸ ਜੰਗਾਂ ਨੇਂ ਲੋਕਾਂ ਨੂੰ ਕਦੇ ਵੀ ਕੁੱਝ ਨਹੀਂ ਦੇਣਾ, ਮਹਿੰਗਾਈ ਤੇ ਭੁੱਖਮਰੀ ਤੋਂ ਸਿਵਾਏ, ਇਸ ਲਈ ਸਾਨੂੰ ਸਭ ਨੂੰ ਇਹ ਨਿਹੱਕੀ ਜੰਗ ਬੰਦ ਕਰਨ ਲਈ ਅਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਇਸ ਸਮੇਂ ਸੀ ਪੀ ਆਈ ਐੱਮ ਦੇ ਜ਼ਿਲ੍ਹਾ ਕਮੇਟੀ ਮੈਂਬਰ ਕਾਮਰੇਡ ਗੁਰਮੀਤ ਸਿੰਘ ਛੱਜੂਭੱਟ ਤੇ ਸੀਟੂ ਦੇ ਆਗੂ ਨੱਛਤਰ ਸਿੰਘ ਗੁਰਦਿੱਤ ਪੁਰਾ ਨੇ ਸੰਬੋਧਨ ਕਿਹਾ ਕਿ ਲਾਲ ਝੰਡਾ ਹਮੇਸ਼ਾ ਅਜਿਹਿਆਂ ਨਿਹੱਕੀਆ ਜੰਗਾਂ ਖਿਲਾਫ ਬੇਖੌਫ਼ ਲੜਦਾ ਰਿਹਾ ਹੈ ਤੇ ਲੜਦਾ ਰਹੇਗਾ, ਕਮਿਊਨਿਸਟ ਪਾਰਟੀਆਂ ਦੁਨੀਆਂ 'ਤੇ ਰਾਜ਼ ਕਰਦੀਆਂ ਹਾਕਮਾਂ ਜਮਾਤਾਂ ਨੂੰ ਇਹੋ ਕਹਿੰਦਿਆਂ ਰਹੀਆਂ ਹਨ ਕਿ ਹਥਿਆਰਾਂ ਤੇ ਖ਼ਰਚ ਘਟਾ ਕਿ ਦੁਨੀਆਂ ਦੇ ਲੋਕਾਂ ਦੀ ਜ਼ਿੰਦਗੀ ਤੇ ਵੱਧ ਖ਼ਰਚ ਕਰਨੇ ਚਾਹੀਦੇ ਹਨ। ਇਸ ਸਮੇਂ ਪੰਜਾਬ ਇਸਤਰੀ ਸਭਾ ਦੀ ਜ਼ਿਲ੍ਹਾ ਆਗੂ ਬਲਜੀਤ ਕੌਰ ਗਦਾਈਆ ਨੇ ਸੰਬੋਧਨ ਕਰਦਿਆ ਕਿਹਾ ਜੰਗਬੰਦੀ ਕਰਨ ਲਈ ਅਵਾਜ਼ ਬੁਲੰਦ ਕਰਨ ਵਾਸਤੇ ਔਰਤਾਂ ਨੂੰ ਅੱਗੇ ਆਉਣਾ ਹੋਵੇਗਾ, ਕਿਉਂਕਿ ਅਜਿਹੀਆਂ ਨਿਹੱਕੀਆ ਜੰਗਾਂ ਦਾ ਸੰਤਾਪ ਸਭ ਤੋਂ ਵੱਧ ਔਰਤਾਂ ਨੂੰ ਸਹਿਣਾ ਪੈਂਦਾ ਹੈ, ਅਮਰੀਕਾ ਤੇ ਇਜ਼ਰਾਈਲ ਨੇ ਈਰਾਨ ਵਿੱਚ ਬੱਚੀਆਂ ਦੇ ਸਕੂਲ ਤੇ ਬੰਬਾਰੀ ਕਰਕੇ 170 ਦੇ ਲੱਗਪਗ ਸਕੂਲੀ ਬੱਚੀਆਂ ਨੂੰ ਮਾਰਨਾਂ ਬੇਹੱਦ ਨਿੰਦਣਯੋਗ ਕਾਰਾ ਹੈ।ਇਸ ਮੌਕੇ ਸੀ ਪੀ ਆਈ ਐੱਮ ਦੇ ਤਹਿਸੀਲ ਸੱਕਤਰ ਹਰਬੰਸ ਸਿੰਘ ਬੁੱਗਾ, ਕਾਕਾ ਸਿੰਘ ਕੋਟਕਲਾਂ, ਮਾਸਟਰ ਸੁਖਵਿੰਦਰ ਸਿੰਘ ਗੁਰਦਿੱਤਪੁਰਾ, ਹਰਦਮ ਸਿੰਘ ਗੁਰਦਿੱਤ ਪੁਰਾ, ਭਿੰਦਰ ਸਿੰਘ ਕੋਲੀ ਗਦਾਈਆ, ਸਰਬਜੀਤ ਕੌਰ,ਮਹਿੰਦਰ ਕੌਰ, ਕੁਲਦੀਪ ਕੌਰ ਆਦਿ ਆਗੂ ਮੌਜੂਦ ਸਨ।

# ਅਕਾਲੀ ਦਲ ਨੇ ਬਲਾਕ ਸੰਮਤੀ ਦਾ ਬਣਾਇਆ ਚੇਅਰਮੈਨ

**ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਨੇ ਵਰਕਰਾਂ ਦਾ ਕੀਤਾ ਧੰਨਵਾਦ**



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਸ੍ਰੀ ਮੁਕਤਸਰ ਸਾਹਿਬ ਹਲਕੇ ਦੀ ਬਲਾਕ ਸੰਮਤੀ ਦੇ ਚੇਅਰਮੈਨ ਤੇ ਉਪ ਚੇਅਰਮੈਨ ਦੀ ਨਿਯੁਕਤੀ ਕੀਤੀ, ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ 17 ਤੇ ਤਿੰਨ ਆਪ ਪਾਰਟੀ ਦੇ ਉਮੀਦਵਾਰ ਜੇਤੂ ਹੋਏ ਸਨ ਤੇ ਅੱਜ ਸ੍ਰੀ ਮੁਕਤਸਰ ਸਾਹਿਬ ਦੇ ਬੀਡੀਪੀਓ ਦਫਤਰ ਦੇ ਵਿੱਚ 3 ਵਜੇ ਦਾ ਟਾਈਮ ਚੋਣ ਲਈ ਨਿਯੁਕਤ ਕੀਤਾ ਗਿਆ ਸੀ। ਇਸ ਦੌਰਾਨ 20 ਵਿੱਚੋਂ 17 ਬਲਾਕ ਸੰਮਤੀ ਜਿੱਤਣ ਵਾਲੀ ਅਕਾਲੀ ਦਲ ਪਾਰਟੀ ਦੇ 16 ਬਲਾਕ ਸੰਮਤੀ ਮੈਂਬਰ ਮੌਜੂਦ ਸਨ ਅਤੇ ਇੱਕ ਮੈਂਬਰ ਗੈਰ ਹਾਜ਼ਰ ਸੀ, ਜਦਕਿ ਆਮ ਆਦਮੀ ਪਾਰਟੀ ਦੇ ਜਿੱਤੇ ਤਿੰਨ ਬਲਾਕ ਸੰਮਤੀ ਮੈਂਬਰ ਤੇ ਖੁਦ ਆਪ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਗੈਰ-ਹਾਜ਼ਰ ਸਨ। ਚੋਣਾਂ ਦੌਰਾਨ ਜਗਦੇਵ ਸਿੰਘ ਰੁੜਿਆਂਵਾਲੀ ਨੂੰ ਬਲਾਕ ਸੰਮਤੀ ਦਾ ਚੇਅਰਮੈਨ ਤੇ ਮਾਤਾ ਜਸਮੇਲ ਕੌਰ ਕਾਨੇਵਾਲੀ ਨੂੰ ਉਪ-ਚੇਅਰਮੈਨ ਚੁਣਿਆ ਗਿਆ। ਇਸ ਦੌਰਾਨ ਮੀਡੀਆ ਨਾਲ ਗੱਲਬਾਤ ਕਰਦੇ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਰੋਜ਼ੀ ਬਰਕੰਦੀ ਵੱਲੋਂ ਸਭ ਤੋਂ ਪਹਿਲਾਂ ਪ੍ਰਮਾਤਮਾ ਦਾ ਧੰਨਵਾਦ, ਫਿਰ ਪਾਰਟੀ ਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕੀਤਾ ਅਤੇ ਜੇਤੂਆਂ ਨੂੰ ਵਧਾਈ ਦਿੱਤੀ, ਉਥੇ ਹੀ ਇਹਨਾਂ ਦਾ ਕਹਿਣਾ ਸੀ ਕਿ ਇਹ ਵਰਕਰਾਂ ਦੀ ਮਿਹਨਤ ਸਦਕਾ ਹੀ ਚੋਣ ਜਿੱਤੀ ਗਈ ਹੈ, ਕਿਉਂਕਿ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਹਮੇਸ਼ਾ ਹੀ ਵਰਕਰਾਂ ਨੂੰ ਥਾਪੀ ਦਿੰਦੇ ਹਨ। ਬਲਾਕ ਸੰਮਤੀ ਦੇ ਚੇਅਰਮੈਨ ਦਾ ਕਹਿਣਾ ਸੀ ਕਿ ਮੈਂ ਸਰਦਾਰ ਸੁਖਬੀਰ ਸਿੰਘ ਬਾਦਲ ਤੇ ਕਵਰਜੀਤ ਸਿੰਘ ਰੋਜ਼ੀ ਬਰਕੰਦੀ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਦੀ ਮਿਹਨਤ ਸਦਕਾ ਤੇ ਇਨ੍ਹਾਂ ਦੇ ਆਸ਼ੀਰਵਾਦ ਨਾਲ ਹੀ ਮੈਂ ਚੇਅਰਮੈਨ ਬਣ ਸਕਿਆਂ ਤੇ ਮੈਂ ਕਿਸੇ ਨੂੰ ਵੀ ਕਿਸੇ ਤਰ੍ਹਾਂ ਦਾ ਕੋਈ ਨਿਰਾਸ਼ ਨਹੀਂ ਕਰਾਂਗਾ।

# ਇਨਲਿਸਟਮੈਂਟ/ਆਊਟਸੋਰਸ ਮੁਲਾਜ਼ਮਾਂ ਵੱਲੋਂ ਬਜਟ ਦੀਆਂ ਕਾਪੀਆਂ ਸਾੜ ਕੀਤਾ ਰੋਸ ਪ੍ਰਦਰਸ਼ਨ



**ਸਮਾਣਾ (ਇਕਬਾਲ ਸਿੰਘ ਬੱਲ)**

ਸਮੂਹ ਵਿਭਾਗਾਂ ਦੇ ਇਨਲਿਸਟਮੈਂਟ/ਆਊਟਸੋਰਸ ਮੁਲਾਜ਼ਮਾਂ ਦੇ ਪੱਕੇ ਰੁਜ਼ਗਾਰ ਦੀ ਪੂਰਤੀ ਲਈ ਪੰਜਾਬ ਸਰਕਾਰ ਦੇ ਸਾਲ 2026-27 ਦੇ ਬਜਟ ਵਿੱਚ ਅਣਦੇਖੀ ਕਰਨ ਦੇ ਰੋਸ ਵਜੋਂ ਠੇਕਾ ਮੁਲਾਜਮ ਸੰਘਰਸ਼ ਮੋਰਚਾ ਪੰਜਾਬ ਦੇ ਫੈਸਲੇ ਤਹਿਤ ਤਹਿਸੀਲ ਕੰਪਲੈਕਸ ਵਿਖੇ ਬੱਜਟ ਦੀਆਂ ਕਾਪੀਆਂ ਸਾੜ ਕੇ ਰੋਸ਼ ਪ੍ਰਦਰਸ਼ਨ ਕੀਤਾ ਗਿਆ।

ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਬਲਾਕ ਸਮਾਣਾ ਦੇ ਪ੍ਰਧਾਨ ਬਲਕਾਰ ਸਿੰਘ ਕਕਰਾਲਾ ਆਗੂ ਜਿਲ੍ਹਾ ਪ੍ਰਧਾਨ ਜੀਤ ਸਿੰਘ ਬਠੋਈ, ਸਤਪਾਲ ਸਿੰਘ ਬੀਬੀਪੁਰ ਬ੍ਰਾਂਚ ਪ੍ਰਧਾਨ ਆਗੂਆਂ ਨੇ ਕਿਹਾ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਦੇ ਦੌਰਾਨ ਆਮ ਆਦਮੀ ਪਾਰਟੀ ਦੀ ਅਗੁਵਾਈ ਵਾਲੀ ਪੰਜਾਬ ਸਰਕਾਰ ਦੇ ਲੀਡਰਾਂ ਵੱਲੋਂ ਵਾਅਦਾ ਕੀਤਾ ਗਿਆ ਸੀ ਕਿ 'ਆਪ' ਸਰਕਾਰ ਬਣਨ ਉਪਰੰਤ ਹਰ ਤਰ੍ਹਾਂ ਦੇ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕੀਤਾ ਜਾਵੇਗਾ, ਪਰ ਹੁਣ ਇਸ ਸਰਕਾਰ ਵੱਲੋਂ 4 ਸਾਲ ਬੀਤ ਜਾਣ ਦੇ ਬਾਅਦ ਵੀ ਇਸ ਮੰਗ ਦਾ ਹੱਲ ਨਹੀਂ ਕੀਤਾ ਗਿਆ ਹੈ।

5 ਮਾਰਚ ਨੂੰ ਮੁੱਖ ਮੰਤਰੀ ਦੇ ਨਾਂਅ ਵਿਧਾਇਕਾਂ ਰਾਹੀਂ ਮੰਗ-ਪੱਤਰ ਭੇਜ ਕੇ ਮੰਗ ਕੀਤੀ ਗਈ ਕਿ ਇਸ ਵਿਧਾਨ ਸਭਾ ਇਜਲਾਸ ਵਿੱਚ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦੇ ਵਾਅਦੇ ਨੂੰ ਪੂਰਾ ਕੀਤਾ ਜਾਵੇ।ਘੱਟੋ-ਘੱਟ ਉਜਰਤ ਦੇ ਕਾਨੂੰਨ 1948 ਅਨੁਸਾਰ ਪੰਦਰਵੀਂ ਲੇਬਰ ਕਾਨਫਰੰਸ ਦੀਆਂ ਸਿਫ਼ਾਰਸ਼ਾਂ ਨੂੰ ਸ਼ਾਮਲ ਕਰਕੇ ਤਨਖਾਹ ਨਿਸਚਿਤ ਕੀਤੀ ਜਾਵੇ ਤੇ ਹੋਰ ਮੰਗਾਂ ਜਿਨ੍ਹਾਂ ਦਾ ਹੱਲ ਕਰਨ ਲਈ ਵਾਅਦਾ ਕੀਤਾ ਸੀ, ਉਹ ਮੰਗਾਂ ਇਸ ਵਿਧਾਨ ਸਭਾ ਇਜਲਾਸ ਵਿੱਚ ਪ੍ਰਵਾਨ ਕੀਤੀਆਂ ਜਾਣ ਪਰ ਤਰਾਸਦੀ ਹੈ ਕਿ ਮੰਗ ਪੱਤਰ ਭੇਜਣ ਸਮੇਂ ਜਿਨ੍ਹਾਂ ਵਿਧਾਇਕਾਂ ਨੇ ਇਨ੍ਹਾਂ ਮੰਗਾਂ ਨੂੰ ਵਿਧਾਨ ਸਭਾ ਵਿੱਚ ਰੱਖਣ ਤੇ ਪ੍ਰਵਾਨ ਕਰਨ ਦਾ ਭਰੋਸਾ ਦਿੱਤਾ ਸੀ।ਉਨ੍ਹਾਂ ਵਿਧਾਇਕਾਂ ਵੱਲੋਂ ਸਾਡੀਆਂ ਮੰਗਾਂ ਦਾ ਹੱਲ ਕਰਨ ਦੀ ਗੱਲ ਦੀ ਲੋੜ ਨਹੀਂ ਸਮਝੀ।ਭਾਵੇਂ ਇੱਕ ਹਲਕਾ ਵਿਧਾਇਕ ਰਾਜਪੁਰਾ ਵਲੋਂ ਇਨ੍ਹਾਂ ਮੰਗਾਂ ਦੇ ਹੱਲ ਦੀ ਗੱਲ ਕੀਤੀ ਗਈ, ਪਰ ਉਸ ਵੱਲੋਂ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦੀ ਮੰਗ ਪੇਸ਼ ਕਰਨ ਤੋਂ ਪਹਿਲਾਂ ਹੀ ਨਾ ਮਨਜ਼ੂਰ ਕੀਤੀ ਗਈ।

ਵਿਰੋਧੀ ਧਿਰਾਂ ਦੀ ਚੁੱਪ ਨੇ ਵੀ ਇਸ ਅਸਲੀਅਤ ਨੂੰ ਜੱਗ ਜ਼ਾਹਰ ਕੀਤਾ ਹੈ ਕਿ ਕਹਿਣ ਨੂੰ ਭਾਵੇਂ ਇਹ ਸਭ ਵੱਖਰੇ ਵੱਖਰੇ ਹਨ, ਪਰ ਅਸਲ ਵਿੱਚ ਇਹ ਸਭ ਕਾਰਪੋਰੇਟ ਘਰਾਣਿਆਂ ਦੇ ਸੇਵਕ ਹਨ। ਜੋ ਤਨਖਾਹ ਵਾਧੇ ਦੀ ਮੰਗ ਵਿਧਾਇਕਾ ਵੱਲੋਂ ਰੱਖੀ ਵੀ ਗਈ, ਉਸ ਨੂੰ ਵੀ ਸਪੀਕਰ ਵੱਲੋਂ ਸਬ ਕਮੇਟੀ ਦੇ ਚੇਅਰਮੈਨ ਤੇ ਵਿੱਤ ਮੰਤਰੀ ਦੇ ਖਾਤੇ ਵਿੱਚ ਪਾ ਕੇ ਚਰਚਾ ਦੀ ਲੋੜ ਵੀ ਨਹੀਂ ਸਮਝੀ। ਜਦੋਂਕਿ ਵਿੱਤ ਮੰਤਰੀ ਦੀ ਅਗੁਵਾਈ ਵਾਲੀ ਸਬ ਕਮੇਟੀ ਪਿਛਲੇ 4 ਸਾਲਾਂ ਤੋਂ ਲਾਰੇ ਲਾ ਕੇ ਸਮਾਂ ਬਤੀਤ ਕਰ ਰਹੀ ਹੈ।ਉਨ੍ਹਾਂ ਮੰਗ ਕੀਤੀ ਕਿ ਸਮੂਹ ਵਿਭਾਗ 'ਚ ਕੰਮ ਕਰਦੇ ਇਨਲਿਸਟਮੈਂਟ/ਆਊਟਸੋਰਸ ਮੁਲਾਜ਼ਮਾਂ ਨੂੰ ਤਜਰਬੇ ਦੇ ਅਧਾਰ 'ਤੇ ਵਿਭਾਗ 'ਚ ਮਰਜ਼ ਕਰਕੇ ਪੱਕਾ ਰੁਜ਼ਗਾਰ ਕੀਤਾ ਜਾਵੇ। ਇਨਲਿਸਟਮੈਂਟ/ਆਊਟਸੋਰਸ ਵਰਕਰ ਜੋ ਠੇਕਾ ਪ੍ਰਣਾਲੀ ਦਾ ਸੰਤਾਪ ਭੋਗਦੇ ਹੋਏ 58 ਸਾਲ ਉਮਰ ਹੋ ਗਈ ਹੈ, ਉਨ੍ਹਾਂ ਵੱਲੋਂ ਲਗਾਤਾਰ ਦਿੱਤੀਆਂ ਗਈਆਂ ਸੇਵਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਨ੍ਹਾਂ ਕਾਮਿਆਂ ਦੇ ਵਾਰਸਾਂ ਨੂੰ ਵੀ ਪੱਕੀ ਨੌਕਰੀ ਦਿੱਤੀ ਜਾਵੇ।

## ਕਾਤਰਾਂ

### ਸੜਕ 'ਤੇ ਖੜ੍ਹੀ ਕਾਰ 'ਚੋਂ ਨੌਜਵਾਨ ਦੀ ਲਾਸ਼ ਮਿਲੀ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਠੀਕਰੀਵਾਲਾ ਡਰੇਨ ਦੇ ਪੁਲ ਕੋਲ ਖੜ੍ਹੀ ਇਕ ਕਾਰ 'ਚੋਂ ਨੌਜਵਾਨ ਦੀ ਲਾਸ਼ ਮਿਲਣ ਦਾ ਪਤਾ ਲੱਗਾ ਹੈ।ਸਦਰ ਥਾਣਾ ਮੁਖੀ ਇੰਸਪੈਕਟਰ ਜਗਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਸੂਚਨਾ ਮਿਲੀ ਕਿ ਪਿੰਡ ਠੀਕਰੀਵਾਲਾ ਤੋਂ ਬਰਨਾਲਾ ਨੂੰ ਆਉਂਦੀ ਸੜਕ 'ਤੇ ਡਰੇਨ ਦੇ ਪੁਲ ਕੋਲ ਇੱਕ ਕਾਰ ਕਾਫੀ ਸਮੇਂ ਤੋਂ ਲਾਵਾਰਿਸ ਖੜ੍ਹੀ ਹੈ, ਉਸ ਦੇ ਅੰਦਰ ਇਕ ਨੌਜਵਾਨ ਬੇਹੋਸ਼ ਹਾਲਤ ਵਿੱਚ ਪਿਆ ਹੈ।ਪੁਲਸ ਵੱਲੋਂ ਜਾਂਚ ਪੜਤਾਲ ਕਰਨ 'ਤੇ ਪਤਾ ਲੱਗਾ ਕਿ ਨੌਜਵਾਨ ਦੀ ਮੌਤ ਹੋ ਚੁੱਕੀ ਹੈ।ਉਨ੍ਹਾਂ ਦੱਸਿਆ ਕਿ ਮ੍ਰਿਤਕ ਨੌਜਵਾਨ ਦੀ ਪਛਾਣ ਪ੍ਰਦੀਪ ਸਿੰਘ ਪੁੱਤਰ ਚਮਕੌਰ ਸਿੰਘ ਵਾਸੀ ਪਿੰਡ ਠੀਕਰੀਵਾਲਾ ਵਜੋਂ ਹੋਈ।ਪੁਲਸ ਮੁਤਾਬਕ ਨੌਜਵਾਨ ਕਾਰ ਅੰਦਰ ਬੈਠਿਆ ਹੋਇਆ ਸੀ।ਕਾਰ ਦੇ ਸ਼ੀਸ਼ੇ ਬਿਲਕੁਲ ਬੰਦ ਹੋਣ ਕਾਰਨ ਨੌਜਵਾਨ ਦੀ ਮੌਤ ਦਮ ਘੁੱਟਣ ਕਾਰਨ ਹੋਣ ਦਾ ਅਨੁਮਾਨ ਹੈ।

### ਪੱਛੜੀਆਂ ਸ਼੍ਰੇਣੀਆਂ ਦੀ ਜਾਤੀ ਅਧਾਰਤ ਗਿਣਤੀ ਕੀਤੀ ਜਾਵੇ : ਮੁਕਤੀ ਮੋਰਚਾ

**ਮਾਨਸਾ (ਆਤਮਾ ਸਿੰਘ ਪਮਾਰ)**-ਬਹੁਜਨ ਮੁਕਤੀ ਮੋਰਚ ਪੰਜਾਬ ਦੇ ਸੂਬਾ ਪ੍ਰਧਾਨ ਦਲਵਿੰਦਰ ਸਿੰਘ ਤੇ ਬਹੁਜਨ ਮੁਕਤੀ ਪਾਰਟੀ ਦੇ ਵਾਈਸ ਪ੍ਰਧਾਨ ਜਸਵੰਤ ਸਿੰਘ ਮਾਨਸਾ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਦੱਸਿਆ ਕਿ ਉਨ੍ਹਾਂ ਵੱਲੋਂ ਮਾਨਯੋਗ ਡਿਪਟੀ ਕਮਿਸ਼ਨਰ ਮਾਨਸਾ ਨਵਜੋਤ ਕੌਰ ਨੂੰ ਇੱਕ ਮੰਗ ਪੱਤਰ ਸੌਂਪਦਿਆਂ ਮੰਗ ਕੀਤੀ ਹੈ ਕਿ ਕੇਂਦਰ ਸਰਕਾਰ ਵੱਲੋਂ ਆਗਾਮੀ ਅਪ੍ਰੈਲ ਮਹੀਨੇ ਮਰਦਮਸ਼ੁਮਾਰੀ ਕਰਵਾਈ ਜਾ ਰਹੀ ਹੈ, ਉਸ 'ਚ ਪੱਛੜੀਆਂ ਸ਼੍ਰੇਣੀਆਂ ਦੀ ਜਾਤੀ ਅਧਾਰਤ ਗਿਣਤੀ ਕਰਵਾਈ ਜਾਵੇ।ਉਨ੍ਹਾਂ ਕਿਹਾ ਕਿ ਬਾਮਸੇਫ ਦੇ ਰਾਸ਼ਟਰੀ ਪ੍ਰਧਾਨ ਵਾਮਨ ਮੇਸ ਰਾਮ ਜੀ ਦੇ ਦਿਸ਼ਾ ਨਿਰਦੇਸ਼ਾਂ ਦੇ ਅਨੁਸਾਰ ਭਾਰਤ ਦੇ ਅੰਦਰ 725 ਜ਼ਿਲ੍ਹਿਆਂ 'ਚ ਅੱਜ ਅਜਿਹੇ ਮੰਗ ਪੱਤਰ ਦਿੱਤੇ ਗਏ ਹਨ।ਉਨ੍ਹਾਂ ਸ਼ੰਕਾ ਪ੍ਰਗਟ ਕੀਤੀ ਕਿ ਮਰਦਮਸ਼ੁਮਾਰੀ ਦੌਰਾਨ ਓ ਬੀ ਸੀ ਦਾ ਕਾਲਮ ਨਹੀਂ ਬਣਾਇਆ ਗਿਆ ਇਸ ਲਈ ਓ.ਬੀ.ਸੀ. ਦਾ ਕਾਲਮ ਯਕੀਨੀ ਬਣਾਇਆ ਜਾਵੇ।ਯੂ.ਜੀ.ਸੀ. ਦਾ ਐਕਟ ਵੀ ਸਖਤੀ ਨਾਲ ਲਾਗੂ ਕੀਤਾ ਜਾਵੇ।2011 ਤੋਂ ਪਹਿਲਾਂ ਤੋਂ ਨੌਕਰੀ ਕਰ ਰਹੇ ਅਧਿਆਪਕਾਂ ਨੂੰ ਟੈੱਟ ਦੀ ਪ੍ਰੀਖਿਆ ਤੋਂ ਛੋਟ ਦਿੱਤੀ ਜਾਵੇ। ਇਸ ਮੌਕੇ ਸੁਰਿੰਦਰ ਸਿੰਘ ਬਾਮਸੇਫ ਆਗੂ, ਐਡਵੋਕੇਟ ਚਮਨਦੀਪ ਕੌਰ ਤੇ ਭੀਮ ਰਤਨ ਭੁਪਾਲ ਆਗੂ ਰਾਸ਼ਟਰੀ ਵਿਕਲਾਂਗ ਸੰਘ ਆਦਿ ਹਾਜ਼ਰ ਸਨ।

### ਸਕੂਲ ਬੱਸਾਂ ਦੇ ਕੱਟੇ ਚਲਾਨ

**ਸੰਗਰੂਰ/ਦਿੜ੍ਹਬਾ (ਪ੍ਰਵੀਨ ਸਿੰਘ)**-ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪ੍ਰੋਗਰਾਮ ਅਫਸਰ, ਸੰਗਰੂਰ ਪ੍ਰਦੀਪ ਸਿੰਘ ਗਿੱਲ ਦੀ ਅਗਵਾਈ ਹੇਠ ਬਲਾਕ ਦਿੜ੍ਹਬਾ ਵਿੱਚ ਸੇਫ ਸਕੂਲ ਵਾਹਨ ਪਾਲਿਸੀ ਅਧੀਨ ਸਕੂਲ ਬੱਸਾਂ ਦੀ ਵਿਸ਼ੇਸ਼ ਚੈਕਿੰਗ ਕੀਤੀ ਗਈ।ਇਸ ਚੈਕਿੰਗ ਦਾ ਮਕਸਦ ਸਕੂਲੀ ਬੱਚਿਆਂ ਦੀ ਆਵਾਜਾਈ ਦੌਰਾਨ ਸੁਰੱਖਿਆ ਨੂੰ ਯਕੀਨੀ ਬਣਾਉਣਾ ਸੀ।ਇਸ ਮੌਕੇ ਬਣਾਈ ਗਈ ਚੈਕਿੰਗ ਟੀਮ ਵਿੱਚ ਬਲਜੀਤ ਸਿੰਘ (ਸਿੱਖਿਆ ਵਿਭਾਗ), ਏਐਸਆਈ ਬਲਵਿੰਦਰ ਸਿੰਘ (ਪੁਲਿਸ ਵਿਭਾਗ), ਏਐਸਆਈ ਰਾਮ ਪ੍ਰਤਾਪ (ਪੁਲਸ ਵਿਭਾਗ) ਤੇ ਰੁਪਿੰਦਰ ਸਿੰਘ (ਆਊਟਰੀਚ ਵਰਕਰ, ਜ਼ਿਲ੍ਹਾ ਬਾਲ ਸੁਰੱਖਿਆ ਦਫਤਰ ਸੰਗਰੂਰ) ਸ਼ਾਮਲ ਸਨ।ਟੀਮ ਵੱਲੋਂ ਵੱਖ-ਵੱਖ ਸਕੂਲਾਂ ਦੀਆਂ ਬੱਸਾਂ ਦੀ ਜਾਂਚ ਕੀਤੀ ਗਈ ਤੇ ਸੇਫਟੀ ਨਾਲ ਸਬੰਧਤ ਲਾਜ਼ਮੀ ਪ੍ਰਬੰਧਾਂ ਦੀ ਜਾਂਚ ਕੀਤੀ ਗਈ।

# ਜਨਤਕ, ਜਮਹੂਰੀ ਜਥੇਬੰਦੀਆਂ ਵੱਲੋਂ ਈਰਾਨ 'ਤੇ ਹਮਲੇ ਖਿਲਾਫ ਕਨਵੈਨਸ਼ਨ ਤੇ ਮੁਜ਼ਾਹਰਾ




**ਸੰਗਰੂਰ (ਪ੍ਰਵੀਨ ਸਿੰਘ)**-ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਇਕਾਈ ਸੰਗਰੂਰ ਤੇ ਇਲਾਕੇ ਦੀਆਂ ਜਨਤਕ, ਜਮਹੂਰੀ, ਲੋਕ ਪੱਖੀ ਜਥੇਬੰਦੀਆਂ ਵੱਲੋਂ ਦੂਜੇ ਦੇਸ਼ ਦੇ ਅੰਦਰੂਨੀ ਮਸਲਿਆਂ ਵਿੱਚ ਧੱਕੇ ਨਾਲ ਬੇਲੋੜੀ ਦਖਲਅੰਦਾਜ਼ੀ ਕਰਕੇ ਆਪਣੀ ਚੌਧਰ ਰਾਹੀਂ ਸਾਮਰਾਜੀ ਨੀਤੀਆਂ ਥੋਪਣ ਤੇ ਲਾਗੂ ਕਰਕੇ ਉੱਥੇ ਦੇ ਕੁਦਰਤੀ ਵਸੀਲਿਆਂ 'ਤੇ ਕਬਜ਼ਾ ਕਰਨ ਲਈ ਮਸ਼ਹੂਰ ਸਾਮਰਾਜੀ ਮੁਲਕ ਅਮਰੀਕਾ ਤੇ ਇਜ਼ਰਾਇਲ ਵੱਲੋਂ ਈਰਾਨ 'ਤੇ ਜੰਗੀ ਹਮਲੇ ਰਾਹੀਂ ਈਰਾਨ ਦੀ ਅਵਾਮ, ਸਕੂਲੀ ਵਿਦਿਆਰਥੀਆਂ, ਔਰਤਾਂ ਦਾ ਖ਼ੂਨ ਵਹਾਉਣ ਖਿਲਾਫ ਕਨਵੈਨਸ਼ਨ ਕੀਤੀ ਗਈ।ਕਾਮਰੇਡ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਹੋਈ ਕਨਵੈਨਸ਼ਨ ਵਿੱਚ ਮੁੱਖ ਬੁਲਾਰੇ ਪ੍ਰੋ: ਬਾਵਾ ਸਿੰਘ ਪਟਿਆਲਾ, ਕਰਨੈਲ ਜਖੇਪਲ, ਮਾਸਟਰ ਪਰਮਵੇਦ, ਜੁਝਾਰ ਬਡਰੁੱਖਾਂ, ਗੁਰਮੀਤ ਭੱਟੀਵਾਲ, ਕਾਮਰੇਡ ਸੁਖਦੇਵ ਸ਼ਰਮਾ, ਜਗਜੀਤ ਭੁਟਾਲ, ਕਾਮਰੇਡ ਹਰਦੇਵ ਸਿੰਘ ਬਖਸ਼ੀਵਾਲਾ, ਕਾਮਰੇਡ ਸੰਪੂਰਨ ਸਿੰਘ ਛਾਜਲੀ ਤੇ ਬਲਜੀਤ ਨਮੋਲ ਵੱਲੋਂ ਸਮਾਗਮ ਦੀ ਪ੍ਰਧਾਨਗੀ ਕੀਤੀ ਗਈ।ਇਸ ਮੌਕੇ ਵਿੱਛੜ ਚੁੱਕੇ ਜਮਹੂਰੀ ਆਗੂਆਂ ਨੂੰ ਸ਼ਰਧਾਂਜਲੀ ਦਿੰਦਿਆਂ ਦੋ ਮਿੰਟ ਦਾ ਮੋਨ ਧਾਰਿਆ ਗਿਆ। ਉਪਰੰਤ ਪ੍ਰੋ: ਬਾਵਾ ਸਿੰਘ ਪਟਿਆਲਾ ਵੱਲੋਂ ਅਮਰੀਕਾ ਵੱਲੋਂ ਈਰਾਨ ਵਰਗੇ ਮੁਲਕ 'ਤੇ ਜਬਰੀ ਥੋਪੀਆਂ ਜਾ ਰਹੀਆਂ ਜੰਗਾਂ, ਹੀਰੋ ਸੀਮਾ ਨਾਗਾਸਾਕੀ ਦੇ ਬੇਰਹਿਮ ਵਰਕੇ ਨੂੰ ਫਰੋਲਦਿਆਂ ਤੇ ਭਾਰਤੀ ਅਵਾਮ ਦੇ ਲੋਕਤੰਤਰਿਕ ਅਧਿਕਾਰਾਂ ਨੂੰ ਬਚਾਉਣ, ਮਾਨ ਸਰਕਾਰ ਦੇ ਇਸ਼ਾਰੇ 'ਤੇ ਪੁਲਸ ਵੱਲੋਂ ਵੱਖ ਵੱਖ ਵਰਗਾਂ ਦੇ ਹੱਕੀ ਸੰਘਰਸ਼ਾਂ ਨੂੰ ਦਬਾਉਣ ਲਈ ਕੀਤੇ ਜਾ ਰਹੇ ਅਣ-ਮਨੁੱਖੀ ਜਬਰ, ਝੂਠੇ ਪੁਲਸ ਮੁਕਾਬਲਿਆਂ, ਬੁਲਡੋਜ਼ਰ ਕਲਚਰ 'ਤੇ ਚਰਚਾ ਕਰਦਿਆਂ ਇਸ ਖਿਲਾਫ ਲਾਮਬੰਦੀ ਕਰਨ ਦਾ ਸੁਨੇਹਾ ਦਿੱਤਾ ਗਿਆ।ਇਕਾਈ ਪ੍ਰਧਾਨ ਜਗਜੀਤ ਸਿੰਘ ਭੁਟਾਲ ਨੇ ਸਾਰੇ ਪਹੁੰਚੇ ਜਮਹੂਰੀ ਕਾਰਕੁਨਾਂ, ਜਥੇਬੰਦੀਆਂ ਦੇ ਆਗੂਆਂ ਤੇ ਕਾਰਕੁਨਾਂ ਨੂੰ ਜੀ ਆਇਆਂ ਕਿਹਾ। ਉਨ੍ਹਾਂ ਮੁਲਕ ਵਿੱਚ ਮਨੁੱਖੀ ਅਧਿਕਾਰਾਂ ਦੇ ਹੋ ਰਹੇ ਘਾਣ ਤੇ ਅਮਰੀਕਾ ਵੱਲੋਂ ਭਾਜਪਾਈ ਭਾਰਤੀ ਹਾਕਮਾਂ ਨਾਲ ਮਿਲ ਕੇ ਖੇਤੀ ਸੈਕਟਰ ਤੇ ਮੁਲਕ ਦੀ ਪੂਰੀ ਮੰਡੀ 'ਤੇ ਕਬਜ਼ਾ ਕਰਨ ਦੇ ਸਾਂਝੇ ਮਨਸੂਬਿਆਂ 'ਤੇ ਗੱਲਬਾਤ ਸਾਂਝੀ ਕੀਤੀ।ਮੰਚ ਸੰਚਾਲਨ ਵੈਸਾਖਾ ਸਿੰਘ ਵੱਲੋਂ ਕੀਤਾ ਗਿਆ।ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਰਣਜੀਤ ਸਿੰਘ, ਕਿਰਤੀ ਕਿਸਾਨ ਯੂਨੀਅਨ ਦੇ ਦਰਸ਼ਨ ਕੂਨਰ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਬਲਜੀਤ ਨਮੋਲ, ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਰੋਹੀ ਸਿੰਘ ਮੰਗਵਾਲ, ਭਾਰਤੀ ਕਿਸਾਨ ਯੂਨੀਅਨ ਆਜ਼ਾਦ ਦੇ ਸਿੰਦਰਪਾਲ ਸਿੰਘ, ਤਰਕਸ਼ੀਲ ਸੁਸਾਇਟੀ ਦੇ ਸੀਤਾ ਰਾਮ, ਦੇਸ਼ ਭਗਤ ਯਾਦਗਾਰ ਲੌਂਗੋਵਾਲ ਦੇ ਗੁਰਮੇਲ ਸਿੰਘ, ਆਈ ਡੀ ਪੀ ਦੇ ਫਲਜੀਤ ਸਿੰਘ, ਇਨਕਲਾਬੀ ਵਿਰਾਸਤ ਪ੍ਰਚਾਰ ਮੰਚ ਦੇ ਪਵਨ ਛਾਜਲਾ ਖੇਤ ਮਜ਼ਦੂਰ ਦੇ ਕਾ. ਨਿਰੰਜਨ ਸਿੰਘ ਚਨਾਗਰਾ, ਟੈਕਨੀਕਲ ਇੰਪਲਾਈਜ਼ ਯੂਨੀਅਨ ਦੇ ਬਲਜੀਤ ਬਾਲੀਆ ਆਦਿ ਆਗੂ ਹਾਜ਼ਰ ਸਨ।ਸਭਾ ਦੇ ਵਿੱਤ ਸਕੱਤਰ ਮਨਧੀਰ ਸਿੰਘ ਰਾਜੋਮਾਜਰਾ ਵੱਲੋਂ ਵੱਖ ਵੱਖ ਮਤੇ ਪ੍ਰਵਾਨਗੀ ਲਈ ਪੇਸ਼ ਕੀਤੇ ਗਏ, ਜਿਨ੍ਹਾਂ ਵਿੱਚ ਅਮਰੀਕਾ ਇਜ਼ਰਾਇਲ ਵੱਲੋਂ ਥੋਪੀ ਸਾਮਰਾਜੀ ਜੰਗ ਤੁਰੰਤ ਬੰਦ ਕਰਨ, ਨੁਕਸਾਨ ਦੀ ਭਰਪਾਈ ਕਰਨ, ਜਿਉਂਦ ਪਿੰਡ ਵਰਗੇ ਅਣਮਨੁੱਖੀ ਜਬਰ ਦੀ ਨਿਖੇਧੀ ਤੇ ਜ਼ਿੰਮੇਵਾਰ ਅਧਿਕਾਰੀਆਂ 'ਤੇ ਪਰਚੇ ਦਰਜ ਕਰਨ, ਚੰਡੀਗੜ੍ਹ ਤੇ ਮੁਹਾਲੀ ਵਿੱਚ ਹੱਕੀ ਮੰਗਾਂ ਲਈ ਸੰਘਰਸ਼ ਕਰਦੇ ਮੁਲਾਜ਼ਮ ਵਰਗ 'ਤੇ ਪੁਲਸ ਤਸ਼ੱਦਦ ਦੀ ਨਿਖੇਧੀ, ਬਸਤਰ ਦੇ ਇਲਾਕੇ ਵਿੱਚ ਆਦਿ ਵਾਸੀਆਂ ਤੇ ਮਾਓਵਾਦੀਆਂ ਨੂੰ ਮਾਰਨ ਅਤੇ ਅਧਿਕਾਰਾਂ ਨੂੰ ਖੋਹਣ ਦੀ ਨਿਖੇਧੀ, ਉਮਰ ਖਾਲਿਦ, ਸਰਜ਼ੀਲ ਇਮਾਮ ਵਰਗੇ ਤੇ ਹੋਰ ਅਨੇਕਾਂ ਸਿਆਸੀ ਕੈਦੀ, ਜੋ ਬਿਨ ਮੁਕੱਦਮਾ ਚੱਲਿਆਂ ਜੇਲ੍ਹਾਂ ਵਿੱਚ ਨਜ਼ਰ ਬੰਦ ਹਨ, ਨੂੰ ਰਿਹਾਅ ਕਰਨ, ਬਿਜਲੀ ਸੋਧ ਤੇ ਬੀਜ ਸੋਧ ਬਿਲ ਵਾਪਸ ਲੈਣ, ਵਕਫ ਸੋਧ ਬਿੱਲ ਨੂੰ ਤੁਰੰਤ ਰੱਦ ਕਰਨ, ਜੀ ਰਾਮ ਜੀ ਸਕੀਮ ਬੰਦ ਕਰਕੇ ਦੁਬਾਰਾ ਮਨਰੇਗਾ ਸ਼ੁਰੂ ਕਰਨ, ਬਲਡੋਜ਼ਰ ਕਲਚਰ ਖਤਮ ਕਰਨਾ ਸ਼ਾਮਲ ਹਨ, ਜਿਨ੍ਹਾਂ ਨੂੰ ਹਾਊਸ ਵੱਲੋਂ ਹੱਥ ਖੜੇ ਕਰਕੇ ਪ੍ਰਵਾਨਗੀ ਦਿੱਤੀ ਗਈ।ਕਨਵੈਨਸ਼ਨ ਉਪਰੰਤ ਸ਼ਹਿਰ ਵਿੱਚ ਰੋਹ ਭਰਭੂਰ ਮੁਜ਼ਾਹਰਾ ਕੀਤਾ ਗਿਆ।

ਅਮਰੀਕਾ ਤੇ ਇਜ਼ਰਾਇਲ ਵੱਲੋਂ ਥੋਪੀਆਂ ਜਾ ਰਹੀਆਂ ਜੰਗਾਂ, ਈਰਾਨੀ ਅਵਾਮ ਦੇ ਕਤਲੇਆਮ ਨੂੰ ਤੁਰੰਤ ਬੰਦ ਕਰਨ ਦੇ ਰੋਹ ਭਰਭੂਰ ਨਾਹਰੇ ਲਗਾਏ ਗਏ।ਅੰਤ 'ਚ ਸਭਾ ਦੇ ਮੀਤ ਪ੍ਰਧਾਨ ਵੱਲੋਂ ਸਾਰੀਆਂ ਜਥੇਬੰਦੀਆਂ ਦੇ ਕਾਰਕੁਨਾਂ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਕੁਲਵਿੰਦਰ ਬੰਟੀ, ਜੁਝਾਰ ਲੌਂਗੋਵਾਲ, ਜਗਜੀਤ ਭੁਟਾਲ, ਕਾ. ਨਿਰਮਲ ਸਿੰਘ, ਚਰਨਜੀਤ ਮੀਮਸਾ ਵੱਲੋਂ ਇਨਕਲਾਬੀ ਤੇ ਅਗਾਂਹਵਧੂ ਰਚਨਾਵਾਂ ਵੀ ਪੇਸ਼ ਕੀਤੀਆਂ ਗਈਆਂ।

# ਰੀਨਾ ਰੰਗੀ ਬਲਾਕ ਸੰਮਤੀ ਦੀ ਚੇਅਰਮੈਨ ਤੇ ਤੇਜਪਾਲ ਭਰਥਲਾ ਉੱਪ ਚੇਅਰਮੈਨ ਬਣੇ

**ਅਕਾਲੀ ਦਲ ਤੇ ਕਾਂਗਰਸ ਮੈਂਬਰ ਪਹਿਲਾਂ ਵਾਂਗ ਕਰ'ਗੇ ਬਾਈਕਾਟ**



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬਲਾਕ ਸੰਮਤੀ ਮਾਛੀਵਾੜਾ ਦੇ ਮੈਂਬਰਾਂ 'ਚੋਂ ਚੇਅਰਮੈਨ ਤੇ ਉੱਪ ਚੇਅਰਮੈਨ ਦੀ ਚੋਣ ਸਥਾਨਕ ਬਲਾਕ ਪੰਚਾਇਤ ਦਫ਼ਤਰ ਵਿਖੇ ਹੋਈ, ਜਿਸ ਵਿੱਚ ਆਮ ਆਦਮੀ ਪਾਰਟੀ ਦੇ ਚੁਣੇ 16 'ਚੋਂ 6 ਮੈਂਬਰਾਂ ਨੇ ਹਾਜ਼ਰ ਹੋ ਕੇ ਇਨ੍ਹਾਂ ਅਹੁਦਿਆਂ ਦੀ ਚੋਣ ਕਰ ਲਈ। ਚੋਣ ਅਧਿਕਾਰੀ ਐੱਸ.ਡੀ.ਐੱਮ. ਗੁਰਸਿਮਰਨਜੀਤ ਕੌਰ ਦੀ ਅਗਵਾਈ ਹੇਠ ਹੋਈ ਚੋਣ ਵਿਚ ਰੀਨਾ ਰੰਗੀ ਨੂੰ ਚੇਅਰਮੈਨ ਤੇ ਤੇਜਪਾਲ ਸਿੰਘ ਭਰਥਲਾ ਨੂੰ ਉਪ ਚੇਅਰਮੈਨ ਚੁਣ ਲਿਆ ਗਿਆ। ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਬਲਾਕ ਸੰਮਤੀ ਮੈਂਬਰਾਂ ਤੇ ਆਗੂਆਂ ਨੂੰ ਪਤਾ ਲੱਗਾ ਕਿ ਸਾਨੂੰ ਸੂਚਿਤ ਕੀਤੇ ਬਿਨਾਂ ਹੀ ਚੋਣ ਕਰ ਲਈ ਗਈ ਹੈ ਤਾਂ ਉਹ ਬਲਾਕ ਸੰਮਤੀ ਦਫ਼ਤਰ ਪੁੱਜੇ, ਜਿੱਥੇ ਉਨ੍ਹਾਂ 'ਆਪ' ਸਰਕਾਰ ਖਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਹਰਜਤਿੰਦਰ ਸਿੰਘ ਬਾਜਵਾ ਆਪਣੇ ਸਾਥੀਆਂ ਸਮੇਤ ਪੁੱਜੇ। ]

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ 6 ਬਲਾਕ ਸੰਮਤੀ ਮੈਂਬਰ ਹਨ, ਜਿਨ੍ਹਾਂ 'ਚੋਂ ਕਿਸੇ ਨੂੰ ਵੀ ਪੰਚਾਇਤ ਦਫ਼ਤਰ ਵਲੋਂ ਸੂਚਿਤ ਹੀ ਨਹੀਂ ਕੀਤਾ ਗਿਆ ਕਿ ਅੱਜ ਅਹੁਦਿਆਂ ਦੀ ਚੋਣ ਰੱਖੀ ਗਈ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਨੇ ਸਰਕਾਰ ਨਾਲ ਮਿਲੀਭੁਗਤ ਕਰ ਚੋਰਾਂ ਵਾਂਗ ਇਨ੍ਹਾਂ ਅਹੁਦਿਆਂ ਦੀ ਚੋਣ ਕਰਕੇ ਲੋਕਤੰਤਰ ਦਾ ਘਾਣ ਕੀਤਾ ਹੈ। ਉਕਤ ਆਗੂ ਨੇ ਕਿਹਾ ਕਿ ਅੱਜ ਤੱਕ ਮਾਛੀਵਾੜਾ ਸਾਹਿਬ ਦੇ ਇਤਿਹਾਸ ਵਿੱਚ ਹੋਈਆਂ ਚੋਣਾਂ ਦੌਰਾਨ ਕਦੇ ਵੀ ਨਹੀਂ ਹੋਇਆ ਕਿ ਬਲਾਕ ਸੰਮਤੀ ਮੈਂਬਰਾਂ ਨੂੰ ਸੂਚਿਤ ਕੀਤੇ ਬਿਨਾਂ ਹੀ ਧੱਕੇਸ਼ਾਹੀ ਕਰਦਿਆਂ ਪ੍ਰਸ਼ਾਸਨ ਤੇ ਸਰਕਾਰ ਵੱਲੋਂ ਇਹ ਅਹੁਦੇ ਚੁਣ ਲਏ ਗਏ ਹਨ। ਆਗੂ ਬਾਜਵਾ ਨੇ ਕਿਹਾ ਕਿ ਉਹ ਇਸ ਚੋਣ ਖਿਲਾਫ਼ ਜਲਦ ਹੀ ਆਪਣੀ ਹਾਈਕਮਾਂਡ ਨਾਲ ਰਣਨੀਤੀ ਤਿਆਰ ਕਰਨਗੇ।

ਬਲਾਕ ਸੰਮਤੀ ਦੇ ਚੇਅਰਮੈਨ ਤੇ ਉਪ ਚੇਅਰਮੈਨ ਅਹੁਦਿਆਂ ਦੀ ਚੋਣ ਤੋਂ ਬਾਅਦ ਬੀ.ਡੀ.ਪੀ.ਓ. ਤੇ ਹੋਰ ਸਟਾਫ਼ ਆਪਣੇ ਕਮਰੇ ਖਾਲੀ ਛੱਡ ਕੇ ਚਲਾ ਗਿਆ। ਜਦੋਂ ਬੀ.ਡੀ.ਪੀ.ਓ. ਨਾਲ ਫੋਨ 'ਤੇ ਗੱਲ ਕਰਨੀ ਚਾਹੀ ਤਾਂ ਉਨ੍ਹਾਂ ਨੇ ਫੋਨ ਚੁੱਕਣਾ ਮੁਨਾਸਿਬ ਨਾ ਸਮਝਿਆ। ਦੂਸਰੇ ਪਾਸੇ ਹੈਰਾਨੀ ਦੀ ਗੱਲ ਤਾਂ ਇਹ ਰਹੀ ਕਿ ਕਾਂਗਰਸ ਦੇ ਤਿੰਨ ਬਲਾਕ ਸੰਮਤੀ ਮੈਂਬਰ ਹਨ, ਜਿਨ੍ਹਾਂ ਨੂੰ ਵੀ ਨਹੀਂ ਪਤਾ ਸੀ ਕਿ ਅੱਜ ਅਹੁਦਿਆਂ ਦੀ ਚੋਣ ਹੋ ਰਹੀ ਹੈ। ਜਦੋਂ ਇਸ ਸਬੰਧੀ ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਅਕਾਲੀ ਦਲ ਵੱਲੋਂ ਲਗਾਏ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਪਿਛਲੀ ਵਾਰ ਵੀ ਚੋਣ ਰੱਖੀ ਸੀ ਤਾਂ ਇਹ ਬਾਈਕਾਟ ਕਰ ਗਏ ਸਨ ਅਤੇ ਹੁਣ ਵੀ ਇਨ੍ਹਾਂ ਨੇ ਬਾਈਕਾਟ ਕੀਤਾ।

ਉਨ੍ਹਾਂ ਕਿਹਾ ਕਿ ਸਾਰੇ ਮੈਂਬਰਾਂ ਨੂੰ ਦਫ਼ਤਰ ਵੱਲੋਂ ਚੋਣ ਸਬੰਧੀ ਸੂਚਿਤ ਕੀਤਾ ਗਿਆ ਸੀ, ਪਰ ਉਹ ਨਾ ਆਏ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਕੰਮ ਕੇਵਲ ਝੂਠ ਬੋਲਣਾ ਹੈ ਉਹ ਹਰੇਕ ਵਾਰ ਇਸ ਤਰ੍ਹਾਂ ਹੀ ਕਰਦਾ ਹੈ।

# ਘਰੇਲੂ ਗੈਸ ਦੀ ਸਪਲਾਈ ਨਿਰੰਤਰ ਜਾਰੀ ਰਹੇਗੀ, ਲੋਕ ਜਮ੍ਹਾਂਖੋਰੀ ਤੋਂ ਬਚਣ : ਵਾਲੀਆ

**ਤੇਲ ਤੇ ਗੈਸ ਦੀ ਕਾਲਾਬਾਜ਼ਾਰੀ ਤੇ ਜਮ੍ਹਾਂਖੋਰੀ ਕਰਨ ਵਾਲਿਆਂ ਵਿਰੁੱਧ ਹੋਵੇਗੀ ਸਖ਼ਤ ਕਾਰਵਾਈ**



**ਪਟਿਆਲਾ (ਰਾਜਿੰਦਰ ਥਿੰਦ)**

ਪਟਿਆਲਾ ਦੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਜ਼ਿਲ੍ਹੇ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਮੱਧ-ਪੂਰਵ ਏਸ਼ੀਆ ਤੇ ਖਾੜੀ ਖੇਤਰ ਦੇ ਖਿੱਤੇ ਵਿੱਚ ਜੰਗੀ ਹਾਲਾਤ ਦੇ ਮੱਦੇਨਜ਼ਰ ਕਿਸੇ ਵੀ ਤਰ੍ਹਾਂ ਦੀ ਘਬਰਾਹਟ 'ਚ ਆ ਕੇ ਪੈਟਰੋਲ-ਡੀਜ਼ਲ ਸਮੇਤ ਘਰੇਲੂ ਗੈਸ ਦੀ ਬੇਲੋੜੀ ਤੇ ਵਾਧੂ ਖਰੀਦਦਾਰੀ ਨਾ ਕਰਨ।ਡਿਪਟੀ ਕਮਿਸ਼ਨਰ ਨੇ ਸਮੂਹ ਪੈਟਰੋਲ ਪੰਪਾਂ ਤੇ ਗੈਸ ਏਜੰਸੀਆਂ ਦੇ ਮਾਲਕਾਂ ਨੂੰ ਵੀ ਹਦਾਇਤ ਕੀਤੀ ਹੈ ਕਿ ਇਨ੍ਹਾਂ ਜ਼ਰੂਰੀ ਵਸਤਾਂ ਦੀ ਸਪਲਾਈ ਬੇਰੋਕ ਜਾਰੀ ਰੱਖੀ ਜਾਵੇ ਤੇ ਕਿਸੇ ਵੀ ਤਰ੍ਹਾਂ ਦੀ ਕਾਲਾਬਾਜ਼ਾਰੀ ਜਾਂ ਜਮ੍ਹਾਂਖੋਰੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਅਫ਼ਵਾਹ ਨਾ ਫੈਲਾਈ ਜਾਵੇ ਤੇ ਨਾ ਹੀ ਗੈਸ ਸਪਲਾਈ ਜਾਂ ਪੈਟਰੋਲ-ਡੀਜ਼ਲ ਸਪਲਾਈ ਬੰਦ ਹੋਣ ਦੀ ਕਿਸੇ ਵੀ ਤਰ੍ਹਾਂ ਦੀ ਅਫ਼ਵਾਹ ਉੱਪਰ ਯਕੀਨ ਕੀਤਾ ਜਾਵੇ।ਡਿਪਟੀ ਕਮਿਸ਼ਨਰ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹੇ ਦੇ ਪੈਟਰੋਲ ਪੰਪਾਂ ਦੇ ਮਾਲਕਾਂ ਦੀ ਐਸੋਸੀਏਸ਼ਨ ਤੇ ਗੈਸ ਏਜੰਸੀਆਂ ਦੇ ਨੁਮਾਇੰਦਿਆਂ, ਪੈਟਰੋਲ ਕਾਰਪੋਰੇਸ਼ਨ ਤੇ ਐੱਲ.ਪੀ.ਜੀ., ਆਈ ਓ ਸੀ ਐੱਲ, ਬੀ ਪੀ ਸੀ ਐੱਲ, ਐੱਚ.ਪੀ.ਸੀ.ਐੱਲ ਦੇ ਸੇਲਜ਼ ਅਫ਼ਸਰਾਂ ਸਮੇਤ ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈਜ਼ ਕੰਟਰੋਲਰ ਡਾ. ਰਵਿੰਦਰ ਕੌਰ ਤੇ ਸਮੂਹ ਖੁਰਾਕ ਸਪਲਾਈਜ਼ ਅਧਿਕਾਰੀਆਂ ਨਾਲ ਇੱਕ ਮਹੱਤਵਪੂਰਨ ਬੈਠਕ ਕਰ ਰਹੇ ਸਨ।ਇਸ ਮੌਕੇ ਵਰਜੀਤ ਵਾਲੀਆ ਨੇ ਘਰੇਲੂ ਵਰਤੋਂ ਲਈ ਐੱਲ.ਪੀ.ਜੀ. ਗੈਸ ਸਪਲਾਈ ਤੇ ਵਾਹਨਾਂ ਲਈ ਪੈਟਰੋਲ-ਡੀਜ਼ਲ ਦੀ ਨਿਰੰਤਰ ਸਪਲਾਈ ਯਕੀਨੀ ਬਣਾਉਣ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਪ੍ਰਬੰਧਾਂ ਸਬੰਧੀ ਜਾਣਕਾਰੀ ਦਿੱਤੀ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਅੰਦਰ 290 ਪੈਟਰੋਲ ਪੰਪ ਤੇ 58 ਗੈਸ ਏਜੰਸੀਆਂ ਹਨ, ਜਿਨ੍ਹਾਂ 'ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਗੈਸ ਤੇ ਤੇਲ ਦੀ ਸਪਲਾਈ ਬੇਰੋਕ ਤੇ ਨਿਰੰਤਰ ਯਕੀਨੀ ਬਣਾਈ ਜਾ ਰਹੀ ਹੈ, ਜਿਸ ਲਈ ਲੋਕ ਕਿਸੇ ਵੀ ਤਰ੍ਹਾਂ ਦੀ ਘਬਰਾਹਟ ਵਿੱਚ ਆ ਕੇ ਤੇਲ ਤੇ ਗੈਸ ਦੀ ਜਮ੍ਹਾਂਖੋਰੀ ਨਾ ਕਰਨ।ਉਨ੍ਹਾਂ ਕਿਹਾ ਕਿ ਜੇਕਰ ਕੋਈ ਸ਼ਰਾਰਤੀ ਅਨਸਰ ਕਿਸੇ ਤਰ੍ਹਾਂ ਦੀ ਕਾਲਾਬਾਜ਼ਾਰੀ ਜਾਂ ਜਮ੍ਹਾਂਖੋਰੀ ਕਰਦਾ ਹੈ ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਸਫਾਈ ਸੇਵਕ ਯੂਨੀਅਨ ਵੱਲੋਂ ਰੋਸ ਪ੍ਰਦਰਸ਼ਨ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਲੈ ਕੇ ਸਫਾਈ ਸੇਵਕ ਯੂਨੀਅਨ ਗੁਰੂ ਹਰਸਹਾਏ ਵੱਲੋਂ ਨਗਰ ਕੌਂਸਲ ਦਫਤਰ ਅੱਗੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਫਿਰੋਜ਼ਪੁਰ ਦੇ ਜ਼ਿਲ੍ਹਾ ਪ੍ਰਧਾਨ ਸੁਨੀਲ ਕੁਮਾਰ ਦੀ ਅਗਵਾਈ ਹੇਠ ਯੂਨੀਅਨ ਦੇ ਆਗੂਆਂ ਤੇ ਮੈਂਬਰਾਂ ਨੇ ਇਕੱਠੇ ਹੋ ਕੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਦੇ ਹੋਏ ਸਰਕਾਰ ਦਾ ਪੁਤਲਾ ਫੂਕਿਆ।ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੁਨੀਲ ਕੁਮਾਰ ਨੇ ਕਿਹਾ ਕਿ ਸਫਾਈ ਸੇਵਕ ਲੰਬੇ ਸਮੇਂ ਤੋਂ ਸ਼ਹਿਰਾਂ ਤੇ ਕਸਬਿਆਂ ਵਿੱਚ ਆਪਣੀਆਂ ਡਿਊਟੀਆਂ ਨਿਭਾਅ ਰਹੇ ਹਨ, ਪਰ ਸਰਕਾਰ ਵੱਲੋਂ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਲਗਾਤਾਰ ਅਣਡਿੱਠਾ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਕੱਚੇ ਸਫਾਈ ਸੇਵਕਾਂ ਨੂੰ ਪੱਕਾ ਕਰਨਾ, ਤਨਖਾਹਾਂ ਵਿੱਚ ਵਾਧਾ ਕਰਨਾ, ਸੇਵਾ ਸੁਰੱਖਿਆ ਮੁਹੱਈਆ ਕਰਵਾਉਣਾ ਤੇ ਹੋਰ ਭਲਾਈ ਸੰਬੰਧੀ ਮੰਗਾਂ ਨੂੰ ਲੈ ਕੇ ਕਈ ਵਾਰ ਸਰਕਾਰ ਤੇ ਸੰਬੰਧਤ ਵਿਭਾਗਾਂ ਨੂੰ ਮੰਗ ਪੱਤਰ ਦਿੱਤੇ ਗਏ ਹਨ, ਪਰ ਅਜੇ ਤੱਕ ਕੋਈ ਢੁੱਕਵਾਂ ਹੱਲ ਨਹੀਂ ਕੀਤਾ ਗਿਆ।ਯੂਨੀਅਨ ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਵੱਲੋਂ ਜਲਦ ਹੀ ਸਫਾਈ ਸੇਵਕਾਂ ਦੀਆਂ ਮੰਗਾਂ ਨੂੰ ਮਨਜ਼ੂਰ ਨਾ ਕੀਤਾ ਗਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ ਅਤੇ ਵੱਡੇ ਪੱਧਰ 'ਤੇ ਧਰਨੇ ਪ੍ਰਦਰਸ਼ਨ ਕੀਤੇ ਜਾਣਗੇ।ਉਨ੍ਹਾਂ ਚਿਤਾਵਨੀ ਦਿੱਤੀ ਕਿ ਇਸ ਦੀ ਪੂਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

# ਜਲ ਸਪਲਾਈ ਵਿਭਾਗ ਦੇ ਕੱਚੇ ਮੁਲਾਜ਼ਮਾਂ ਬਜਟ ਦੀਆਂ ਕਾਪੀਆਂ ਸਾੜ ਕੇ ਕੀਤਾ ਰੋਸ ਪ੍ਰਦਰਸ਼ਨ

**ਵਿੱਤ ਮੰਤਰੀ ਦੇ ਹਲਕੇ ਦਿੜ੍ਹਬਾ 'ਚ ਝੰਡਾ ਮਾਰਚ ਕਰਨ ਦਾ ਐਲਾਨ**

**ਜਲਾਲਾਬਾਦ (ਜੀਤ ਕੁਮਾਰ)**-ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਇਨਲਿਸਟਮੈਂਟ/ਆਊਟਸੋਰਸ ਮੁਲਾਜ਼ਮਾਂ ਦੇ ਪੱਕੇ ਰੁਜ਼ਗਾਰ ਦੀ ਪੂਰਤੀ ਲਈ ਪੰਜਾਬ ਸਰਕਾਰ ਦੇ ਸਾਲ 2026-27 ਦੇ ਬਜਟ ਵਿੱਚ ਅਣਦੇਖੀ ਕਰਨ ਦੇ ਰੋਸ ਵਜੋਂ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਫੈਸਲੇ ਤਹਿਤ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੀ ਬ੍ਰਾਂਚ ਕਮੇਟੀ ਜਲਾਲਾਬਾਦ ਵੱਲੋਂ ਇੱਥੇ ਗੁੰਮਾਨੀਵਾਲਾ ਟੰਕੀ 'ਤੇ ਸਥਿਤ ਸਬ ਡਵੀਜ਼ਨ ਦਫਤਰ ਵਿੱਚ ਬਜਟ ਦੀਆਂ ਕਾਪੀਆਂ ਸਾੜ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਥੇ ਇਸ ਸਬੰਧੀ ਜਲ ਸਪਲਾਈ ਤੇ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੇ ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ, ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਆਲਮਕੇ, ਦਫਤਰੀ ਸਟਾਫ ਸੁਖਚੈਨ ਸਿੰਘ ਸੋਢੀ, ਖਜ਼ਾਨਚੀ ਮਹਿੰਦਰ ਸਿੰਘ ਮੰਨੇਵਾਲਾ, ਸਤਪਾਲ ਸਿੰਘ, ਗੌਰਵ ਕਲਸੀ, ਅਮਰਜੀਤ ਸਿੰਘ ਨੇ ਕਿਹਾ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਦੇ ਦੌਰਾਨ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਲੀਡਰਾਂ ਵੱਲੋਂ ਇਹ ਵਾਅਦਾ ਕੀਤਾ ਗਿਆ ਸੀ ਕਿ ਆਪ ਸਰਕਾਰ ਬਣਨ ਉਪਰੰਤ ਹਰ ਤਰ੍ਹਾਂ ਦੇ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕੀਤਾ ਜਾਵੇਗਾ, ਪਰ ਹੁਣ ਇਸ ਸਰਕਾਰ ਵੱਲੋਂ 4 ਸਾਲ ਬੀਤ ਜਾਣ ਦੇ ਬਾਅਦ ਵੀ ਇਸ ਮੰਗ ਦਾ ਹੱਲ ਨਹੀਂ ਕੀਤਾ ਗਿਆ ਹੈ। ਸਰਕਾਰ ਨੇ ਆਪਣੇ ਆਖ਼ਰੀ ਬਜਟ ਸੈਸ਼ਨ ਵਿੱਚ ਠੇਕਾ ਮੁਲਾਜ਼ਮਾਂ ਨਾਲ ਕੀਤੇ ਵਾਅਦਿਆਂ ਨੂੰ ਠੁਕਰਾ ਕੇ ਆਪਣੀ ਮੁਲਾਜ਼ਮ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ। ਜਿਸ ਦੇ ਰੋਸ ਵਜੋਂ ਅੱਜ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਫੈਸਲੇ ਤਹਿਤ ਬਜਟ ਦੀਆਂ ਕਾਪੀਆਂ ਸਾੜ ਕੇ ਭਵਿੱਖ ਵਿੱਚ ਤਿੱਖੇ ਸੰਘਰਸ਼ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ।

ਠੇਕਾ ਮੁਲਾਜ਼ਮਾਂ ਦੇ ਮਸਲਿਆਂ ਦੇ ਹੱਲ ਲਈ ਬਣੀ ਸਬ-ਕਮੇਟੀ ਦੇ ਚੇਅਰਮੈਨ ਵਿੱਤ ਮੰਤਰੀ ਪੰਜਾਬ ਦੇ ਹਲਕੇ ਦਿੜ੍ਹਬਾ ਵਿੱਚ 22 ਮਾਰਚ ਤੋਂ 5 ਅਪ੍ਰੈਲ 2026 ਤੱਕ ਵੱਡੇ ਇਕੱਠ ਕਰਕੇ ਪਿੰਡਾਂ ਵਿੱਚ ਝੰਡਾ ਮਾਰਚ ਕੀਤੇ ਜਾਣਗੇ। ਉਨ੍ਹਾਂ ਮੰਗ ਕੀਤੀ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ 'ਚ ਕੰਮ ਕਰਦੇ ਇਨਲਿਸਟਮੈਂਟ/ਆਊਟਸੋਰਸ ਮੁਲਾਜ਼ਮਾਂ ਨੂੰ ਤਜਰਬੇ ਦੇ ਅਧਾਰ 'ਤੇ ਵਿਭਾਗ 'ਚ ਮਰਜ ਕਰਕੇ ਪੱਕਾ ਰੁਜ਼ਗਾਰ ਕੀਤਾ ਜਾਵੇ। ਇਨਲਿਸਟਮੈਂਟ/ਆਊਟਸੋਰਸ ਵਰਕਰ ਜੋਕਿ ਠੇਕਾ ਪ੍ਰਣਾਲੀ ਦਾ ਸੰਤਾਪ ਭੋਗਦੇ ਹੋਏ 58 ਸਾਲ ਉਮਰ ਹੋ ਗਈ ਹੈ, ਉਨ੍ਹਾਂ ਵੱਲੋਂ ਲਗਾਤਾਰ ਦਿੱਤੀਆਂ ਗਈਆਂ ਸੇਵਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਨ੍ਹਾਂ ਕਾਮਿਆਂ ਦੇ ਵਾਰਸਾਂ ਨੂੰ ਵੀ ਪੱਕੀ ਨੌਕਰੀ ਦਿੱਤੀ ਜਾਵੇ। ਪੇਂਡੂ ਜਲ ਸਪਲਾਈ ਸਕੀਮਾਂ (ਜਲ ਘਰ) ਦਾ ਜਬਰੀ ਪੰਚਾਇਤੀਕਰਨ/ਨਿੱਜੀਕਰਨ, ਸਕਾਡਾ ਪ੍ਰਣਾਲੀ ਲਗਾਉਣ ਦੀਆਂ ਨੀਤੀਆਂ ਨੂੰ ਤੁਰੰਤ ਰੱਦ ਕੀਤਾ ਜਾਵੇ।

# ਸੂਬਾ ਪੱਧਰੀ ਰੈਲੀ 'ਚ ਆਸ਼ਾ ਵਰਕਰਾਂ ਨੇ ਕੀਤੀ ਸ਼ਮੂਲੀਅਤ

**ਕੋਟਕਪੂਰਾ (ਰਛਪਾਲ ਭੁੱਲਰ)**



ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22-ਬੀ, ਚੰਡੀਗੜ੍ਹ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ ਤੇ ਸੂਬਾਈ ਐਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ, ਆਲ ਇੰਡੀਆ ਆਸ਼ਾ ਵਰਕਰਜ਼ ਤੇ ਫੈਸਿਲੀਟੇਟਰ ਯੂਨੀਅਨ ਸਬੰਧਤ ਏਟਕ ਦੇ ਸੂਬਾ ਪ੍ਰਧਾਨ ਅਮਰਜੀਤ ਕੌਰ ਰਣ ਸਿੰਘ ਵਾਲਾ, ਸੂਬਾ ਜਨਰਲ ਸਕੱਤਰ ਬਲਵੀਰ ਕੌਰ ਗਿੱਲ ਲੁਧਿਆਣਾ, ਸੀਨੀਅਰ ਮੀਤ ਪ੍ਰਧਾਨ ਦੁਰਗੋ ਬਾਈ ਤੇ ਨੀਲਮ ਕੌਰ ਫ਼ਾਜ਼ਿਲਕਾ, ਸੁਖਵਿੰਦਰ ਕੌਰ ਸੁੱਖੀ ਮਾਨਸਾ, ਬਲਕਰਨ ਕੌਰ ਅਬੋਹਰ ਮਨਜਿੰਦਰ ਕੌਰ ਹਰੀਕੇ ਤਰਨਤਾਰਨ, ਹਰਦੀਪ ਕੌਰ ਭੁਰਥਲਾ ਮਲੇਰਕੋਟਲਾ, ਅਮਨਦੀਪ ਕੌਰ ਰੱਤੂ ਮੋਗਾ, ਸੰਦੀਪ ਕੌਰ ਬਰਨਾਲਾ, ਸਵਰਨਜੀਤ ਕੌਰ ਸ੍ਰੀ ਮੁਕਤਸਰ ਸਾਹਿਬ, ਸ਼ਿਮਲੋ ਦੇਵੀ ਹੁਸ਼ਿਆਰਪੁਰ ਤੇ ਜਸਵੀਰ ਕੌਰ ਬਠਿੰਡਾ ਨੇ ਭਗਵੰਤ ਮਾਨ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਦੇ ਖਿਲਾਫ 11 ਮਾਰਚ ਨੂੰ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22ਬੀ, ਚੰਡੀਗੜ੍ਹ ਤੇ ਏਟਕ ਵਿੱਚ ਸ਼ਾਮਲ ਜਥੇਬੰਦੀਆਂ ਵੱਲੋਂ ਮੋਹਾਲੀ ਵਿਖੇ ਕੀਤੀ ਗਈ ਸੂਬਾ ਪੱਧਰੀ ਰੈਲੀ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਆਸ਼ਾ ਵਰਕਰਾਂ ਵੱਲੋਂ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਦਾ ਧੰਨਵਾਦ ਕੀਤਾ ਗਿਆ ਹੈ। ਆਗੂਆਂ ਨੇ ਪੰਜਾਬ ਸਰਕਾਰ ਤੇ ਦੋਸ਼ ਲਾਇਆ ਕਿ ਸਾਰੇ ਸਕੀਮ ਵਰਕਰਾਂ, ਮੁਲਾਜ਼ਮਾਂ, ਪੈਨਸ਼ਨਰਾਂ ਨਾਲ ਆਪਣੇ ਚੋਣ ਮਨੋਰਥ ਪੱਤਰ 'ਚ ਕੀਤੇ ਗਏ ਸਾਰੇ ਵਾਅਦਿਆਂ ਤੋਂ ਭਗਵੰਤ ਮਾਨ ਸਰਕਾਰ ਸਪੱਸ਼ਟ ਮੁੱਕਰ ਗਈ ਹੈ।ਹੁਣ ਜਦੋਂ ਇਹ ਸਾਰੇ ਲੋਕ ਆਪਣੇ ਸੰਘਰਸ਼ਾਂ ਦੇ ਰਾਹੀਂ ਸਰਕਾਰ ਨੂੰ ਇਹ ਸਾਰੇ ਚੋਣ ਵਾਅਦੇ ਯਾਦ ਕਰਵਾਉਣ ਵਾਸਤੇ ਸੰਘਰਸ਼ਾਂ ਦੇ ਰਾਹ ਪਏ ਹੋਏ ਹਨ ਤਾਂ ਪੰਜਾਬ ਸਰਕਾਰ ਵੱਖ ਵੱਖ ਥਾਂਵਾਂ 'ਤੇ ਹਰ ਰੋਜ਼ ਪੁਲਸ ਲਾਠੀਚਾਰਜ ਕਰਕੇ, ਅੱਥਰੂ ਗੈਸ ਦੇ ਗੋਲੇ ਸੁੱਟ ਕੇ, ਪਾਣੀ ਦੀਆਂ ਬੁਛਾੜਾਂ ਮਾਰਕੇ ਜਾਂ ਫਿਰ ਆਗੂਆਂ ਨੂੰ ਘਰਾਂ ਵਿੱਚ ਨਜ਼ਰਬੰਦ ਕਰਕੇ ਇਨ੍ਹਾਂ ਦੇ ਸੰਘਰਸ਼ਾਂ ਨੂੰ ਡੰਡੇ ਦੇ ਜ਼ੋਰ ਨਾਲ ਦਬਾਉਣਾ ਚਾਹੁੰਦੀ ਹੈ।

ਆਗੂਆਂ ਨੇ ਪਿਛਲੇ ਦਿਨੀਂ 8 ਮਾਰਚ ਨੂੰ ਕੌਮਾਂਤਰੀ ਇਸਤਰੀ ਦਿਵਸ ਦੇ ਮੌਕੇ ਤੇ ਅਤੇ 12 ਮਾਰਚ ਨੂੰ ਮੋਹਾਲੀ ਅਤੇ ਚੰਡੀਗੜ੍ਹ ਦੀਆਂ ਬਰੂਹਾਂ ਤੇ ਵੱਖ ਵੱਖ ਮੁਲਾਜ਼ਮ ਅਤੇ ਅਧਿਆਪਕਾਂ ਤੇ ਹੋਏ ਪੁਲਿਸ ਤਸ਼ੱਦਦ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਹਨਾਂ ਘਟਨਾਵਾਂ ਲਈ ਜ਼ਿੰਮੇਵਾਰ ਪੁਲਸ ਮੁਲਾਜ਼ਮਾਂ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।ਆਗੂਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਦੀ ਇਸ ਵਧੀਕੀ ਦਾ ਜਵਾਬ ਸਮਾਂ ਆਉਣ ਤੇ ਪਿੰਡਾਂ ਤੇ ਸ਼ਹਿਰਾਂ ਵਿੱਚ ਵੋਟਾਂ ਮੰਗਣ ਲਈ ਆਉਣ ਵਾਲੇ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਦਿੱਤਾ ਜਾਵੇਗਾ।ਇਨ੍ਹਾਂ ਗੱਲਾਂ ਦਾ ਖਮਿਆਜ਼ਾ ਆਮ ਆਦਮੀ ਪਾਰਟੀ ਨੂੰ ਪੰਜਾਬ ਵਿਧਾਨ ਸਭਾ ਚੋਣਾਂ 2027 ਵਿੱਚ ਭੁਗਤਨਾ ਪਵੇਗਾ।ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਜੱਥੇਬੰਦੀ ਦੇ ਮੰਗ ਪੱਤਰ ਵਿੱਚ ਸ਼ਾਮਲ ਸਾਰੀਆਂ ਮੰਗ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ।

# ਨਰਿੰਦਰ ਮੋਦੀ ਦੀ ਵਿਦੇਸ਼ ਨੀਤੀ ਨੇ ਭਾਰਤ ਨੂੰ ਬਰਬਾਦ ਕੀਤਾ : ਬਰਸਟ

**ਸਮਾਣਾ (ਗੁਰਪਿਆਰ ਸਿੰਘ ਬੱਲ)**-ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ੍ਰ. ਹਰਚੰਦ ਸਿੰਘ ਬਰਸਟ ਨੇ ਕੇਂਦਰ ਦੀ ਮੋਦੀ ਸਰਕਾਰ ਦੀ ਵਿਦੇਸ਼ ਨੀਤੀ 'ਤੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇੱਕ ਪਾਸੜ ਵਿਦੇਸ਼ ਨੀਤੀ ਕਾਰਨ ਅੱਜ ਦੇਸ਼ ਨੂੰ ਗੰਭੀਰ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਐੱਲ.ਪੀ.ਜੀ. ਨੂੰ ਲੈ ਕੇ ਜੋ ਹਾਹਾਕਾਰ ਮਚੀ ਹੋਈ ਹੈ, ਉਹ ਕੇਂਦਰ ਸਰਕਾਰ ਦੀ ਗਲਤ ਨੀਤੀਆਂ ਦਾ ਨਤੀਜਾ ਹੈ।

ਸ੍ਰੀ ਬਰਸਟ ਨੇ ਕਿਹਾ ਕਿ ਭਾਰਤ ਪਿਛਲੇ 75 ਸਾਲਾਂ ਤੋਂ ਗੁੱਟ-ਨਿਰਲੇਪ ਵਿਦੇਸ਼ ਨੀਤੀ ਅਪਨਾਉਂਦਾ ਆ ਰਿਹਾ ਸੀ।ਭਾਰਤ ਕਦੇ ਵੀ ਕਿਸੇ ਇੱਕ ਧਿਰ ਨਾਲ ਖੜ੍ਹਾ ਨਹੀਂ ਹੋਇਆ, ਸਗੋਂ ਅੰਤਰਰਾਸ਼ਟਰੀ ਮਾਮਲਿਆਂ ਵਿੱਚ ਮੱਧਸਥ ਭੂਮਿਕਾ ਨਿਭਾ ਕੇ ਫੈਸਲਾ ਕਰਵਾਉਂਦਾ ਰਿਹਾ ਹੈ।ਪਰ ਮੌਜੂਦਾ ਸਮੇਂ ਵਿੱਚ ਈਰਾਨ-ਇਜ਼ਰਾਇਲ ਯੁੱਧ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਖੁੱਲ੍ਹੇ ਤੌਰ 'ਤੇ ਇਜ਼ਰਾਇਲ ਤੇ ਅਮਰੀਕਾ ਦਾ ਸਾਥ ਦੇਣ ਕਾਰਨ ਈਰਾਨ ਨਾਲ ਭਾਰਤ ਦੇ ਸੰਬੰਧ ਪ੍ਰਭਾਵਿਤ ਹੋਏ ਹਨ, ਜਿਸ ਦਾ ਨਤੀਜਾ ਹੁਣ ਦੇਸ਼ ਨੂੰ ਭੁਗਤਣਾ ਪੈ ਰਿਹਾ ਹੈ।ਉਨ੍ਹਾਂ ਕਿਹਾ ਕਿ ਭਾਰਤ ਵਿੱਚ ਆਉਣ ਵਾਲੀ ਐੱਲ.ਪੀ.ਜੀ. ਤੇ ਤੇਲ ਦਾ ਕਰੀਬ 90 ਫੀਸਦੀ ਹਿੱਸਾ ਹੋਰਮੁਜ਼ ਜਲ ਡਮਰੂ ਮਾਰਗ ਰਾਹੀਂ ਆਉਂਦਾ ਹੈ, ਜਿਸ 'ਤੇ ਈਰਾਨ ਦਾ ਕਬਜ਼ਾ ਹੈ ਅਤੇ ਹੁਣ ਈਰਾਨ ਸਿਰਫ਼ ਉਨ੍ਹਾਂ ਦੇਸ਼ਾਂ ਦੇ ਜਹਾਜ਼ਾਂ ਨੂੰ ਹੀ ਉੱਥੋਂ ਲੰਘਣ ਦੇ ਰਿਹਾ ਹੈ, ਜੋ ਗੁੱਟ- ਨਿਰਲੇਪ ਹਨ ਜਾਂ ਉਸ ਦੇ ਨਾਲ ਖੜ੍ਹੇ ਹਨ।ਈਰਾਨ ਦੇ ਨਾਰਾਜ਼ ਹੋਣ ਕਾਰਨ ਇਹ ਸਪਲਾਈ ਚੇਨ ਟੁੱਟ ਗਈ ਹੈ, ਜਿਸ ਕਾਰਨ ਪੂਰੇ ਭਾਰਤ ਦੇਸ਼ ਵਿੱਚ ਹਾਹਾਕਾਰ ਮੱਚੀ ਹੋਈ ਹੈ।ਇਸ ਸੰਕਟ ਦਾ ਸਿੱਧਾ ਅਸਰ ਹੋਟਲ/ਰੈਸਟੋਰੈਂਟ ਉਦਯੋਗ 'ਤੇ ਪੈ ਰਿਹਾ ਹੈ।ਮੁੰਬਈ ਦੇ ਲਗਭਗ 20 ਫੀਸਦੀ ਹੋਟਲ/ਰੈਸਟੋਰੈਂਟ ਬੰਦ ਹੋ ਚੁੱਕੇ ਹਨ, ਜਦਕਿ ਆਉਣ ਵਾਲੇ ਦਿਨਾਂ ਵਿੱਚ 30 ਤੋਂ 40 ਫੀਸਦੀ ਹੋਰ ਹੋਟਲ/ਰੈਸਟੋਰੈਂਟਾਂ ਦੇ ਬੰਦ ਹੋਣ ਦੀ ਸੰਭਾਵਨਾ ਹੈ।ਇਸ ਨਾਲ ਲਗਭਗ ਇੱਕ ਕਰੋੜ ਲੋਕਾਂ ਦੇ ਬੇਰੁਜ਼ਗਾਰ ਹੋਣ ਦੀ ਸੰਭਾਵਨਾ ਹੈ, ਜੋ ਕਿ ਭਾਰਤ ਦੀ ਅਰਥਵਿਵਸਥਾ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਹੋਟਲਾਂ/ਰੈਸਟੋਰੈਂਟਾਂ ਨੂੰ ਐੱਲ.ਪੀ.ਜੀ. ਸਿਲੰਡਰ ਮੁਹੱਈਆ ਕਰਵਾਉਣ ਤੋਂ ਮਨ੍ਹਾ ਕਰ ਦਿੱਤਾ ਗਿਆ ਹੈ, ਜਿਸ ਦਾ ਆਮ ਲੋਕਾਂ, ਹੋਟਲ/ਰੈਸਟੋਰੈਂਟ ਕਾਰੋਬਾਰੀਆਂ, ਉੱਥੇ ਕੰਮ ਕਰਨ ਵਾਲੇ ਲੋਕਾਂ ਤੇ ਗਾਹਕਾਂ 'ਤੇ ਭਾਰੀ ਅਸਰ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ ਅਹੁਦੇ ਤੋਂ ਅਸਤੀਫਾ ਦੇਣ, ਤਾਂ ਜੋ ਕੋਈ ਦੂਰਦਰਸ਼ੀ ਤੇ ਸੂਝਵਾਨ ਪ੍ਰਧਾਨ ਮੰਤਰੀ ਭਾਰਤ ਦੀ ਵਿਦੇਸ਼ ਨੀਤੀ ਨੂੰ ਸੰਤੁਲਤ ਢੰਗ ਨਾਲ ਬਣਾ ਕੇ ਦੇਸ਼ ਦੀ ਅਰਥਵਿਵਸਥਾ ਨੂੰ ਤਰੱਕੀ ਦੇ ਰਾਹ 'ਤੇ ਲੈ ਜਾ ਸਕੇ।

# ਬਾਲ ਕ੍ਰਿਸ਼ਨ ਬਾਲੀ ਨੇ ਮਜੀਠੀਆ ਨਾਲ ਕੀਤੀ ਮੁਲਾਕਾਤ

**ਬਾਘਾ ਪੁਰਾਣਾ (ਮਨੀ ਸਿੰਗਲਾ)**-ਬਾਘਾ ਪੁਰਾਣਾ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਾਲ ਕ੍ਰਿਸ਼ਨ ਬਾਲੀ ਨੇ ਪਾਰਟੀ ਦੇ ਪ੍ਰਮੁੱਖ ਆਗੂ ਤੇ ਸਾਬਕਾ ਮੰਤਰੀ ਬਿਕਰਮਜੀਤ ਸਿੰਘ ਮਜੀਠੀਆ ਨਾਲ ਮੁਲਾਕਾਤ ਕਰਦਿਆਂ ਬਾਘਾ ਪੁਰਾਣਾ ਦੀ ਮੌਜੂਦਾ ਸਿਆਸੀ ਸਥਿਤੀ ਤੇ ਇਲਾਕੇ ਦੇ ਸਮੂਹਕ ਵਿਕਾਸ ਸੰਬੰਧੀ ਵਿਚਾਰ ਵਟਾਂਦਰਾ ਕੀਤਾ।ਇਸ ਮੌਕੇ ਦੋਵਾਂ ਆਗੂਆਂ ਨੇ ਹਲਕੇ ਦੇ ਲੋਕਾਂ ਦੀਆਂ ਮੁੱਖ ਸਮੱਸਿਆਵਾਂ ਤੇ ਭਵਿੱਖ ਵਿੱਚ ਇਲਾਕੇ ਦੀ ਤਰੱਕੀ ਲਈ ਕੀਤੇ ਜਾਣ ਵਾਲੇ ਯਤਨਾਂ 'ਤੇ ਵੀ ਚਰਚਾ ਕੀਤੀ।ਮੁਲਾਕਾਤ ਦੌਰਾਨ ਬਾਲ ਕ੍ਰਿਸ਼ਨਾ ਬਾਲੀ ਨੇ ਬਾਘਾ ਪੁਰਾਣਾ ਦੇ ਵਿਕਾਸ ਨਾਲ ਜੁੜੇ ਵੱਖ-ਵੱਖ ਮੁੱਦੇ ਮਜੀਠੀਆ ਦੇ ਧਿਆਨ ਵਿੱਚ ਲਿਆਂਦੇ ਤੇ ਕਿਹਾ ਕਿ ਇਲਾਕੇ ਦੀ ਤਰੱਕੀ ਲਈ ਰਾਜਨੀਤਕ ਨੇਤ੍ਰਤਵ ਤੇ ਲੋਕਾਂ ਦੇ ਸਹਿਯੋਗ ਦੀ ਬਹੁਤ ਜ਼ਰੂਰਤ ਹੈ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਹੀ ਪੰਜਾਬ ਤੇ ਪੰਜਾਬੀਆਂ ਦੀ ਭਲਾਈ ਲਈ ਕੰਮ ਕਰਦਾ ਆਇਆ ਹੈ ਅਤੇ ਭਵਿੱਖ ਵਿੱਚ ਵੀ ਪਾਰਟੀ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਨ ਲਈ ਵਚਨਬੱਧ ਹੈ।ਬਿਕਰਮਜੀਤ ਸਿੰਘ ਮਜੀਠੀਆ ਨੇ ਵੀ ਇਸ ਮੌਕੇ ਬਾਲ ਕ੍ਰਿਸ਼ਨ ਬਾਲੀ ਨਾਲ ਗੱਲਬਾਤ ਕਰਦਿਆਂ ਬਾਘਾ ਪੁਰਾਣਾ ਦੀ ਸਿਆਸੀ ਸਥਿਤੀ ਤੇ ਪਾਰਟੀ ਦੀਆਂ ਸਰਗਰਮੀਆਂ ਬਾਰੇ ਜਾਣਕਾਰੀ ਲਈ।ਉਨ੍ਹਾਂ ਕਿਹਾ ਕਿ ਬਾਘਾ ਪੁਰਾਣਾ ਇਲਾਕਾ ਹਮੇਸ਼ਾ ਤੋਂ ਹੀ ਅਕਾਲੀ ਦਲ ਦਾ ਮਜ਼ਬੂਤ ਗੜ੍ਹ ਰਿਹਾ ਹੈ ਤੇ ਇੱਥੋਂ ਦੇ ਲੋਕਾਂ ਨੇ ਹਮੇਸ਼ਾ ਪਾਰਟੀ ਨੂੰ ਪਿਆਰ ਤੇ ਸਹਿਯੋਗ ਦਿੱਤਾ ਹੈ।ਮਜੀਠੀਆ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਬਾਘਾ ਪੁਰਾਣਾ ਦੇ ਵਿਕਾਸ ਲਈ ਪਾਰਟੀ ਵੱਲੋਂ ਵਿਸ਼ੇਸ਼ ਯੋਜਨਾਵਾਂ ਤਿਆਰ ਕੀਤੀਆਂ ਜਾਣਗੀਆਂ ਤਾਂ ਜੋ ਇਲਾਕੇ ਦੀ ਤਰੱਕੀ ਨੂੰ ਹੋਰ ਗਤੀ ਮਿਲ ਸਕੇ।ਉਨ੍ਹਾਂ ਕਿਹਾ ਕਿ ਇਲਾਕੇ ਦੇ ਤਜਰਬੇਕਾਰ ਆਗੂਆਂ ਦੀ ਸਲਾਹ ਤੇ ਸਹਿਯੋਗ ਨਾਲ ਹੀ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾ ਸਕਦਾ ਹੈ।ਜ਼ਿਕਰਯੋਗ ਹੈ ਕਿ ਬਾਲ ਕ੍ਰਿਸ਼ਨ ਬਾਲੀ ਦੇ ਬਾਦਲ ਤੇ ਮਜੀਠਾ ਪਰਵਾਰ ਨਾਲ ਪੁਰਾਣੇ ਤੇ ਨੇੜਲੇ ਪਰਿਵਾਰਕ ਸਬੰਧ ਰਹੇ ਹਨ।ਦੋਵਾਂ ਪਰਿਵਾਰਾਂ ਵਿਚਕਾਰ ਲੰਬੇ ਸਮੇਂ ਤੋਂ ਆਪਸੀ ਸਤਿਕਾਰ ਤੇ ਸਾਂਝ ਦਾ ਰਿਸ਼ਤਾ ਬਣਿਆ ਹੋਇਆ ਹੈ, ਜਿਸ ਕਰਕੇ ਰਾਜਨੀਤਕ ਤੇ ਸਮਾਜਿਕ ਮੰਚਾਂ 'ਤੇ ਵੀ ਇਹ ਨਜ਼ਦੀਕੀਆਂ ਅਕਸਰ ਦੇਖਣ ਨੂੰ ਮਿਲਦੀਆਂ ਰਹੀਆਂ ਹਨ।ਬਾਲ ਕ੍ਰਿਸ਼ਨਾ ਬਾਲੀ ਨੇ ਕਿਹਾ ਕਿ ਉਹ ਹਮੇਸ਼ਾ ਤੋਂ ਹੀ ਸ਼੍ਰੋਮਣੀ ਅਕਾਲੀ ਦਲ ਦੀਆਂ ਨੀਤੀਆਂ ਤੇ ਸਿਧਾਂਤਾਂ ਨਾਲ ਜੁੜੇ ਰਹੇ ਹਨ ਤੇ ਭਵਿੱਖ ਵਿੱਚ ਵੀ ਪਾਰਟੀ ਨੂੰ ਮਜ਼ਬੂਤ ਬਣਾਉਣ ਲਈ ਆਪਣਾ ਯੋਗਦਾਨ ਪਾਉਂਦੇ ਰਹਿਣਗੇ।ਮੁਲਾਕਾਤ ਦੌਰਾਨ ਦੋਵਾਂ ਆਗੂਆਂ ਨੇ ਇਹ ਭਰੋਸਾ ਵੀ ਜਤਾਇਆ ਕਿ ਬਾਘਾ ਪੁਰਾਣਾ ਦੇ ਵਿਕਾਸ ਤੇ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਮਿਲਜੁਲ ਕੇ ਕੰਮ ਕੀਤਾ ਜਾਵੇਗਾ ਤਾਂ ਜੋ ਇਲਾਕੇ ਨੂੰ ਤਰੱਕੀ ਦੀਆਂ ਨਵੀਆਂ ਉਚਾਈਆਂ ਤੱਕ ਪਹੁੰਚਾਇਆ ਜਾ ਸਕੇ।



## ਖਸਖਸ ਦੀ ਖੇਤੀ ਦੀ ਮੰਗ ਨੂੰ ਲੈ ਕੇ ਜਾਗਰੂਕਤਾ ਮਾਰਚ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੰਜਾਬ ਵਿੱਚ ਵਧ ਰਹੇ ਨਸ਼ਿਆਂ ਦੇ ਮਾਰੂ ਰੁਝਾਨ ਖ਼ਿਲਾਫ਼ ਆਵਾਜ਼ ਬੁਲੰਦ ਕਰਦਿਆਂ ਇਨਸਾਫ ਟੀਮ ਪੰਜਾਬ ਵੱਲੋਂ ਕਸਬਾ ਮਹਿਲ ਕਲਾਂ ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਪਾਰਕ 'ਚ ਇਕੱਤਰਤਾ ਕੀਤੀ ਗਈ।ਇਸ ਮੌਕੇ ਜਥੇਬੰਦੀ ਦੇ ਸੂਬਾ ਪ੍ਰਧਾਨ ਜਗਮੀਤ ਸਿੰਘ ਜੱਗਾ ਨੇ ਕੇਂਦਰ ਤੇ ਰਾਜ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਅੰਦਰ ਖਸਖਸ ਦੀ ਖੇਤੀ ਕਰਨ ਦੀ ਕਾਨੂੰਨੀ ਤੌਰ 'ਤੇ ਮਨਜ਼ੂਰੀ ਦਿੱਤੀ ਜਾਵੇ।ਉਨ੍ਹਾਂ ਕਿਹਾ ਕਿ ਪੰਜਾਬ 'ਚ ਚਿੱਟਾ, ਸਮੈਕ ਤੇ ਹੋਰ ਮਾਰੂ ਨਸ਼ਿਆਂ ਨੇ ਭਵਿੱਖ ਦੀ ਵਾਰਸ ਜਵਾਨੀ ਨੂੰ ਬਰਬਾਦ ਕਰਕੇ ਰੱਖ ਦਿੱਤਾ ਹੈ।ਨਸ਼ਿਆਂ ਦੀ ਲਪੇਟ 'ਚ ਆ ਕੇ ਹਰ ਰੋਜ਼ ਚੜ੍ਹਦੇ ਸੂਰਜ ਮਾਵਾਂ ਦੇ ਪੁੱਤ ਮੌਤ ਦੇ ਮੂੰਹ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਸੱਚਮੁੱਚ ਨਸ਼ਿਆਂ ਨੂੰ ਰੋਕਣਾ ਚਾਹੁੰਦੀ ਹੈ ਤਾਂ ਕਿਸਾਨਾਂ ਨੂੰ ਖਸਖਸ ਦੀ ਖੇਤੀ ਦੀ ਕਾਨੂੰਨੀ ਤੌਰ 'ਤੇ ਇਜਾਜ਼ਤ ਦੇਣੀ ਚਾਹੀਦੀ ਹੈ, ਜਿਸ ਨਾਲ ਕਿਸਾਨਾਂ ਦੀ ਆਰਥਿਕ ਸਥਿਤੀ ਮਜ਼ਬੂਤ ਤੇ ਗੈਰਕਾਨੂੰਨੀ ਨਸ਼ਿਆਂ ਦੇ ਫੈਲਾਅ ਨੂੰ ਰੋਕਿਆ ਜਾ ਸਕਦਾ ਹੈ।ਇਸ ਮੌਕੇ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਨਸ਼ਿਆਂ ਦੇ ਤਸਕਰਾਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇ ਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਢੁੱਕਵੇਂ ਕਦਮ ਚੁੱਕੇ ਜਾਣ।ਉਨ੍ਹਾਂ ਕਿਹਾ ਕਿ ਪੰਜਾਬ ਦੀ ਜੁਆਨੀ ਨੂੰ ਬਚਾਉਣ ਲਈ ਹਰ ਵਰਗ ਨੂੰ ਅੱਗੇ ਆਉਣ ਦੀ ਲੋੜ ਹੈ।ਅਖੀਰ ਵਿੱਚ ਇਨਸਾਫ ਟੀਮ ਦੇ ਆਗੂਆਂ ਦੀ ਅਗਵਾਈ ਹੇਠ ਖਸਖਸ ਦੀ ਖੇਤੀ ਦੀ ਮੰਗ ਨੂੰ ਲੈ ਕੇ ਪਿੰਡ ਅੰਦਰ ਮਾਰਚ ਵੀ ਕੀਤਾ ਗਿਆ।ਇਸ ਮੌਕੇ ਨਿਰਮਲ ਸਿੰਘ ਹੈਰੀ, ਜਿੰਦਰ ਸਿੰਘ ਖਿਆਲੀ, ਭਰਭੂਰ ਸਿੰਘ, ਗੁਰਦੇਵ ਸਿੰਘ, ਦਰਸ਼ਨ ਸਿੰਘ ਸਮੇਤ ਇਨਸਾਫ ਟੀਮ ਪੰਜਾਬ ਦੇ ਆਗੂ ਤੇ ਵਰਕਰ ਮੌਜੂਦ ਸਨ।

# ਘੱਗਾ ਟੋਲ ਪਲਾਜ਼ਾ ਵਿਖੇ ਅਣਮਿੱਥੇ ਸਮੇਂ ਦਾ ਧਰਨਾ ਜਾਰੀ

- ਧਰਨਾਕਾਰੀਆਂ ਵੱਲੋਂ ਕੰਮ ਸ਼ੁਰੂ ਨਾ ਕਰਨ ਦੇਣ ਦੀ ਚੇਤਾਵਨੀ
- ਤਹਿਸੀਲਦਾਰ ਤੇ ਨੈਸ਼ਨਲ ਹਾਈਵੇ ਅਧਿਕਾਰੀ ਕਿਸਾਨਾਂ ਦਾ ਪੱਖ ਸੁਣਨ ਪੁੱਜੇ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਕੇਂਦਰ ਸਰਕਾਰ ਵੱਲੋਂ ਭਾਰਤ ਮਾਲਾ ਪਰਿਯੋਜਨਾ ਤਹਿਤ ਬਣਾਏ ਜਾ ਰਹੇ ਦਿੱਲੀ-ਜੰਮੂ-ਕਟੜਾ ਐਕਸਪ੍ਰੈੱਸ ਵੇਅ ਲਈ ਐਕਵਾਇਰ ਕੀਤੀ ਗਈ ਜ਼ਮੀਨ ਦੇ ਮਾਲਕ ਕਿਸਾਨਾਂ ਨਾਲ ਸੰਬੰਧਤ ਸਮੱਸਿਆਵਾਂ ਨੂੰ ਲੈ ਕੇ ਰੋਡ ਕਿਸਾਨ ਸੰਘਰਸ਼ ਕਮੇਟੀ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਵੱਲੋਂ ਘੱਗਾ ਟੋਲ ਪਲਾਜਾ ਵਿਖੇ ਅਣਮਿੱਥੇ ਸਮੇਂ ਦਾ ਦਿੱਤਾ ਜਾ ਰਿਹਾ ਧਰਨਾ ਲਗਾਤਾਰ ਜਾਰੀ ਹੈ।ਇਸ ਦੌਰਾਨ ਜਥੇਬੰਦੀਆਂ ਵੱਲੋਂ ਸੰਘਰਸ਼ ਨੂੰ ਤੇਜ਼ ਕਰਦਿਆਂ ਵੱਡਾ ਇਕੱਠ ਕਰਕੇ ਐਕਸਪ੍ਰੈੱਸ ਵੇਅ ਦਾ ਰੋਕਿਆ ਹੋਇਆ ਕੰਮ ਚਾਲੂ ਨਾ ਕਰਨ ਦੇਣ ਦੇ ਐਲਾਨ ਮਗਰੋਂ ਪ੍ਰਸ਼ਾਸਨ ਹਰਕਤ ਵਿੱਚ ਆ ਗਿਆ ਹੈ।ਧਰਨਾਕਾਰੀਆਂ ਦਾ ਪੱਖ ਜਾਨਣ ਲਈ ਤਹਿਸੀਲਦਾਰ ਪਾਤੜਾਂ ਸਵਪਨਦੀਪ ਕੌਰ ਤੇ ਨੈਸ਼ਨਲ ਹਾਈਵੇਅ ਅਥਾਰਟੀ ਦੇ ਐੱਸ ਡੀ ਓ ਸੁਲੇਮਾਨ ਨੇ ਪ੍ਰਦਰਸ਼ਨ ਵਾਲੀ ਥਾਂ ਉੱਤੇ ਪਹੁੰਚ ਕੇ ਧਰਨਾਕਾਰੀਆਂ ਦਾ ਪੱਖ ਸੁਣਿਆ।ਪ੍ਰਦਰਸ਼ਨਕਾਰੀ ਕਿਸਾਨਾਂ ਨੇ ਮੰਗ ਪੱਤਰ ਤਹਿਸੀਲਦਾਰ ਪਾਤੜਾਂ ਸਵਪਨਦੀਪ ਕੌਰ ਨੂੰ ਸੌਂਪਿਆ।ਇਸ ਦੌਰਾਨ ਪ੍ਰਸ਼ਾਸਨਕ ਅਧਿਕਾਰੀਆਂ ਵੱਲੋਂ ਪ੍ਰਦਰਸ਼ਨਕਾਰੀ ਕਿਸਾਨਾਂ ਨਾਲ ਮੀਟਿੰਗ ਦਾ ਸਮਾਂ ਤਹਿ ਕੀਤਾ ਗਿਆ।ਪ੍ਰਸ਼ਾਸਨਕ ਅਧਿਕਾਰੀਆਂ ਵੱਲੋਂ ਕਿਸਾਨਾਂ ਨੂੰ ਲਟਕਦੀਆਂ ਆ ਰਹੀਆਂ ਮੰਗਾਂ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ। ਰੋਸ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਦੇ ਸੂਬਾ ਆਗੂ ਮਨਜੀਤ ਸਿੰਘ ਨਿਆਲ ਨੇ ਕਿਹਾ ਕਿ ਨੈਸ਼ਨਲ ਹਾਈਵੇਅ ਅਥਾਰਟੀ ਵੱਲੋਂ ਐਕਸਪ੍ਰੈੱਸ ਵੇਅ ਦਾ ਨਿਰਮਾਣ ਕਰਨ ਸਮੇਂ ਕਿਸਾਨਾਂ ਦੀ ਐਕਵਾਇਰ ਕੀਤੀ ਗਈ ਜ਼ਮੀਨ ਨਾਲ ਸੰਬੰਧਤ ਬਹੁਤ ਸਾਰੇ ਮਸਲੇ ਲੰਬੇ ਸਮੇਂ ਤੋਂ ਲੰਬਿਤ ਪਏ ਹਨ, ਪਰ ਹਾਈਵੇ ਅਥਾਰਟੀ ਤੇ ਪ੍ਰਸ਼ਾਸਨਕ ਅਧਿਕਾਰੀਆਂ ਵੱਲੋਂ ਕਿਸਾਨਾਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ, ਜਿਸ ਕਰਕੇ ਮਜਬੂਰ ਕਿਸਾਨਾਂ ਨੂੰ ਐਕਸਪ੍ਰੈੱਸ ਵੇਅ ਦਾ ਕੰਮ ਰੋਕਣਾ ਪਿਆ ਹੈ।ਉਨ੍ਹਾਂ ਮੰਗ ਕੀਤੀ ਕਿ ਘੱਗਾ ਦੇ ਚੱਲ ਰਹੇ ਐਵਾਰਡ ਜ਼ਮੀਨ ਦੇ ਮਾਰਕੀਟ ਰੇਟ ਮੁਤਾਬਕ ਕਰਨ ਦੇ ਨਾਲ ਨਾਲ ਐਕਵਾਇਰ ਹੋਈਆਂ ਪਾਈਪ ਲਾਈਨਾਂ ਦਾ ਐਵਾਰਡ ਕੀਤਾ ਜਾਵੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬੀਕੇਯੂ ਏਕਤਾ ਆਜ਼ਾਦ ਦੇ ਬਲਾਕ ਪ੍ਰਧਾਨ ਮਨਦੀਪ ਸਿੰਘ ਭੂਤਗੜ੍ਹ, ਕੁਲਦੀਪ ਸਿੰਘ ਬਰਾਸ, ਸੁੱਖਾ ਸਿੰਘ ਦਫਤਰੀਵਾਲਾ, ਬਿੱਕਰ ਸਿੰਘ ਬੂਰੜ, ਰਸ਼ਪਾਲ ਸਿੰਘ ਢੋਟ, ਅਮਰਿੰਦਰ ਸਿੰਘ ਘੱਗਾ, ਸੁਰਜੀਤ ਸਿੰਘ ਤੰਬੂਵਾਲਾ, ਰੋਡ ਕਿਸਾਨ ਸੰਘਰਸ਼ ਕਮੇਟੀ ਤੋਂ ਜਗਜੀਤ ਸਿੰਘ ਗਲੌਲੀ, ਜਤਿੰਦਰ ਸਿੰਘ ਸ਼ੁਤਰਾਣਾ, ਸਤਨਾਮ ਸਿੰਘ ਦੁਤਾਲ, ਅਜੈਬ ਸਿੰਘ ਬਣਵਾਲਾ, ਜੋਰਾਵਰ ਸਿੰਘ ਠਰੂਆ ਤੇ ਹਰਜੀਤ ਸਿੰਘ ਤੇਈਪੁਰ ਆਦਿ ਹਾਜ਼ਰ ਸਨ।

## ਜਲਾਲਾਬਾਦ 'ਚ ਯੂ.ਪੀ.ਐੱਚ.ਸੀ. ਅਰਬਨ ਪ੍ਰਾਇਮਰੀ ਹੈਲਥ ਸੈਂਟਰ ਦੀ ਮਿਲੀ ਮਨਜ਼ੂਰੀ

### ਵਿਧਾਇਕ ਗੋਲਡੀ ਨੇ ਵਿਧਾਨ ਸਭਾ ਸੈਸ਼ਨ 'ਚ ਚੁੱਕਿਆ ਸੀ ਮੁੱਦਾ



**ਜਲਾਲਾਬਾਦ (ਬਲਵਿੰਦਰ ਸਿੰਘ, ਜੀਤ ਕੁਮਾਰ, ਜੰਗੀਰ ਕੌਰ)**-ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਵੱਲੋਂ ਵਿਧਾਨ ਸਭਾ ਸੈਸ਼ਨ ਦੌਰਾਨ ਪ੍ਰਸ਼ਨ ਕਾਲ ਦੌਰਾਨ ਮੁੱਦੇ ਚੁੱਕੇ ਜਾ ਰਹੇ ਹਨ ਤੇ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਪ੍ਰਵਾਨਗੀ ਦਿੱਤੀ ਜਾ ਰਹੀ ਹੈ।ਵਿਧਾਇਕ ਜਗਦੀਪ ਕੰਬੋਜ ਗੋਲਡੀ ਵੱਲੋਂ ਵਿਧਾਨ ਸਭਾ ਸੈਸ਼ਨ 'ਚ ਹਲਕੇ ਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਲਈ ਕਰੋੜਾਂ ਰੁਪਏ ਦੇ ਫੰਡ ਵੀ ਸ਼ੈਂਕਸ਼ਨ ਕਰਵਾਏ ਜਾ ਚੁੱਕੇ ਹਨ।ਇਸੇ ਤਹਿਤ ਬੀਤੇ ਦਿਨ ਵਿਧਾਇਕ ਗੋਲਡੀ ਵੱਲੋਂ ਪ੍ਰਸ਼ਨ ਕਾਲ ਦੌਰਾਨ ਲਗਾਏ ਗਏ ਸਵਾਲ ਦੇ ਜਵਾਬ ਨੂੰ ਅੱਜ ਪ੍ਰਵਾਨਗੀ ਮਿਲੀ ਹੈ।ਅੱਜ ਦੀ 16ਵੀਂ ਪੰਜਾਬ ਵਿਧਾਨ ਸਭਾ ਬਜਟ ਅਜਲਾਸ ਦੇ 5ਵੇਂ ਦਿਨ ਦੀ ਸ਼ੁਰੂਆਤ ਮੌਕੇ ਪੁਰਾਣੇ ਹਸਪਤਾਲ ਦੀ ਖੰਡਰ ਹੋ ਰਹੀ ਇਮਾਰਤ ਬਾਰੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਨੂੰ ਜਾਣੂ ਕਰਵਾਇਆ ਗਿਆ ਤੇ ਕਿਹਾ ਕਿ ਬੀਤੇ ਦਿਨੀਂ ਉਨ੍ਹਾਂ ਵੱਲੋਂ ਸਿਹਤ ਮੰਤਰੀ ਸ੍ਰ. ਬਲਬੀਰ ਸਿੰਘ ਹੁਰਾਂ ਕੋਲ ਮੁੱਦਾ ਰੱਖਿਆ ਗਿਆ ਸੀ ਤੇ ਜਿਸ ਨੂੰ ਜਲਾਲਾਬਾਦ ਦੇ ਪੁਰਾਣੇ ਹਸਪਤਾਲ ਦੀ ਥਾਂ 'ਤੇ ਨਵੀਂ ਯੂ.ਪੀ.ਐੱਚ.ਸੀ. ਨੂੰ ਮਨਜ਼ੂਰੀ ਦਿੱਤੀ ਅਤੇ ਜਲਦੀ ਹੀ 15ਵੇਂ ਵਿੱਤ ਕਮਿਸ਼ਨ ਤਹਿਤ ਫੰਡ ਰਿਲੀਜ਼ ਕਰਕੇ 1 ਸਾਲ 'ਚ ਇਮਾਰਤ ਨੂੰ ਚਾਲੂ ਕਰਨ ਦਾ ਭਰੋਸਾ ਦਿੱਤਾ।ਇਸ ਮੌਕੇ ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਆਖਿਆ ਕਿ ਪੰਜਾਬ ਦੇ ਸਾਬਕਾ ਡਿਪਟੀ ਸੀ ਐੱਮ ਵੱਲੋਂ ਪੁਰਾਣੇ ਹਸਪਤਾਲ ਦੀ ਇਮਾਰਤ 'ਤੇ ਪੁੱਡਾ ਦੇ ਕੋਲ 40 ਕਰੋੜ ਲੋਨ ਲੈ ਕੇ ਜਲਾਲਾਬਾਦ ਦੇ ਬਾਹਰ ਹਸਪਤਾਲ ਬਣਾ ਦਿੱਤਾ ਸੀ, ਜੋ ਕਿ ਅੱਜ 10 ਸਾਲਾਂ ਬਾਅਦ ਪੁੱਡਾ ਨੇ ਸਿਹਤ ਵਿਭਾਗ ਨੂੰ ਸੌਂਪ ਦਿੱਤਾ ਹੈ ਅਤੇ ਜਿਸ ਦੇ ਲਈ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਧੰਨਵਾਦ ਕੀਤਾ।

# ਰੂਰਲ ਹੈਲਥ ਫਾਰਮੇਸੀ ਅ਼ਫਸਰਾਂ ਤੇ ਦਰਜਾ ਚਾਰ ਮੁਲਾਜ਼ਮਾਂ ਨੇ ਦਿੱਤਾ ਮੁੱਖ ਮੰਤਰੀ ਦੇ ਨਾਂਅ ਮੰਗ ਪੱਤਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਰੂਰਲ ਹੈਲਥ ਫਾਰਮੇਸੀ ਅ਼ਫਸਰ ਐਸੋਸੀਏਸ਼ਨ ਦੀ ਸੂਬਾ ਪੱਧਰੀ ਮੀਟਿੰਗ ਵਿੱਚ ਇਹ ਫੈਸਲਾ ਕੀਤਾ ਗਿਆ ਕਿ ਪਿਛਲੇ ਕਾਫੀ ਸਮੇਂ ਤੋਂ ਸਰਕਾਰ ਵੱਲੋਂ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਅਣਗੌਲਿਆ ਕਰਕੇ ਉਨ੍ਹਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਨਾ ਕਰਕੇ ਇਨ੍ਹਾਂ ਮੁਲਾਜ਼ਮਾਂ ਨਾਲ ਧੋਖਾ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਤੇ ਆਮ ਆਦਮੀ ਪਾਰਟੀ ਚੋਣਾਂ ਤੋਂ ਪਹਿਲਾਂ ਕੀਤੇ ਵਾਅਦਿਆਂ ਨੂੰ ਲਾਗੂ ਕਰਨਾ ਤਾਂ ਦੂਰ ਮਾਣਯੋਗ ਹਾਈ ਕੋਰਟ ਵੱਲੋਂ ਜਾਰੀ ਹੋਏ ਹੁਕਮਾਂ ਨੂੰ ਵੀ ਟਿੱਚ ਜਾਣ ਰਹੀ ਹੈ। ਸਰਕਾਰ ਜਿੱਥੇ ਪਹਿਲਾਂ ਇਨ੍ਹਾਂ ਮੁਲਾਜ਼ਮਾਂ ਨੂੰ ਸਰਕਾਰ ਬਣਨ 'ਤੇ ਪੱਕਾ ਕਰਨ ਦਾ ਵਾਅਦਾ ਕਰ ਰਹੀ ਸੀ, ਉੱਥੇ ਚਾਰ ਸਾਲ ਦਾ ਸਮਾਂ ਬੀਤਣ ਤੋਂ ਬਾਅਦ ਵੀ ਸਰਕਾਰ ਇਹਨਾਂ ਮੁਲਾਜ਼ਮਾਂ ਦੀ ਸਾਰ ਨਹੀਂ ਲੈ ਰਹੀ, ਸਗੋਂ ਇਨ੍ਹਾਂ ਨਾਲ ਘਟੀਆ ਪਾਲਿਸੀਆਂ ਦੀ ਖੇਡ ਖੇਡ ਕੇ ਇਨ੍ਹਾਂ ਦਾ ਭਵਿੱਖ ਬਰਬਾਦ ਕਰ ਰਹੀ ਹੈ।ਕਿੱਥੇ ਤਾਂ ਮਾਣਯੋਗ ਹਾਈਕੋਰਟ ਦੇ ਹੁਕਮਾਂ ਅਨੁਸਾਰ ਇਨ੍ਹਾਂ ਮੁਲਾਜ਼ਮਾਂ ਨੂੰ 45 ਤੋਂ 50 ਹਜ਼ਾਰ ਤਨਖਾਹ ਮਿਲਣੀ ਚਾਹੀਦੀ ਸੀ, ਪਰ ਇਹ ਸਰਕਾਰ 20-20 ਸਾਲ ਦਾ ਤਜ਼ਰਬਾ ਪ੍ਰਾਪਤ ਇਨ੍ਹਾਂ ਮੁਲਾਜ਼ਮਾਂ ਨੂੰ ਸਿਰਫ਼ 20 ਹਜ਼ਾਰ ਰੁਪਏ ਮਹੀਨਾ ਤਨਖਾਹ ਦੇ ਕੇ ਇਨ੍ਹਾਂ ਦੀ ਆਰਥਿਕ ਅਤੇ ਮਾਨਸਿਕ ਲੁੱਟ ਕਰ ਰਹੀ ਹੈ। ਯੂਨੀਅਨ ਦੇ ਪ੍ਰਧਾਨ ਕਮਲਜੀਤ ਸਿੰਘ ਚੌਹਾਨ ਨੇ ਦੱਸਿਆ ਕਿ ਸਰਕਾਰ ਤੋਂ ਆਪਣੀਆਂ ਮੰਗਾਂ ਮਨਵਾਉਣ ਲਈ ਜਥੇਬੰਦੀ ਨੇ ਹੁਣ ਸੰਘਰਸ਼ ਦਾ ਝੰਡਾ ਚੁੱਕ ਲਿਆ ਹੈ, ਜਿਸ ਵਜੋਂ ਇਨ੍ਹਾਂ ਮੁਲਾਜ਼ਮਾਂ ਨੇ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਬਲਦੇਵ ਸਿੰਘ ਦੀ ਅਗਵਾਈ ਵਿਚ ਵਧੀਕ ਡਿਪਟੀ ਕਮਿਸ਼ਨਰ ਨੂੰ ਮੁੱਖ ਮੰਤਰੀ ਪੰਜਾਬ ਦੇ ਨਾਂਅ ਮੰਗ ਪੱਤਰ ਸੌਂਪੇ ਤੇ ਕਿਹਾ ਕਿ ਸਰਕਾਰ ਸਾਡੀਆਂ ਮੰਗਾਂ ਸੁਣੇ ਤੇ ਉਨ੍ਹਾਂ ਨੂੰ ਲਾਗੂ ਕਰੇ ਨਹੀਂ ਤਾਂ 16 ਮਾਰਚ ਨੂੰ ਡਾਇਰੈਕਟਰ ਦਫ਼ਤਰ, ਵਿਕਾਸ ਭਵਨ ਮੋਹਾਲੀ ਵਿਖੇ ਇੱਕ ਭਰਵੀਂ ਰੈਲੀ ਕਰਕੇ ਡਾਇਰੈਕਟਰ ਦਫ਼ਤਰ ਦਾ ਘਿਰਾਓ ਕੀਤਾ ਜਾਏਗਾ ਅਤੇ ਪੱਕਾ ਮੋਰਚਾ ਲਾ ਕੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਜਾਏਗੀ।ਇਸ ਕਾਰਵਾਈ ਨਾਲ ਪੈਦਾ ਹੋਣ ਵਾਲੇ ਹਾਲਾਤਾਂ ਲਈ ਸਰਕਾਰ ਅਤੇ ਉੱਚ ਅਧਿਕਾਰੀ ਆਪ ਜ਼ਿੰਮੇਵਾਰ ਹੋਣਗੇ।

# ਵਿਧਾਇਕ ਕੋਹਲੀ ਵੱਲੋਂ 100 ਉੱਦਮੀ ਮਹਿਲਾਵਾਂ ਦਾ ਸਨਮਾਨ

- ਮਹਿਲਾਵਾਂ ਸਮਾਜ ਦੀ ਮਜ਼ਬੂਤ ਨੀਂਹ : ਕੋਹਲੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਕੌਮੀ ਮਹਿਲਾ ਦਿਵਸ ਦੇ ਸਬੰਧ ਵਿੱਚ ਪਟਿਆਲਾ ਸ਼ਹਿਰੀ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਵੱਲੋਂ ਇੱਕ ਵਿਸ਼ੇਸ਼ ਸਮਾਗਮ 'ਆਪਣਾ ਕਾਰੋਬਾਰ ਆਪਣੀ ਪਹਿਚਾਣ' ਦੌਰਾਨ 100 ਉੱਦਮੀ ਮਹਿਲਾਵਾਂ ਨੂੰ ਸਨਮਾਨਤ ਕੀਤਾ ਗਿਆ।ਉਨ੍ਹਾ ਕਿਹਾ ਕਿ ਇਸ ਸਮਾਗਮ ਦਾ ਮਕਸਦ ਮਹਿਲਾਵਾਂ ਨੂੰ ਆਤਮਨਿਰਭਰ ਬਣਾਉਣ ਲਈ ਉਨ੍ਹਾਂ ਦੇ ਉਪਰਾਲਿਆਂ ਨੂੰ ਸਲਾਮ ਕਰਨਾ ਤੇ ਸਮਾਜ ਵਿੱਚ ਉਨ੍ਹਾਂ ਦੀ ਭੂਮਿਕਾ ਨੂੰ ਹੋਰ ਮਜ਼ਬੂਤ ਬਣਾਉਣਾ ਸੀ।

ਇਸ ਮੌਕੇ ਸੰਬੋਧਨ ਕਰਦੇ ਹੋਏ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਮਹਿਲਾਵਾਂ ਸਮਾਜ ਦੀ ਮਜ਼ਬੂਤ ਨੀਂਹ ਹਨ ਤੇ ਹਰ ਖੇਤਰ ਵਿੱਚ ਆਪਣੀ ਯੋਗਤਾ ਅਤੇ ਮਿਹਨਤ ਨਾਲ ਕਾਮਯਾਬੀ ਦੇ ਨਵੇਂ ਮਾਪਦੰਡ ਸਥਾਪਤ ਕਰ ਰਹੀਆਂ ਹਨ।ਉਨ੍ਹਾਂ ਕਿਹਾ ਕਿ ਅੱਜ ਮਹਿਲਾਵਾਂ ਸਿੱਖਿਆ, ਵਪਾਰ, ਉਦਯੋਗ, ਖੇਤੀਬਾੜੀ ਤੇ ਸਮਾਜਿਕ ਸੇਵਾ ਸਮੇਤ ਹਰੇਕ ਖੇਤਰ ਵਿੱਚ ਅੱਗੇ ਵਧ ਰਹੀਆਂ ਹਨ ਅਤੇ ਆਪਣੀ ਮਿਹਨਤ ਨਾਲ ਪਰਿਵਾਰ ਤੇ ਸਮਾਜ ਨੂੰ ਨਵੀਂ ਦਿਸ਼ਾ ਦੇ ਰਹੀਆਂ ਹਨ।

ਉਨ੍ਹਾਂ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਵੱਲੋਂ ਮਹਿਲਾਵਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਬਣਾਉਣ ਤੇ ਉਨ੍ਹਾਂ ਨੂੰ ਖੁਦਮੁਖਤਿਆਰ ਬਣਾਉਣ ਲਈ ਕਈ ਤਰ੍ਹਾਂ ਦੀਆਂ ਯੋਜਨਾਵਾਂ ਤੇ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ।ਸਰਕਾਰ ਦਾ ਮੁੱਖ ਉਦੇਸ਼ ਮਹਿਲਾਵਾਂ ਨੂੰ ਰੋਜ਼ਗਾਰ ਤੇ ਸਵਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਕੇ ਉਨ੍ਹਾਂ ਨੂੰ ਸਮਾਜ ਵਿੱਚ ਇੱਕ ਮਜ਼ਬੂਤ ਪਹਿਚਾਨ ਦੇਣਾ ਹੈ।ਸਮਾਗਮ ਦੌਰਾਨ ਸਨਮਾਨਤ ਕੀਤੀਆਂ ਗਈਆਂ ਮਹਿਲਾਵਾਂ ਨੇ ਆਪਣੇ ਤਜਰਬੇ ਸਾਂਝੇ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦਾ ਸਨਮਾਨ ਉਨ੍ਹਾਂ ਲਈ ਮਾਣ ਦੀ ਗੱਲ ਹੈ ਤੇ ਇਹ ਉਨ੍ਹਾਂ ਨੂੰ ਹੋਰ ਵਧੀਆ ਕੰਮ ਕਰਨ ਲਈ ਪ੍ਰੇਰਿਤ ਕਰੇਗਾ।

ਉਨ੍ਹਾਂ ਸਰਕਾਰ ਤੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦਾ ਧੰਨਵਾਦ ਵੀ ਕੀਤਾ।ਇਸ ਮੌਕੇ ਐੱਸ ਡੀ ਐੱਮ ਸ੍ਰੀ ਗੁਰਦੇਵ ਸਿੰਘ ਧਮ, ਐੱਸ ਡੀ ਐੱਮ ਦਫਤਰ ਦਾ ਸਾਰਾ ਸਟਾਫ, ਜ਼ਿਲ੍ਹਾ ਇੰਚਾਰਜ ਆਰਤੀ ਗੁਪਤਾ, ਹਲਕਾ ਕੋ-ਆਰਡੀਨੇਟਰ ਰੂਬੀ ਭਾਟੀਆ, ਨਾਇਬ ਤਹਿਸੀਲਦਾਰ ਅਰਮਾਨ ਤੇ ਵਰੁਣ ਪਰਾਸ਼ਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮਹਿਲਾਵਾਂ ਮੌਜੂਦ ਸਨ।

## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਅੰਗਹੀਣ ਵਿਅਕਤੀਆਂ ਨੂੰ ਦਿੱਤੀ ਵਿੱਤੀ ਸਹਾਇਤਾ



**ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਡਾਕਟਰ ਐਸ ਪੀ ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 47 ਅੰਗਹੀਣ ਵਿਅਕਤੀਆਂ ਨੂੰ ਮਹੀਨਾਵਾਰ ਸਹਾਇਤਾ ਰਾਸ਼ੀ ਦਿੱਤੀ ਗਈ।ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਇਹ ਅੰਗਹੀਣ ਵਿਅਕਤੀ ਕੰਮ ਕਰਨ ਤੋਂ ਅਸਮਰਥ ਹਨ ਤੇ ਕਈ ਲੰਮੇ ਸਮੇਂ ਤੋਂ ਵੱਖ ਹੋ ਬਿਮਾਰੀਆਂ ਤੋਂ ਵੀ ਪੀੜਤ ਹਨ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਇਨ੍ਹਾਂ ਅੰਗਹੀਣ ਵਿਅਕਤੀਆਂ ਨੂੰ ਇਹ ਸਹਾਇਤਾ ਰਾਸ਼ੀ ਪਿਛਲੇ ਲੰਮੇ ਸਮੇਂ ਤੋਂ ਦਿੱਤੀ ਜਾ ਰਹੀ ਹੈ।ਪਿਛਲੇ ਦਿਨੀਂ ਡਾਕਟਰ ਐਸ ਪੀ ਸਿੰਘ ਓਬਰਾਏ ਦੋਦਾ ਤੇ ਮਲੋਟ ਵਿਖੇ ਕਲੀਨਿਕ ਲੈਬਾਂ ਦੇ ਉਦਘਾਟਨ ਮੌਕੇ ਆਏ ਤਾਂ ਉਨ੍ਹਾਂ ਬਕਾਇਦਾ ਐਲਾਨ ਕੀਤਾ। ਟਰੱਸਟ ਵੱਲੋਂ ਦਿੱਤੀਆਂ ਜਾ ਰਹੀਆਂ ਪੈਨਸ਼ਨਾਂ ਦੀ ਰਾਸ਼ੀ ਵਿੱਚ ਮੈਂ ਵਾਧਾ ਕਰਨ ਦਾ ਫੈਸਲਾ ਕੀਤਾ ਹੈ ਤਾਂ ਜੁ ਪੈਨਸ਼ਨ ਲੈਣ ਵਾਲੇ ਮਹਿਗਾਈ ਦੇ ਹਿਸਾਬ ਨਾਲ ਅਪਣਾ ਗੁਜ਼ਾਰਾ ਵਧੀਆ ਢੰਗ ਨਾਲ ਕਰ ਸਕਣ, ਘੱਟ ਤੋਂ ਘੱਟ ਇੱਕ ਹਜ਼ਾਰ ਰੁਪਏ ਤੇ ਇਸ ਤੋਂ ਉੱਪਰ ਲੋੜਵੰਦ ਵੱਲੋਂ ਦਿੱਤੀ ਗਈ ਅਰਜ਼ੀ ਦੇ ਹਿਸਾਬ ਨਾਲ ਪੈਨਸ਼ਨ ਲਾਵਾਂਗੇ।ਡਾਕਟਰ ਓਬਰਾਏ ਨੇ ਕਿਹਾ ਕਿ ਟਰੱਸਟ ਵੱਲੋਂ ਲਾਈ ਜਾਂਦੀ ਪੈਨਸ਼ਨ ਉਮਰ ਭਰ ਲਈ ਲਾਈ ਜਾਂਦੀ ਹੈ। ਸਹਾਇਤਾ ਰਾਸ਼ੀ ਲੈਣ ਉਪਰੰਤ ਅੰਗਹੀਣ ਵਿਅਕਤੀਆਂ ਵੱਲੋਂ ਡਾ ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਡਾ ਓਬਰਾਏ ਹਮੇਸ਼ਾ ਸਾਡੀ ਲਾਠੀ ਬਣਕੇ ਸਾਡੇ ਨਾਲ ਖੜਦੇ ਹਨ ਤੇ ਪੈਨਸ਼ਨਰਾਂ ਵੱਲੋਂ ਪੈਨਸ਼ਨ ਦੀ ਰਾਸ਼ੀ ਦੇ ਵਾਧੇ ਲਈ ਡਾਕਟਰ ਓਬਰਾਏ ਦਾ ਧੰਨਵਾਦ ਕੀਤਾ ਗਿਆ।

# ਸਰਕਾਰੀ ਕਾਲਜ ਆ਼ਫ ਐਜੂਕੇਸ਼ਨ ਵੱਲੋਂ ਕੰਧ-ਪੱਤ੍ਰਿਕਾ 'ਸੁਨਹਿਰੀ ਕਲਮਾਂ' ਦਾ 14ਵਾਂ ਅੰਕ ਜਾਰੀ



**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਦੇਸ਼ ਭਗਤ ਪੰਡਿਤ ਚੇਤਨ ਦੇਵ ਸਰਕਾਰੀ ਕਾਲਜ ਆਫ਼ ਐਜੂਕੇਸ਼ਨ ਫ਼ਰੀਦਕੋਟ ਦੇ ਕਾਲਜ ਭਾਸ਼ਾ ਮੰਚ ਵੱਲੋਂ ਪ੍ਰਿੰਸੀਪਲ ਡਾ. ਰਾਜੇਸ਼ ਮੋਹਨ ਦੀ ਯੋਗ ਰਹਿਨੁਮਾਈ ਹੇਠ ਵਿਦਿਆਰਥੀਆਂ ਦੀਆਂ ਸਾਹਿਤਕ ਰਚਨਾਵਾਂ ਨੂੰ ਸਮਰਪਤ ਕੰਧ-ਪੱਤ੍ਰਿਕਾ 'ਸੁਨਹਿਰੀ ਕਲਮਾਂ' ਦਾ 14ਵਾਂ ਅੰਕ ਲੋਕ-ਅਰਪਿਤ ਕੀਤਾ ਗਿਆ।ਇਸ ਸਮਾਗਮ ਵਿੱਚ ਸਰਕਾਰੀ ਬ੍ਰਿਜਿੰਦਰਾ ਕਾਲਜ ਦੇ ਪ੍ਰਿੰਸੀਪਲ ਡਾ. ਗੁਲਸ਼ਨ ਕੁਮਾਰ ਆਹੂਜਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਮੁੱਖ ਮਹਿਮਾਨ ਡਾ. ਆਹੂਜਾ ਨੇ ਕਾਲਜ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਪ੍ਰਿੰਸੀਪਲ ਡਾ. ਰਾਜੇਸ਼ ਮੋਹਨ, ਭਾਸ਼ਾ ਮੰਚ ਦੇ ਮੁੱਖ ਸੰਪਾਦਕ ਪ੍ਰੋ. ਬੀਰਇੰਦਰਜੀਤ ਸਿੰਘ ਤੇ ਸਮੁੱਚੀ ਟੀਮ ਨੂੰ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਅਜਿਹੇ ਯਤਨ ਵਿਦਿਆਰਥੀਆਂ ਅੰਦਰ ਛੁਪੀ ਪ੍ਰਤਿਭਾ ਨੂੰ ਨਿਖਾਰਨ ਵਿੱਚ ਸਹਾਈ ਹੁੰਦੇ ਹਨ।ਸਮਾਗਮ ਦੌਰਾਨ ਦੇਸ਼-ਵਿਦੇਸ਼ ਤੋਂ ਪੁੱਜੇ ਪ੍ਰਸਿੱਧ ਸਾਹਿਤਕਾਰਾਂ ਨੇ ਵਿਦਿਆਰਥੀਆਂ ਦਾ ਉਤਸ਼ਾਹ ਵਧਾਇਆ, ਜਿਸ ਵਿੱਚ ਵਿਸ਼ੇਸ਼ ਮਹਿਮਾਨਾਂ ਵਜੋਂ ਜ਼ਿਲ੍ਹਾ ਭਾਸ਼ਾ ਅਫ਼ਸਰ ਮਨਜੀਤ ਪੁਰੀ, ਲੇਖਕ ਤੇ ਸ਼ਾਇਰ ਗੁਰਮੀਤ ਕੜਿਆਲਵੀ, ਸ਼ਿਵਜੀਤ ਸਿੰਘ ਸੰਘਾ, ਪ੍ਰਿੰ. ਕੁਮਾਰ ਜਗਦੇਵ ਸਿੰਘ ਬਰਾੜ ਤੇ ਕੰਵਰਜੀਤ ਸਿੰਘ, ਅਜ਼ੀਮ ਸ਼ੇਖਰ (ਯੂ.ਕੇ.), ਜਸਵਿੰਦਰ ਰੱਤੀਆਂ (ਯੂ.ਕੇ.), ਪ੍ਰੀਤ ਮਨਪ੍ਰੀਤ (ਕੈਨੇਡਾ), ਜੱਗੀ ਜੌਹਲ (ਆਸਟ੍ਰੇਲੀਆ) ਤੇ ਜੀਤ ਸੁਰਜੀਤ (ਬੈਲਜੀਅਮ) ਹਾਜ਼ਰ ਸਨ।ਪ੍ਰਿੰਸੀਪਲ ਡਾ. ਰਾਜੇਸ਼ ਮੋਹਨ ਨੇ ਦੱਸਿਆ ਕਿ ਇਸ ਵਾਰ ਦਾ ਅੰਕ ਖਾਸ ਤੌਰ 'ਤੇ ਮਾਤ ਭਾਸ਼ਾ ਤੇ ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਤ ਕੀਤਾ ਗਿਆ ਹੈ।ਇਸ ਵਿੱਚ ਵਿਦਿਆਰਥੀਆਂ ਦੁਆਰਾ ਲਿਖੇ ਗੀਤ, ਕਵਿਤਾਵਾਂ, ਲੇਖ, ਕਹਾਣੀਆਂ ਤੇ ਬਣਾਏ ਗਏ ਪੋਸਟਰਾਂ ਨੂੰ ਬੜੀ ਖੂਬਸੂਰਤੀ ਨਾਲ ਪ੍ਰਦਰਸ਼ਿਤ ਕੀਤਾ ਗਿਆ ਹੈ।ਇਸ ਮੌਕੇ ਕਾਲਜ ਸਟਾਫ਼ ਵਿੱਚੋਂ ਪ੍ਰੋ. ਸੰਦੀਪ ਸਿੰਘ, ਪ੍ਰੋ. ਰਣਜੀਤ ਸਿੰਘ ਬਾਜਵਾ, ਡਾ. ਰੁਪਿੰਦਰਜੀਤ ਕੌਰ, ਪ੍ਰੋ. ਸੁਖਪਾਲ ਕੌਰ, ਪ੍ਰੋ. ਫੈਨੀ ਚਾਵਲਾ, ਡਾ. ਰਤਨ ਲਾਲ, ਪ੍ਰੋ. ਕਰਮਜੀਤ ਸਿੰਘ, ਪ੍ਰੋ. ਰਿੰਮੀ ਤੇ ਕਾਲਜ ਭਾਸ਼ਾ ਮੰਚ ਦੇ ਵਿਦਿਆਰਥੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਨਿਰੰਕਾਰੀ ਸਤਿਗੁਰੂ ਦੇ ਜਨਮ ਉਤਸਵ ਮੌਕੇ ਤਿੰਨ ਦਿਨਾ ਸਿਹਤ ਜਾਂਚ ਕੈਂਪ ਸ਼ੁਰੂ



**ਸਮਾਣਾ/ਦਿੱਲੀ (ਇਕਬਾਲ ਸਿੰਘ ਬੱਲ)**-ਸੰਤ ਨਿਰੰਕਾਰੀ ਮਿਸ਼ਨ ਸਮਾਣਾ ਤੇ ਸੰਯੋਜਕ ਐਡਵੋਕੇਟ ਸੁਰਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਰਮ ਸਤਿਕਾਰਯੋਗ ਸਤਿਗੁਰੂ ਮਾਤਾ ਸੁਦੀਕਸ਼ਾ ਮਹਾਰਾਜ ਦੀਆਂ ਪ੍ਰੇਰਣਾਵਾਂ ਨਾਲ ਸੰਤ ਨਿਰੰਕਾਰੀ ਮਿਸ਼ਨ ਵੱਲੋਂ ਮਨੁੱਖੀ ਸੇਵਾ ਅਤੇ ਸਮਾਜਿਕ ਭਲਾਈ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ।ਇਸੇ ਕੜੀ ਵਿੱਚ ਸਤਿਗੁਰੂ ਮਾਤਾ ਜੀ ਦੇ ਜਨਮ ਉਤਸਵ ਮੌਕੇ ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਦੇ ਵੱਲੋਂ ਸੰਤ ਨਿਰੰਕਾਰੀ ਹੈਲਥ ਸਿਟੀ ਦੇ ਸਹਿਯੋਗ ਨਾਲ ਦਿੱਲੀ-ਐੱਨ ਸੀ ਆਰ ਦੇ ਕਰੀਬ 50 ਸਥਾਨਾਂ 'ਤੇ ਸਿਹਤ ਜਾਂਚ ਕੈਂਪ 13 ਤੋਂ 15 ਮਾਰਚ 2026 ਤੱਕ ਸਵੇਰੇ 7 ਵਜੇ ਤੋਂ 11 ਵਜੇ ਤੱਕ ਲਗਾਏ ਜਾ ਰਹੇ ਹਨ, ਜਿਸ ਦਾ ਸ਼ੁੱਭ-ਅਰੰਭ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਤੇ ਨਿਰੰਕਾਰੀ ਰਾਜਪਿਤਾ ਰਮਿਤ ਜੀ ਦੀ ਪਾਵਨ ਹਾਜ਼ਰੀ ਵਿੱਚ ਅੱਜ ਗਰਾਊਂਡ ਨੰਬਰ 2, ਬੁਰਾੜੀ ਰੋਡ ਦਿੱਲੀ ਵਿਖੇ ਸ਼ਾਮ 5 ਵਜੇ ਤੋਂ ਰਾਤ 9 ਵਜੇ ਤੱਕ ਵਿਸ਼ੇਸ਼ ਸਤਸੰਗ ਸਮਾਗਮ ਆਯੋਜਿਤ ਕਰਕੇ ਕੀਤਾ।ਸੰਤ ਨਿਰੰਕਾਰੀ ਮੰਡਲ ਦੇ ਸਕੱਤਰ ਜੋਗਿੰਦਰ ਸੁਖੀਜਾ ਨੇ ਦੱਸਿਆ ਕਿ ਇਨ੍ਹਾਂ ਕੈਂਪਾਂ ਵਿੱਚ ਟਾਟਾ 1 ਐੱਮ ਜੀ ਦੇ ਸਹਿਯੋਗ ਨਾਲ ਬਲੱਡ ਸ਼ੂਗਰ, ਬਲੱਡ ਪ੍ਰੈਸ਼ਰ ਸਮੇਤ ਹੋਰ ਕਈ ਸਿਹਤ ਸੰਬੰਧੀ ਜਾਂਚਾਂ ਕੀਤੀਆਂ ਜਾਣਗੀਆਂ।ਉਨ੍ਹਾਂ ਦੱਸਿਆ ਕਿ ਮਿਸ਼ਨ ਵੱਲੋਂ ਗੋਦ ਲਏ ਪਿੰਡ ਪੱਥੀ ਕਲਿਆਣਾ, ਪਾਂਚੀ ਗੁਜਰਾਂ, ਮੰਡੋਰਾ ਤੇ ਭੋਡਵਾਲ ਮਾਂਜਰੀ ਦੇ ਨਿਵਾਸੀਆਂ ਸਮੇਤ ਹਜ਼ਾਰਾਂ ਲੋਕਾਂ ਨੂੰ ਇਸ ਸਿਹਤ ਕੈਂਪ ਦਾ ਲਾਭ ਮਿਲੇਗਾ। ਤਜਰਬੇਕਾਰ ਡਾਕਟਰਾਂ, ਸਿਹਤ ਕਰਮਚਾਰੀਆਂ ਤੇ ਸੇਵਾਦਾਰਾਂ ਦੀ ਮਦਦ ਨਾਲ ਲੋਕਾਂ ਨੂੰ ਆਸਾਨ ਤੇ ਗੁਣਵੱਤਾਪੂਰਨ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ।

## ਸੰਤ ਦਲਬਾਰ ਸਿੰਘ ਦੀ ਯਾਦ ਨੂੰ ਸਮਰਪਤ ਗੁਰਮਤਿ ਸਮਾਗਮ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਧਾਰਮਿਕ ਸ਼ਖਸੀਅਤ ਸੰਤ ਦਲਬਾਰ ਸਿੰਘ ਛੀਨੀਵਾਲ, ਮੈਂਬਰ ਸ਼੍ਰੋਮਣੀ ਕਮੇਟੀ ਦੀ ਪੰਜਵੀਂ ਸਾਲਾਨਾ ਬਰਸੀ ਮੌਕੇ ਮਹਾਨ ਗੁਰਮਤਿ ਸਮਾਗਮ ਇਤਿਹਾਸਿਕ ਗੁਰਦੁਆਰਾ ਸਾਹਿਬ ਛੇਵੀਂ ਪਾਤਸ਼ਾਹੀ ਛੀਨੀਵਾਲ ਕਲਾਂ ਵਿਖੇ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ।ਇਸ ਮੌਕੇ ਪ੍ਰਸਿੱਧ ਰਾਗੀ ਭਾਈ ਪ੍ਰਗਟ ਸਿੰਘ ਮਨੀਲਾ ਦੇ ਜਥੇ ਨੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਗਿਆਨੀ ਹਰਭਜਨ ਸਿੰਘ ਢੁੱਡੀਕੇ ਨੇ ਸੰਤ ਦਲਬਾਰ ਸਿੰਘ ਛੀਨੀਵਾਲ ਨਾਲ ਜੁੜੀਆਂ ਯਾਦਾਂ ਨੂੰ ਸਾਂਝਾ ਕਰਦਿਆਂ ਸਮੂਹ ਸੰਗਤਾਂ ਨੂੰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਨੁਸਾਰ ਗੁਰਮਤਿ ਵਿੱਚ ਪ੍ਰਪੱਕ ਹੋ ਕੇ ਬਾਣੀ ਤੇ ਬਾਣੀ ਦੇ ਧਾਰਨੀ ਬਨਣ ਲਈ ਪ੍ਰੇਰਿਤ ਕੀਤਾ।ਸਾਬਕਾ ਸੰਸਦੀ ਸਕੱਤਰ ਸੰਤ ਬਲਵੀਰ ਸਿੰਘ ਘੁੰਨਸ ਮੈਂਬਰ ਸ਼੍ਰੋਮਣੀ ਕਮੇਟੀ ਨੇ ਕਿਹਾ ਕਿ ਸੰਤ ਬਾਬਾ ਗੁਰਬਚਨ ਸਿੰਘ ਭਿੰਡਰਾਂ ਵਾਲਿਆਂ ਤੋਂ ਸਿੱਖਿਆ ਪ੍ਰਾਪਤ ਕਰਕੇ ਸੰਤ ਛੀਨੀਵਾਲ ਨੇ ਸਾਰਾ ਜੀਵਨ ਧਰਮ ਪ੍ਰਚਾਰ, ਸਮਾਜ ਸੇਵਾ ਲੇਖੇ ਲਾ ਦਿੱਤਾ।ਉਨ੍ਹਾਂ ਦੀ ਗਤੀਸ਼ੀਲ ਅਗਵਾਈ, ਉਸਾਰੂ ਸੋਧ ਸਦਕਾ ਅੱਜ ਸਮੁੱਚਾ ਛੀਨੀਵਾਲ ਪਰਿਵਾਰ ਦੇਸ਼-ਵਿਦੇਸ਼ ਵਿੱਚ ਬੁਲੰਦੀਆਂ ਨੂੰ ਛੋਹ ਰਿਹਾ ਹੈ।ਇਸ ਮੌਕੇ ਭਾਈ ਰਾਜਿੰਦਰ ਸਿੰਘ ਛੀਨੀਵਾਲ, ਜਥੇ: ਪ੍ਰਿਤਪਾਲ ਸਿੰਘ ਛੀਨੀਵਾਲ ਨੇ ਸਮੂਹ ਸੰਗਤਾਂ ਦਾ ਧੰਨਵਾਦ ਕਰਦਿਆਂ ਗਿਆਨੀ ਹਰਭਜਨ ਸਿੰਘ ਢੁੱਡੀਕੇ, ਸੰਤ ਘੁੰਨਸ ਸਮੇਤ ਵੱਖ-ਵੱਖ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ।ਇਸ ਮੌਕੇ ਅਮਰ ਸਿੰਘ ਬੀ ਏ ਭਦੌੜ, ਅਵਤਾਰ ਸਿੰਘ ਅਣਖੀ, ਬਾਬਾ ਸਤਪਾਲ ਸਿੰਘ, ਭਾਈ ਹਰਦੀਪ ਸਿੰਘ ਤਖਤ ਸ੍ਰੀ ਦਮਦਮਾ ਸਾਹਿਬ, ਜਥੇਦਾਰ ਗੁਰਮੇਲ ਸਿੰਘ ਛੀਨੀਵਾਲ, ਅਜੀਤ ਸਿੰਘ ਕੁਤਬਾ, ਡਾ: ਸੁਖਵਿੰਦਰ ਸਿੰਘ ਨਿਹਾਲੂਵਾਲ, ਬਲਦੇਵ ਸਿੰਘ ਗਾਗੇਵਾਲ, ਰਾਗੀ ਜਸਵੰਤ ਸਿੰਘ ਕੈਨੇਡਾ, ਅਮਰੀਕ ਸਿੰਘ ਯੂ ਐਸ ਏ, ਗੁਰਪ੍ਰੀਤ ਸਿੰਘ ਚੀਨਾ, ਹਰੀ ਸਿੰਘ ਕਟੈਹਰੀਆ, ਡੀ ਪੀ ਕਰਨੈਲ ਸਿੰਘ ਗਹਿਲ, ਬਾਬਾ ਸ਼ੇਰ ਸਿੰਘ ਖ਼ਾਲਸਾ, ਸੁਖਮਿੰਦਰ ਸਿੰਘ ਧੂਰਕੋਟ, ਕਿਸਾਨ ਆਗੂ ਸਰਬਜੀਤ ਸਿੰਘ ਧੂਰਕੋਟ, ਪ੍ਰਧਾਨ ਬਲਵੰਤ ਸਿੰਘ ਛੀਨੀਵਾਲ, ਬਲਜੀਤ ਸਿੰਘ ਜੇ ਈ, ਯਾਦਵਿੰਦਰ ਸਿੰਘ ਲਾਡੀ, ਪਰਮਿੰਦਰ ਸਿੰਘ ਢੀਂਡਸਾ, ਬਲਵੀਰ ਸਿੰਘ ਮਠਾੜੂ, ਟਿੱਕਾ ਸਿੰਘ, ਗੁਰਪ੍ਰੀਤ ਸਿੰਘ ਚੁਹਾਣਕੇ, ਪ੍ਰਧਾਨ ਯਾਦਵਿੰਦਰ ਸਿੰਘ, ਜੋਗਿੰਦਰ ਸਿੰਘ, ਡਾ: ਦਰਸ਼ਨ ਕੁਮਾਰ, ਭਾਈ ਇਕਬਾਲ ਸਿੰਘ, ਬਾਬਾ ਭੁਪਿੰਦਰਪਾਲ ਸ਼ਰਮਾ ਆਦਿ ਆਗੂ ਹਾਜ਼ਰ ਸਨ।

---

AXIS BANK

**Retail Assets Center:** AXIS Bank Ltd. "2nd and 3rd Floor, Property No. 7-E, Malhar Road, Saraabha Nagar, Ludhiana -141001.
**Corporate Office:** 3rd Floor, Block-B, Bombay Dyeing Mills Compound, Pandurang Budhakar Marg, Worli, Mumbai-400 025
**Registered Office:** 'Trishul', 3rd floor, opposite Samartheswar Temple, Law garden, Ellisbridge, Ahmedabad-380006

**ਸਕਿਊਰਟਾਇਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ ਐਕਟ 2002 ਦੇ ਸੈਕਸ਼ਨ 13 (2) ਦੀ ਪਾਲਣਾ 'ਚ ਜਨਤਕ ਨੋਟਿਸ**

ਆਮ ਜਨਤਾ ਦੀ ਜਾਣਕਾਰੀ ਹਿੱਤ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਐਕਸਿਸ ਬੈਂਕ ਲਿਮਟਿਡ ਤੋਂ ਵਿੱਤੀ ਸਹਾਇਤਾ ਪ੍ਰਾਪਤ ਕੀਤੀ ਸੀ। ਅਸੀਂ ਦੱਸਦੇ ਹਾਂ ਕਿ ਵਿੱਤੀ ਸਹੂਲਤ ਪ੍ਰਾਪਤ ਕਰਨ ਦੇ ਬਾਵਜੂਦ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਨਿਰਧਾਰਤ ਮਿਤੀ 'ਤੇ ਮੂਲ ਅਤੇ ਵਿਆਜ ਦੀ ਅਦਾਇਗੀ ਕਰਨ 'ਚ ਅਨੇਕਾਂ ਭੁੱਲਾਂ ਕੀਤੀਆਂ ਹਨ। ਨਤੀਜੇ ਵਜੋਂ ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ ਹਦਾਇਤਾਂ/ਦਿਸ਼ਾ ਨਿਰਦੇਸ਼ਾਂ ਅਨੁਸਾਰ ਅਜਿਹੇ ਖਾਤੇ ਨਾਨ-ਪ੍ਰਫਾਰਮਿੰਗ ਐੱਸਟ ਵਰਗੀਕ੍ਰਿਤ ਕਰ ਦਿੱਤੇ ਗਏ ਹਨ। ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਸਰਫੇਸੀ ਐਕਟ 2002 ਦੇ ਸੈਕਸ਼ਨ 13 (2) ਤਹਿਤ ਨੋਟਿਸ ਜਾਰੀ ਕੀਤੇ ਗਏ ਸਨ, ਬੇਸ਼ੱਕ ਇਹ ਨੋਟਿਸ ਬਿਨਾਂ ਤਾਮੀਲ ਦੇ ਵਾਪਸ ਆ ਗਏ ਅਤੇ ਅਜਿਹੇ 'ਚ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਗਈ ਹੈ।

| ਲੜੀ ਨੰ. | ਕਰਜ਼ਦਾਰ, ਸਹਿ-ਕਰਜ਼ਦਾਰ ਅਤੇ ਗਰੰਟਰ ਦਾ ਨਾਂਅ/ਕਾਨੂੰਨੀ ਵਾਰਿਸ | ਐੱਨ ਪੀ ਏ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਕਮ (ਨੋਟਿਸ ਦੀ ਮਿਤੀ ਨੂੰ) | ਕਰਜ਼ਾ ਰਕਮ ਮਨਜ਼ੂਰ/ਭੁਗਤਾਨ |
|---|---|---|---|---|---|
| 1. | 1. ਸ੍ਰੀ ਪਾਰਥ ਪੁੱਤਰ ਮਹੇਸ਼ ਕੁਮਾਰ (ਕਰਜ਼ਦਾਰ) ਅਤੇ 2. ਸ੍ਰੀਮਤੀ ਕਾਜਲ ਪਤਨੀ ਮਹੇਸ਼ ਕੁਮਾਰ (ਸਹਿ-ਕਰਜ਼ਦਾਰ/ਰਹਿਣਕਾਰ) | 28-Jan-2026 | 23-Feb-2026 | Rs. 22,35,650.74 (ਬਾਈ ਲੱਖ ਪੈਂਤੀ ਹਜ਼ਾਰ ਛੇ ਸੌ ਪੰਜਾਹ ਰੁਪਏ ਅਤੇ ਚੌਹੱਤਰ ਪੈਸੇ ਕੇਵਲ) | 1. ਰੁਪਏ 16,70,484/- ਦੀ ਪਾਵਰ ਹੋਮ ਲੋਨ "ਸਹੂਲਤ" ਅਤੇ 2. ਰੁਪਏ 5,52,253/- ਦੀ ਪਾਵਰ ਹੋਮ ਲੋਨ ਸਹੂਲਤ |

**ਸਕਿਓਰਡ ਐੱਸਟਸ ਦਾ ਜਾਇਦਾਦੀ ਪਤਾ**

ਰਿਹਾਇਸ਼ੀ ਜਾਇਦਾਦ/ਮਕਾਨ ਪਲਾਟ ਨੰ. 186 ਰਕਬਾ 97.77 ਵਰਗ ਗਜ਼, ਖਸਰਾ ਨੰ. 14//14 ਮਿੰਨ, 14//17/2, 14//13, 14//14 ਮਿੰਨ ਪੂਰਬੀ, 14//15/1, 14//19/1, 16//14/1, 16//10/2, 16//7, 16//18/1, 23//4/1, 23//4/2, 23//5, 22//7/1, 5//23/3 ਮਿੰਨ, 5//24/2, 16//8, 5//25/2, 16//13, 16//7, 16//24/2, 5//23/3 ਮਿੰਨ, 16//3, 16//4, 16//5, 14//25/2 ਖੇਵਟ ਖਤੌਨੀ ਨੰ. 717/1088 ਤੋਂ 1091, 721/1100 ਤੋਂ 1107, ਜਮ੍ਹਾਂਬੰਦੀ ਸਾਲ 2017-18 ਨਾਲ ਸੰਬੰਧਤ ਸਭ ਕੁੱਝ। ਵਾਕਿਆ ਪਿੰਡ ਫਤਾਹਪੁਰ, ਅਬਾਦੀ ਦਸ਼ਮੇਸ਼ ਵਿਹਾਰ, ਪੰਨੂੰ ਡੇਅਰੀ ਵਾਲੀ ਗਲੀ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ, ਸ੍ਰੀਮਤੀ ਕਾਜਲ ਪਤਨੀ ਸ੍ਰੀ ਮਹੇਸ਼ ਕੁਮਾਰ ਦੇ ਨਾਂਅ 'ਤੇ ਰਜਿਸਟਰਡ ਬੈਨਾਮਾ ਦਸਤਾਵੇਜ਼ ਨੰ. 2023-24/93/1/2928 ਮਿਤੀ 14 ਜੂਨ 2023 ਅਨੁਸਾਰ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਪਲਾਟ ਨੰ. 168, ਪੱਛਮ : ਲਾਂਘਾ, ਉੱਤਰ : ਪਲਾਟ ਨੰ. 185, ਦੱਖਣ : ਪਲਾਟ ਨੰ. 187

| ਲੜੀ ਨੰ. | ਕਰਜ਼ਦਾਰ, ਸਹਿ-ਕਰਜ਼ਦਾਰ ਅਤੇ ਗਰੰਟਰ ਦਾ ਨਾਂਅ/ਕਾਨੂੰਨੀ ਵਾਰਿਸ | ਐੱਨ ਪੀ ਏ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਕਮ (ਨੋਟਿਸ ਦੀ ਮਿਤੀ ਨੂੰ) | ਕਰਜ਼ਾ ਰਕਮ ਮਨਜ਼ੂਰ/ਭੁਗਤਾਨ |
|---|---|---|---|---|---|
| 2. | (1) ਸ੍ਰੀ ਗਗਨ ਦੀਪ ਪੁੱਤਰ ਸ੍ਰੀ ਬਲਰਾਮ ਕੁਮਾਰ (ਕਰਜ਼ਦਾਰ) ਅਤੇ (2) ਸ੍ਰੀਮਤੀ ਕੈਲਾਸ਼ ਰਾਣੀ ਪਤਨੀ ਸ੍ਰੀ ਬਲਰਾਮ ਕੁਮਾਰ (ਸਹਿ-ਕਰਜ਼ਦਾਰ/ਰਹਿਣਕਾਰ) (3) ਸ੍ਰੀ ਅਮਨਦੀਪ ਪੁੱਤਰ ਬਲਰਾਮ ਕੁਮਾਰ (ਸਹਿ-ਕਰਜ਼ਦਾਰ) | 08-Feb-2026 | 25-Feb-2026 | Rs. 42,99,893/- (ਬਤਾਲੀ ਲੱਖ ਨੜਿਨਵੇ ਹਜ਼ਾਰ ਅੱਠ ਸੌ ਤਿਰਾਨਵੇ ਰੁਪਏ ਕੇਵਲ) | 1. ਐੱਲ ਪੀ ਆਰ 0685-02899329 ਰੁਪਏ 43,00,000/- (ਤਿਰਤਾਲੀ ਲੱਖ ਰੁਪਏ ਕੇਵਲ) ਦੀ ਐੱਸਟ ਪਾਵਰ ਲੋਨ ਸਹੂਲਤ ਅਤੇ 2. ਐੱਲ ਟੀ ਆਰ 068504-988874 'ਚ ਰੁਪਏ 8,25,000/- (ਅੱਠ ਲੱਖ ਪੱਚੀ ਹਜ਼ਾਰ ਰੁਪਏ ਕੇਵਲ) ਦੀ ਐੱਸਟ ਪਾਵਰ ਲੋਨ ਸਹੂਲਤ |

**ਸਕਿਓਰਡ ਐੱਸਟਸ ਦਾ ਜਾਇਦਾਦੀ ਪਤਾ**

ਰਿਹਾਇਸ਼ੀ ਜਾਇਦਾਦ/ਪਲਾਟ 'ਤੇ ਨਿਰਮਿਤ ਮਕਾਨ ਪ੍ਰਾਈਵੇਟ ਨੰ. 29, ਰਕਬਾ 274 ਵਰਗ ਗਜ਼, ਖਸਰਾ ਨੰ. 203 ਮਿੰਨ, ਖੱਤਾ/ਖਤੌਨੀ ਨੰ. 68/180, ਹੱਦਬਸਤ ਨੰ. 381, ਜਮ੍ਹਾਂਬੰਦੀ ਸਾਲ 2006-2007 ਕਾਲਾ ਘਣੂਪੁਰ ਵਿਖੇ ਸਥਿਤ, ਅਰਬਨ ਅਬਾਦੀ ਪ੍ਰੋਫੈਸਰ ਕਲੋਨੀ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁੱਝ, ਸ੍ਰੀਮਤੀ ਕੈਲਾਸ਼ ਰਾਣੀ ਪਤਨੀ ਬਲਰਾਮ ਕੁਮਾਰ ਦੇ ਨਾਂਅ ਰਜਿਸਟਰਡ ਬੈਨਾਮਾ ਵਸੀਕਾ ਨੰ. 20266 ਮਿਤੀ 12.12.2012 ਅਨੁਸਾਰ। ਹੱਦਾਂ (ਟਾਈਟਲ ਬੈਨਾਮੇ ਅਨੁਸਾਰ) ਪੂਰਬ : ਹੋਰ, ਪੱਛਮ : ਪਲਾਟ ਨੰ. 31 ਅਤੇ ਗਲੀ 18' ਚੌੜੀ, ਉੱਤਰ : ਹੋਰ, ਦੱਖਣ : ਪਲਾਟ ਨੰ. 26

| ਲੜੀ ਨੰ. | ਕਰਜ਼ਦਾਰ, ਸਹਿ-ਕਰਜ਼ਦਾਰ ਅਤੇ ਗਰੰਟਰ ਦਾ ਨਾਂਅ/ਕਾਨੂੰਨੀ ਵਾਰਿਸ | ਐੱਨ ਪੀ ਏ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਕਮ (ਨੋਟਿਸ ਦੀ ਮਿਤੀ ਨੂੰ) | ਕਰਜ਼ਾ ਰਕਮ ਮਨਜ਼ੂਰ/ਭੁਗਤਾਨ |
|---|---|---|---|---|---|
| 3. | (1) ਸ੍ਰੀਮਤੀ ਲਕਸ਼ਮੀ ਪਤਨੀ ਪ੍ਰਕਾਸ਼ (ਕਰਜ਼ਦਾਰ/ਰਹਿਣਕਾਰ ਅਤੇ) (2) ਸ੍ਰੀ ਪ੍ਰਕਾਸ਼ ਪੁੱਤਰ ਬਾਬੂ ਲਾਲ (ਸਹਿ-ਕਰਜ਼ਦਾਰ) | 08-Feb-2026 | 23-Feb-2026 | Rs. 17,03,831/- (ਸਤਾਰਾ ਲੱਖ ਤਿੰਨ ਹਜ਼ਾਰ ਅੱਠ ਸੌ ਇਕੱਤੀ ਰੁਪਏ ਕੇਵਲ) | Rs. 16,82,700/- (ਸੋਲਾਂ ਲੱਖ ਬਿਆਸੀ ਹਜ਼ਾਰ ਸੱਤ ਸੌ ਰੁਪਏ ਕੇਵਲ) |

**ਸਕਿਓਰਡ ਐੱਸਟਸ ਦਾ ਜਾਇਦਾਦੀ ਪਤਾ**

ਰਿਹਾਇਸ਼ੀ ਜਾਇਦਾਦ/ਮਕਾਨ ਰਕਬਾ 3.25 ਮਰਲਾ ਖਸਰਾ ਨੰ. 239, 241, 242, 243, 236 ਖੇਵਟ/ਖਤੌਨੀ ਨੰ. 411/434, 412/435, ਜਮ੍ਹਾਂਬੰਦੀ ਸਾਲ 2017-2018, ਅਬਾਦੀ ਸਾਈ ਕਲੋਨੀ, ਗੁਰੂ ਨਾਨਕ ਨਗਰ, ਬਸਤੀ ਦਾਨਿਸ਼ਮੰਦਾਂ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁੱਝ, ਸ੍ਰੀਮਤੀ ਲਕਸ਼ਮੀ ਪਤਨੀ ਪ੍ਰਕਾਸ਼ ਦੇ ਨਾਂਅ ਰਜਿਸਟਰਡ ਬੈਨਾਮਾ ਦਸਤਾਵੇਜ਼ ਨੰ. 2021-22/187/1/10117 ਮਿਤੀ 04.02.2022 ਅਨੁਸਾਰ। ਹੱਦਾਂ ਬੈਨਾਮੇ ਅਨੁਸਾਰ ਪੂਰਬ : ਮਕਾਨ ਦਾ ਬਾਕੀ ਹਿੱਸਾ- ਦੀਪਕ ਕੁਮਾਰ, ਪੱਛਮ : ਸੰਤੋਸ਼ ਸਿੰਘ ਦਾ ਮਕਾਨ, ਉੱਤਰ : ਸੜਕ, ਦੱਖਣ : ਹੋਰਾਂ ਦਾ ਪਲਾਟ

| ਲੜੀ ਨੰ. | ਕਰਜ਼ਦਾਰ, ਸਹਿ-ਕਰਜ਼ਦਾਰ ਅਤੇ ਗਰੰਟਰ ਦਾ ਨਾਂਅ/ਕਾਨੂੰਨੀ ਵਾਰਿਸ | ਐੱਨ ਪੀ ਏ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਕਮ (ਨੋਟਿਸ ਦੀ ਮਿਤੀ ਨੂੰ) | ਕਰਜ਼ਾ ਰਕਮ ਮਨਜ਼ੂਰ/ਭੁਗਤਾਨ |
|---|---|---|---|---|---|
| 4. | (1) ਸ੍ਰੀ ਪਰਮਿੰਦਰ ਸਿੰਘ ਪੁੱਤਰ ਗੁਰਬਚਨ ਸਿੰਘ (ਕਰਜ਼ਦਾਰ) ਅਤੇ (2) ਸ੍ਰੀਮਤੀ ਮਲਕੀਤ ਕੌਰ ਪਤਨੀ ਪਰਮਿੰਦਰ ਸਿੰਘ (ਸਹਿ-ਕਰਜ਼ਦਾਰ/ਰਹਿਣਕਾਰ) | 28-Jan-2026 | 23-Feb-2026 | Rs. 14,40,122/- (ਚੌਦਾਂ ਲੱਖ ਚਾਲੀ ਹਜ਼ਾਰ ਇੱਕ ਸੌ ਬਾਈ ਰੁਪਏ ਕੇਵਲ) | Rs. 18,10,000/- (ਅਠਾਰਾਂ ਲੱਖ ਦਸ ਹਜ਼ਾਰ ਰੁਪਏ ਕੇਵਲ) |

**ਸਕਿਓਰਡ ਐੱਸਟਸ ਦਾ ਜਾਇਦਾਦੀ ਪਤਾ**

ਰਿਹਾਇਸ਼ੀ ਜਾਇਦਾਦ/ਮਕਾਨ ਨੰ. 8-ਬੀ, ਮੌਜੂਦਾ ਨੰ. ਐੱਲ-1/1151 (ਯੂ ਆਈ ਡੀ-ਨੰ. ਜੀ-4/13549) ਰਕਬਾ 60 ਵਰਗ ਗਜ਼ (ਸਾਈਟ ਅਨੁਸਾਰ 65.2 ਵਰਗ ਗਜ਼), ਖਸਰਾ ਨੰ. 742 ਮਿੰਨ, ਵਾਕਿਆ ਸੁਲਤਾਨਵਿੰਡ ਅਰਬਨ ਅਬਾਦੀ, ਗੁਰਨਾਮ ਨਗਰ, ਗਲੀ ਮੀਤ ਵਾਲੀ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁੱਝ। ਸ੍ਰੀਮਤੀ ਮਲਕੀਤ ਕੌਰ ਪਤਨੀ ਪਰਮਿੰਦਰ ਸਿੰਘ ਦੇ ਨਾਂਅ ਰਜਿਸਟਰਡ, ਬੈਨਾਮਾ 2020-21/189/1/5879 ਮਿਤੀ 31 ਦਸੰਬਰ 2020 ਅਨੁਸਾਰ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਗਲੀ 16' ਚੌੜੀ, ਪੱਛਮ : ਹੋਰ ਮਾਲਕ, ਉੱਤਰ : ਹੋਰ ਮਾਲਕ/ਐੱਲ-1/1152, ਦੱਖਣ : ਹੋਰ ਮਾਲਕ ਐੱਲ/21/1150

| ਲੜੀ ਨੰ. | ਕਰਜ਼ਦਾਰ, ਸਹਿ-ਕਰਜ਼ਦਾਰ ਅਤੇ ਗਰੰਟਰ ਦਾ ਨਾਂਅ/ਕਾਨੂੰਨੀ ਵਾਰਿਸ | ਐੱਨ ਪੀ ਏ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਕਮ (ਨੋਟਿਸ ਦੀ ਮਿਤੀ ਨੂੰ) | ਕਰਜ਼ਾ ਰਕਮ ਮਨਜ਼ੂਰ/ਭੁਗਤਾਨ |
|---|---|---|---|---|---|
| 5. | (1) ਸ੍ਰੀ ਲਵਪ੍ਰੀਤ ਸਿੰਘ ਪੁੱਤਰ ਮਨਜੀਤ ਸਿੰਘ (ਕਰਜ਼ਦਾਰ) ਅਤੇ ਸ੍ਰੀਮਤੀ ਨਵਜੋਤ ਕੌਰ ਪਤਨੀ ਲਵਪ੍ਰੀਤ ਸਿੰਘ (ਸਹਿ-ਕਰਜ਼ਦਾਰ ਅਤੇ ਰਹਿਣਕਾਰ) | 08-Feb-2026 | 23-Feb-2026 | Rs. 22,15,372/- (ਬਾਈ ਲੱਖ ਪੰਦਰਾਂ ਹਜ਼ਾਰ ਤਿੰਨ ਸੌ ਬਹੱਤਰ ਰੁਪਏ ਕੇਵਲ) | Rs. 22,00,000/- (ਬਾਈ ਲੱਖ ਰੁਪਏ ਕੇਵਲ) |

**ਸਕਿਓਰਡ ਐੱਸਟਸ ਦਾ ਜਾਇਦਾਦੀ ਪਤਾ**

ਰਿਹਾਇਸ਼ੀ ਜਾਇਦਾਦ/ਮਕਾਨ ਪ੍ਰਾਈਵੇਟ ਨੰ. 281 ਰਕਬਾ 78.83 ਵਰਗ ਗਜ਼, ਖਸਰਾ ਨੰ. 491, 492, ਖੇਵਟ/ਖਤੌਨੀ ਨੰ. 631/1504, ਜਮ੍ਹਾਂਬੰਦੀ ਸਾਲ 2015-16, ਵਾਕਿਆ ਸੁਲਤਾਨਵਿੰਡ ਸਬ-ਅਰਬਨ ਤਰਫ ਮਾਹਲ-2 ਵਿਖੇ ਸਥਿਤ, ਅਬਾਦੀ ਰੈਅਮੰਡ ਸਿਟੀ (ਡਾਇਮੰਡ ਸਿਟੀ) ਤਹਿਸੀਲ ਅੰਮ੍ਰਿਤਸਰ-1, ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁੱਝ। ਸ੍ਰੀਮਤੀ ਨਵਜੋਤ ਕੌਰ ਪਤਨੀ ਸ੍ਰੀ ਲਵਪ੍ਰੀਤ ਸਿੰਘ ਦੇ ਨਾਂਅ ਰਜਿਸਟਰਡ ਬੈਨਾਮਾ ਦਸਤਾਵੇਜ਼ ਨੰ. 2023-24/89/1/6653 ਮਿਤੀ 29 ਨਵੰਬਰ 2023 ਅਨੁਸਾਰ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਸੁਖਬੀਰ ਸਿੰਘ ਦਾ ਪਲਾਟ ਨੰ. 282, ਪੱਛਮ : ਮਨਦੀਪ ਸਿੰਘ ਦਾ ਪਲਾਟ ਨੰ. 280, ਉੱਤਰ : ਲਾਂਘਾ 20', ਦੱਖਣ : ਕੁਲਦੀਪ ਦਾ ਪਲਾਟ ਨੰ. 279-ਸੀ

| ਲੜੀ ਨੰ. | ਕਰਜ਼ਦਾਰ, ਸਹਿ-ਕਰਜ਼ਦਾਰ ਅਤੇ ਗਰੰਟਰ ਦਾ ਨਾਂਅ/ਕਾਨੂੰਨੀ ਵਾਰਿਸ | ਐੱਨ ਪੀ ਏ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਕਮ (ਨੋਟਿਸ ਦੀ ਮਿਤੀ ਨੂੰ) | ਕਰਜ਼ਾ ਰਕਮ ਮਨਜ਼ੂਰ/ਭੁਗਤਾਨ |
|---|---|---|---|---|---|
| 6. | (1) ਸ੍ਰੀ ਜਸਪਾਲ ਪੁੱਤਰ ਹਰੀਪਾਲ (ਕਰਜ਼ਦਾਰ/ਰਹਿਣਕਾਰ) ਅਤੇ (2) ਸ੍ਰੀਮਤੀ ਰੀਟਾ ਪਤਨੀ ਜਸਪਾਲ (ਸਹਿ-ਕਰਜ਼ਦਾਰ) | 08-Feb-2026 | 23-Feb-2026 | ਰੁਪਏ 7,79,809/- (ਸੱਤ ਲੱਖ ਉਨਾਸੀ ਹਜ਼ਾਰ ਅੱਠ ਸੌ ਨੌ ਰੁਪਏ ਕੇਵਲ) | Rs. 8,45,845/- (ਅੱਠ ਲੱਖ ਪੰਤਾਲੀ ਹਜ਼ਾਰ ਅੱਠ ਸੌ ਪੰਤਾਲੀ ਰੁਪਏ ਕੇਵਲ) |

**ਸਕਿਓਰਡ ਐੱਸਟਸ ਦਾ ਜਾਇਦਾਦੀ ਪਤਾ**

ਰਿਹਾਇਸ਼ੀ ਜਾਇਦਾਦ/ਮਕਾਨ ਯੂ ਆਈ ਡੀ ਨੰ. ਪੀ ਐੱਚ 05 ਬੀ 0346 ਰਕਬਾ 05 ਮਰਲੇ ਖਸਰਾ ਨੰ. 66/4-17, 67/10-4, 68/5-19, 69/4-1, 70/3-1, 72/1-17, 73/3-11, 76/2-14, 77/3-1, 78/0-12, 80/8-1, 81/2-2, 4751/4753/71/1-16, 4752/71/1-18, 4755/82/0-5, 4756/82/7-4, 61/8-1 ਕਿੱਤੇ-17, ਖੱਤਾ ਨੰ. 1371/2031-2032, ਜਮ੍ਹਾਂਬੰਦੀ ਸਾਲ 2018-19, ਵਾਕਿਆ ਰਕਬਾ ਫਗਵਾੜਾ ਸ਼ਰਕੀ, ਐੱਸ ਪੀ ਕਲੋਨੀ, ਗੁਰੂ ਨਾਨਕ ਨਿਊ ਐਵੇਨਿਊ ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ ਨਾਲ ਸੰਬੰਧਤ ਸਭ ਕੁੱਝ। ਸ੍ਰੀ ਜੈ ਜਸਪਾਲ ਪੁੱਤਰ ਹਰੀ ਪਾਲ ਦੇ ਨਾਂਅ ਰਜਿਸਟਰਡ, ਬੈਨਾਮਾ ਦਸਤਾਵੇਜ਼ ਨੰ. 2023-24/32/1/4172 ਮਿਤੀ 7 ਫਰਵਰੀ 2024 ਅਨੁਸਾਰ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਸੜਕ, ਪੱਛਮ : ਹੋਰਾਂ ਦੀ ਜਾਇਦਾਦ, ਉੱਤਰ : ਮਹਿੰਦਰ ਕੌਰ ਦਾ ਪਲਾਟ, ਦੱਖਣ : ਹਰਜਿੰਦਰ ਕੌਰ ਦਾ ਮਕਾਨ।

ਇਸ ਲਈ ਇਹ ਜਨਤਕ ਨੋਟਿਸ ਸਿੱਧੇ ਸੰਚਾਰ ਹਿੱਤ ਜਾਰੀ ਕੀਤਾ ਗਿਆ ਹੈ।
ਕਰਜ਼ਦਾਰਾਂ ਅਤੇ/ਜਾਂ ਉਨ੍ਹਾਂ ਦੇ ਗਰੰਟਰਾਂ, ਜਿੱਥੇ ਲਾਗੂ ਹੈ, ਨੂੰ ਬਕਾਇਆ ਰਕਮ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੱਤਾ ਗਿਆ ਹੈ। ਅਸਫਲ ਰਹਿਣ 'ਤੇ 60 ਦਿਨਾਂ ਦਾ ਸਮਾਂ ਗੁਜ਼ਰ ਜਾਣ ਤੋਂ ਬਾਅਦ ਸਕਿਉਰਟਾਇਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ ਐਕਟ 2002 ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਤਹਿਤ ਅਗਲੇ ਕਦਮ ਉਠਾਏ ਜਾਣਗੇ। ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਤਹਿਤ ਉਨ੍ਹਾਂ ਦੇ ਅਧਿਕਾਰਾਂ ਸੰਬੰਧੀ ਕਰਜ਼ਦਾਰਾਂ ਨੂੰ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦਾ ਹਵਾਲਾ ਲੈਣ ਲਈ ਕਿਹਾ ਜਾਂਦਾ ਹੈ।
ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਐਕਟ ਦੇ ਸੈਕਸ਼ਨ 13 (13) ਅਧੀਨ ਕਰਜ਼ਦਾਰ ਇਸ ਨੋਟਿਸ ਦੇ ਹਵਾਲੇ ਵਾਲੇ ਉਸ ਦੇ ਸਕਿਓਰਡ ਐੱਸਟ, ਸਕਿਓਰਡ ਕ੍ਰੈਡਿਟਰ ਦੀ ਅਗਾਊਂ ਲਿਖਤੀ ਮਨਜ਼ੂਰੀ ਤੋਂ ਬਿਨਾਂ, ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਤਬਦੀਲ ਨਹੀਂ ਕਰ ਸਕਦਾ।

ਮਿਤੀ : 14.03.2026 — ਸਹੀ/-
ਸਥਾਨ : ਪੰਜਾਬ — (ਅਧਿਕਾਰਤ ਅਫ਼ਸਰ), ਐਕਸਿਸ ਬੈਂਕ ਲਿਮਟਿਡ

---

## ਉੱਤਰ ਰੇਲਵੇ

ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉੱਤਰ ਰੇਲਵੇ, ਫਿਰੋਜ਼ਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ, ਉੱਤਰ ਰੇਲਵੇ ਫਿਰੋਜ਼ਪੁਰ ਮੰਡਲ ਦੇ ਹੇਠਾਂ ਲਿਖਤ ਰੇਲਵੇ ਸਟੇਸ਼ਨਾਂ ਦੇ ਲਈ ਤੈਅ ਐਸਟੀਬੀਏ (ਸਟੇਸ਼ਨ ਟਿਕਟ ਬੁਕਿੰਗ ਏਜੰਟ) ਕੰਮ ਦੇ ਲਈ ਤੈਅ ਸਿੰਗਲ ਪੈਕੇਟ ਮੁਹਰਬੰਦ ਦਰਖਾਸਤਾਂ ਦੀ ਮੰਗ ਕਰਦੇ ਹਨ:-

| ਲ.ਨੰ. | ਸਟੇਸ਼ਨ ਦਾ ਨਾਮ | ਸਟੇਸ਼ਨ ਦਾ ਕੋਡ | ਸਟੇਸ਼ਨ ਦੀ ਸ਼੍ਰੇਣੀ/ਵਰਗ | ਅਰਨੇਸਟ ਮਨੀ (ਰੁਪੈ ਵਿਚ) | ਨਿਵਿਦਾ ਫਾਰਮ (ਰੁਪੈ ਵਿਚ) | ਕਾਂਟਰੈਕਟ ਦਾ ਸਮਾਂ |
|---|---|---|---|---|---|---|
| 1 | ਬਦੋਵਾਲ | BWZ | NSG-6 | 2000/- | 1180/- | ਤਿੰਨ ਸਾਲ |
| 2 | ਬੰਗਾ | BXB | NSG-6 | 2000/- | 1180/- | ਤਿੰਨ ਸਾਲ |
| 3 | ਚਿਹੇੜੂ | CEU | NSG-6 | 2000/- | 1180/- | ਤਿੰਨ ਸਾਲ |
| 4 | ਚੌਕੀਮਾਨ | CKM | NSG-6 | 2000/- | 1180/- | ਤਿੰਨ ਸਾਲ |
| 5 | ਗਿਦੜਪਿੰਡੀ | GOD | NSG-6 | 2000/- | 1180/- | ਤਿੰਨ ਸਾਲ |
| 6 | ਹਮੀਰਾ | HMR | NSG-6 | 2000/- | 1180/- | ਤਿੰਨ ਸਾਲ |
| 7 | ਜੰਡਿਯਾਲਾ | JNL | NSG-6 | 2000/- | 1180/- | ਤਿੰਨ ਸਾਲ |
| 8 | ਖੋਜੇਵਾਲਾ | KWJ | NSG-6 | 2000/- | 1180/- | ਤਿੰਨ ਸਾਲ |
| 9 | ਲਾਡੋਵਾਲ | LDW | NSG-6 | 2000/- | 1180/- | ਤਿੰਨ ਸਾਲ |
| 10 | ਨਸਰਾਲਾ | NAS | NSG-6 | 2000/- | 1180/- | ਤਿੰਨ ਸਾਲ |
| 11 | ਰੋਮਾਣਾ ਅਲਬੇਲ ਸਿੰਘ | RLS | NSG-6 | 2000/- | 1180/- | ਤਿੰਨ ਸਾਲ |
| 12 | ਸੁੱਚੀ ਪਿੰਡ | SCPD | NSG-6 | 2000/- | 1180/- | ਤਿੰਨ ਸਾਲ |
| 13 | ਸੁਰਾਨੁੱਸੀ | SRX | NSG-6 | 2000/- | 1180/- | ਤਿੰਨ ਸਾਲ |
| 14 | ਟਾਂਗਰਾ | TRA | NSG-6 | 2000/- | 1180/- | ਤਿੰਨ ਸਾਲ |
| 15 | ਗੋਲੇਵਾਲਾ | GHA | NSG-6 | 2000/- | 1180/- | ਤਿੰਨ ਸਾਲ |
| 16 | ਮੁਲਾਂਪੁਰ | MLX | NSG-6 | 2000/- | 1180/- | ਤਿੰਨ ਸਾਲ |
| 17 | ਫਿਰੋਜਸ਼ਾਹ | PHS | NSG-6 | 2000/- | 1180/- | ਤਿੰਨ ਸਾਲ |
| 18 | ਕਠੂਨੰਗਲ | KNG | NSG-6 | 2000/- | 1180/- | ਤਿੰਨ ਸਾਲ |
| 19 | ਮਾਹਲਮ | MFM | NSG-6 | 2000/- | 1180/- | ਤਿੰਨ ਸਾਲ |
| 20 | ਭਗਤਾਂਵਾਲਾ | BGTN | NSG-6 | 2000/- | 1180/- | ਤਿੰਨ ਸਾਲ |
| 21 | ਗੋਰਾਯਾ | GRY | NSG-6 | 2000/- | 1180/- | ਤਿੰਨ ਸਾਲ |
| 22 | ਬਿਲਗਾ | BZG | NSG-6 | 2000/- | 1180/- | ਤਿੰਨ ਸਾਲ |
| 23 | ਗੋਨੇਆਣਾ ਭਾਈ ਜਗਤਾ | GNA | NSG-5 | 5000/- | 1180/- | ਤਿੰਨ ਸਾਲ |
| 24 | ਲੋਹਿਯਾਂ ਖਾਸ | LNK | NSG-5 | 5000/- | 1180/- | ਤਿੰਨ ਸਾਲ |

ਐਸਟੀਬੀਏ ਕੰਮ ਲਈ ਬੋਲੀ ਦਰਖਾਸਤ ਕੇਵਲ ਮੁਹਰਬੰਦ ਪੈਕੇਟ ਵਿਚ ਵਾਣਿਜ ਬ੍ਰਾਂਚ, ਡੀਆਰਐਮ ਦਫਤਰ, ਫਿਰੋਜ਼ਪੁਰ ਕੈਂਟ ਵਿਚ ਮਿਤੀ 08.04.2026 (ਬੁਧਵਾਰ) ਨੂੰ ਸਵੇਰੇ 10:00 ਵਜੇ ਤੋਂ ਦੁਪਹਿਰ 3:00 ਵਜੇ ਦੇ ਵਿਚ ਪ੍ਰਾਪਤ ਕੀਤੇ ਜਾਣਗੇ।
ਵਧੇਰੇ ਜਾਣਕਾਰੀ ਦੇ ਲਈ ਕਿਰਪਾ ਰੇਲਵੇ ਦੀ ਵੈਬਸਾਈਟ www.nr.indianrailways.gov.in ਵੇਖੋ।
ਨੰਬਰ MC/47000/STBA/Policy/2022 ਤਾਰੀਕ : 13.03.2026 — 858/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

---

SBI

**RETAIL ASSETS CENTRAL PROCESSING CENTRE (05296), CIVIL LINES, FOUNTAIN CHOWK, LUDHIANA**

**ਰੂਲ 8 (1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਨੇ ਸਟੇਟ ਬੈਂਕ ਆਫ ਇੰਡੀਆ, ਆਰ ਏ ਸੀ ਪੀ ਸੀ, ਸਿਵਲ ਲਾਈਨਜ਼, ਲੁਧਿਆਣਾ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਮਿਤੀ 'ਤੇ ਕਰਜ਼ਦਾਰਾਂ/ਗਰੰਟਰਾਂ ਨੂੰ ਉਕਤ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨੋਟਿਸਾਂ 'ਚ ਦਰਸਾਈ ਰਕਮ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ।

ਕਰਜ਼ਦਾਰ ਅਤੇ ਗਰੰਟਰ ਰਕਮ ਅਦਾ ਕਰਨ 'ਚ ਅਸਫਲ ਰਹੇ ਹਨ, ਜਾਇਦਾਦ ਦੇ ਕਰਜ਼ਦਾਰਾਂ, ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਹੇਠਾਂ ਦਰਸਾਏ ਖਾਤਿਆਂ ਵਿਰੁੱਧ ਇਨ੍ਹਾਂ ਮਿਤੀਆਂ ਨੂੰ ਕਬਜ਼ਾ ਹਾਸਲ ਕਰ ਲਿਆ ਹੈ।

ਖਾਸ ਕਰਕੇ ਕਰਜ਼ਦਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਜਾਣ ਲਈ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕਰਨ 'ਤੇ ਸਟੇਟ ਬੈਂਕ ਆਫ ਇੰਡੀਆ, ਆਰ ਏ ਸੀ ਪੀ ਸੀ, ਸਿਵਲ ਲਾਈਨਜ਼, ਲੁਧਿਆਣਾ ਵੱਲੋਂ ਹੇਠਾਂ ਦਰਸਾਈ ਕੁੱਲ ਰਕਮ ਜਮ੍ਹਾਂ ਇਸ ਉਪਰ ਭਵਿੱਖੀ ਵਿਆਜ ਅਤੇ ਲਾਗਤਾਂ ਆਦਿ ਵਸੂਲ ਕੀਤੀ ਜਾਵੇਗੀ।

ਉਪਲਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਕਰਜ਼ਦਾਰ/ਗਰੰਟਰ ਅਤੇ ਜਾਇਦਾਦ ਦੇ ਮਾਲਕ ਦਾ ਨਾਂਅ | ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਕਬਜ਼ੇ ਦੀ ਕਿਸਮ ਬਕਾਇਆ ਰਕਮ |
|---|---|---|---|---|
| (ਕਰਜ਼ਦਾਰ) : ਸ੍ਰੀਮਤੀ ਜਯੋਤੀ ਵਰਮਾ ਪਤਨੀ ਰੁਪਿੰਦਰ ਸਿੰਘ ਵਾਸੀ ਮਕਾਨ ਨੰ. 446, ਐੱਲ ਆਈ ਜੀ ਫਲੈਟਸ, ਵਾਰਡ ਨੰ. 60, ਅਰਬਨ ਅਸਟੇਟ, ਫੇਸ-1, ਡੁੱਗਰੀ, ਲੁਧਿਆਣਾ-141001 | ਸਮੁੱਚੀ ਜਾਇਦਾਦ/ ਮਕਾਨ/ ਪਲਾਟ ਦਾ ਅਟੁੱਟ ਹਿੱਸਾ, ਨੰ. 106, ਰਕਬਾ 125 ਵਰਗ ਗਜ਼, ਖਸਰਾ ਨੰ. 148, 150, 151, 153, 154, 141/3, 143/2, 144/2, 147/2, 155/2, | 15.07.2025 | 12.03.2026 | ਸੰਕੇਤਕ ਕਬਜ਼ਾ — ਰੁਪਏ 25,42,739/- (ਪੱਚੀ ਲੱਖ ਬਤਾਲੀ ਹਜ਼ਾਰ ਸੱਤ ਸੌ ਉਨਤਾਲੀ ਰੁਪਏ ਕੇਵਲ) ਵਿਆਜ 15/07/2025 ਤੱਕ ਲਾਗੂ, ਸਮੇਤ ਉਕਤ ਰਕਮ 'ਤੇ ਠੇਕਾ ਦਰ 'ਤੇ ਭਵਿੱਖੀ ਵਿਆਜ, ਅਚਨਚੇਤੀ ਖਰਚੇ, ਲਾਗਤਾਂ, ਚਾਰਜਿਸ ਆਦਿ 16/07/2025 ਤੋਂ ਲਾਗੂ ਦੇਣੇ ਪੈਣਗੇ। |

156/2, 244/2, ਖੱਤਾ ਨੰ. 71/2/55/72/1/1, ਖਸਰਾ ਨੰ. 239, 280, 283, 284, ਖੱਤਾ ਨੰ. 70/71 ਜਮ੍ਹਾਂਬੰਦੀ ਸਾਲ 2009-10 ਅਨੁਸਾਰ ਪਤਾ ਪਿੰਡ ਰਣੀਆ, ਹਦਬਸਤ ਨੰ. 266, ਡੈਲਟਾ ਸਿਟੀ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਬੈਨਾਮਾ ਵਸੀਕਾ ਨੰ. 5691 ਮਿਤੀ 15.10.2015, ਹੱਦਬੰਦੀ ਹੇਠਾਂ ਅਨੁਸਾਰ : ਪੂਰਬ : ਗਲੀ 40 ਫੁੱਟ ਚੌੜੀ 25', ਪੱਛਮ : ਗੁਆਂਢੀ 25' ਉੱਤਰ : ਪਲਾਟ ਨੰ. 105-ਏ 45', ਦੱਖਣ : ਪਲਾਟ ਨੰ. 107 ਏ 45', ਬੈਨਾਮਾ ਵਸੀਕਾ ਨੰ. 5691, ਮਿਤੀ 15.10.2015 ਅਨੁਸਾਰ ਸ੍ਰੀਮਤੀ ਜਯੋਤੀ ਵਰਮਾ ਪਤਨੀ ਰੁਪਿੰਦਰ ਸਿੰਘ ਦੇ ਨਾਂਅ।

ਮਿਤੀ : 13.03.2026 — ਸਥਾਨ : ਲੁਧਿਆਣਾ — ਅਧਿਕਾਰਤ ਅਫਸਰ

---

## ਉੱਤਰ ਰੇਲਵੇ

**ਖੁਲ੍ਹੀ ਨਿਵਿਦਾ ਸੂਚਨਾ**

ਉਪ, ਮੰਡਲ ਬਿਜਲੀ ਇੰਜੀਨੀਅਰ/ਗਤੀ ਸ਼ਕਤੀ ਯੂਨਿਟ, ਉੱਤਰ ਰੇਲਵੇ, ਫਿਰੋਜ਼ਪੁਰ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਈ-ਨਿਵਿਦਾਵਾਂ ਦੀ ਮੰਗ ਕੀਤੀ ਜਾਂਦੀ ਹੈ। ਨਿਵਿਦਾਕਾਰਕ ਆਪਣੇ ਮੂਲ/ਸੰਸ਼ੋਧਿਤ ਨਿਵਿਦਾ ਬੰਦ ਹੋਣ ਮਿਤੀ 07.04.2026 ਨੂੰ 15:00 ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅੰਦਾਜ਼ਨ ਲਾਗਤ (Rs.) | ਟੈਂਡਰ ਦੀ ਕੀਮਤ (Rs.) | ਨਿਵਿਦਾ ਦੀ ਸਮਾਪਤੀ ਮਿਤੀ ਤੇ ਸਮਾਂ | ਬਿਆਨਾ ਰਾਸ਼ੀ (Rs.) | ਕੰਮ ਦਾ ਸਮਾਂ | ਟੈਂਡਰ ਖੋਹਲਣ ਦੀ ਮਿਤੀ ਅਤੇ ਸਮਾਂ | ਵੈਬਸਾਈਟ ਵੇਰਵਾ |
|---|---|---|---|---|---|---|---|---|
| 27-ਟੀਆਰਡੀ-ਜੀਐਸਯੂ-ਟੀ-110-2026-27 | ਟੀਆਰਡੀ ਲੁਧਿਆਣਾ ਆਊਟ ਪਿਟ ਵਿਚ ਈਐਲਐਸ/ਐਲਡੀਐਚ ਆਧਾਰਿਤ ਇਲੈਕਟ੍ਰਿਕ ਲੋਕੋ ਦੇ ਬੁਨਿਆਦੀ ਢਾਂਚੇ ਦੀ ਉਸਾਰੀ ਨਾਲ ਸਬੰਧਿਤ ਕੰਮ ਕਰ ਰਿਹਾ ਹੈ। | 1,17,00532.07P | ਜੀਰੋ | 07.04.2026 15:00 ਵਜੇ ਤਕ | 2,08,500.0/- | 12 ਮਹੀਨੇ | 07.04.2026 15:00 ਵਜੇ ਦੇ ਬਾਅਦ | www.ireps.gov.in |

ਨਿਵਿਦਾਕਰਤਾ ਕਿਰਪਾ ਧਿਆਨ ਦੇਣ ਕਿ ਬੋਲੀ ਸੁਰੱਖਿਆ ਦੇ ਬਿਨਾ ਪ੍ਰਾਪਤ ਪ੍ਰਸਤਾਵ ਜਾਂ ਤਾਂ ਈ-ਪੇਮੇਂਟ ਗੇਟਵੇ ਦੇ ਮਾਧਿਅਮ ਨਾਲ ਨਕਦ ਵਿਚ ਜਾਂ ਭਾਰਤ ਦੇ ਕਿਸੇ ਵੀ ਅਨੁਸੂਚਿਤ ਵਾਣਿਜਕ ਬੈਂਕ ਤੋਂ ਬੈਂਕ ਗਾਰੰਟੀ ਬਾਂਡ ਦੇ ਰੂਪ ਵਿਚ ਜਾਂ ਨਿਵਿਦਾ ਦਸਤਾਵੇਜਾਂ ਵਿਚ ਜਿਕਰਯੋਗ (ਅਨੁਲਗਨਕ-21 ਦੇ ਅਨੁਸਾਰ) ਇਕ ਸਮੇਂ ਦੇ ਲਈ ਵੈਲਿਡ ਹਨ। ਬੋਲੀ ਦੀ ਵੈਧਤਾ ਅਵਧੀ ਦੇ ਬਾਅਦ 90 ਦਿਨ ਦੇ ਲਈ ਅਧੂਰੇ ਅਤੇ ਅਣਵੈਲਿਡ ਪ੍ਰਸਤਾਵ ਦੇ ਰੂਪ ਵਿਚ ਮੰਨਿਆ ਜਾਵੇਗਾ ਅਤੇ ਜਿਸ ਦੇ ਲਈ ਠੇਕੇਦਾਰ ਦਾ ਰੇਲਵੇ ਤੇ ਕੋਈ ਦਾਅਵਾ ਨਹੀਂ ਹੋਵੇਗਾ।

ਕਮ੍ਰਾਂਕ:-27-ਟੀਆਰਡੀ-ਜੀਐਸਯੂ-ਟੀ-110-2026-27 ਮਿਤੀ: 13.03.2026 — 851/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

---

YES BANK

**Registered and Corporate Office:** YES BANK House, Off Western Express Highway, Santacruz East, Mumbai – 400055 India. **Website:** www.yesbank.in
**Email:** comminications@yesbank.in, **CIN:** L65190MH2003PLC143249

**[(ਰੂਲ-8 (1)] ਕਬਜ਼ਾ ਨੋਟਿਸ**

ਜਦੋਂਕਿ, ਨਿਮਨਹਸਤਾਖਰੀ ਨੇ ਯੈੱਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ ਨੂੰ ਹੇਠਾਂ ਦਿੱਤੇ ਖਾਤਿਆਂ 'ਚ ਹੇਠਾਂ ਵਰਣਿਤ ਰਕਮ ਅਤੇ ਇਸ ਉਪਰ ਵਿਆਜ ਉਕਤ ਐਕਟ ਦੇ ਸੈਕਸ਼ਨ 13 (2) ਅਧੀਨ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਸੰਬੰਧਤ ਕਰਜ਼ਦਾਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਰੂਲ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਸੰਕੇਤਕ ਕਬਜ਼ਾ ਪ੍ਰਾਪਤ ਕਰ ਲਿਆ ਹੈ। ਸੰਬੰਧਤ ਕਰਜ਼ਦਾਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਇਹਨਾਂ ਜਾਇਦਾਦਾਂ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ, ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਹੇਠ ਦਰਸਾਈ ਬਕਾਇਆ ਰਕਮ ਅਤੇ ਇਸ ਉੱਪਰ ਠੇਕਾ ਦਰ ਵਿਆਜ ਸਮੇਤ ਯੈੱਸ ਬੈਂਕ ਲਿਮ: ਦੀ ਵਸੂਲੀ ਹੇਠ ਹੋਵੇਗੀ।

| ਕਰਜ਼ਦਾਰਾਂ ਦਾ ਨਾਂਅ | ਸਕਿਉਰਡ ਐੱਸਟ ਦਾ ਵੇਰਵਾ | 13 (2) ਨੋਟਿਸ ਅਧੀਨ ਮਿਤੀ / ਨੋਟਿਸ 'ਚ ਰਕਮ (ਰੁਪਏ) / ਕਬਜ਼ੇ ਦੀ ਮਿਤੀ |
|---|---|---|
| (1) ਹਰਜਿੰਦਰ ਸਿੰਘ ਪੁੱਤਰ ਚਮਕੌਰ ਸਿੰਘ (ਕਰਜ਼ਦਾਰ) ਵਾਸੀ ਮਕਾਨ ਨੰ. 165, ਗਲੀ ਨੰ. 02, ਨੇੜੇ ਨਥੌਰਾ ਪੇਪਰ ਮਿੱਲ, ਸਾਹਨੇਵਾਲ ਰੋਡ, ਲੁਧਿਆਣਾ, ਪੰਜਾਬ-141014, ਨਾਲ ਹੀ : ਨੇੜੇ ਆਟਾ ਚੱਕੀ, ਹਰੀਏਵਾਲਾ, ਮੋਗਾ, ਪੰਜਾਬ-142038, ਨਾਲ ਹੀ : ਫੋਰਜ ਆਟੋ ਇੰਟਰਨੈਸ਼ਨਲ ਪ੍ਰਾਈਵੇਟ ਲਿਮਿਟਡ, ਮਾਛੀਵਾੜਾ ਰੋਡ, ਕੋਹਾੜਾ, ਲੁਧਿਆਣਾ, ਪੰਜਾਬ-141011 (2) ਜੈਸਮੀਨ ਕੌਰ (ਸਹਿ-ਕਰਜ਼ਦਾਰ ਅਤੇ ਰਹਿਣਕਾਰ) ਪਤਨੀ ਹਰਜਿੰਦਰ ਸਿੰਘ ਵਾਸੀ ਮਕਾਨ ਨੰ. 165, ਗਲੀ ਨੰ. 02, ਨੇੜੇ ਨਥੌੜਾ ਪੇਪਰ ਮਿੱਲ, ਸਾਹਨੇਵਾਲ ਰੋਡ, ਲੁਧਿਆਣਾ, ਪੰਜਾਬ-141004, ਸਾਹਮਣੇ ਸਚਦੇਵਾ ਇਲੈਕਟ੍ਰੋਨਿਕ, 33 ਫੁੱਟ ਰੋਡ, ਮੁੰਡੀਆਂ ਕਲਾਂ, 33 ਫੁੱਟ ਰੋਡ, ਪਿੰਨ ਕੋਡ-141001 ਖਾਤਾ ਨੰ. ਏ ਐੱਫ ਐੱਚ 002301756715 | ਰਹਿਣ ਕੀਤੀ ਜਾਇਦਾਦ ਦਾ ਵੇਰਵਾ : ਅਚੱਲ ਜਾਇਦਾਦ ਪਲਾਟ ਨੰ. 226, ਖੇਤਰ ਰਕਬਾ 50 ਵਰਗ ਗਜ਼, ਖਸਰਾ ਨੰ. 66//12, 13, 14, 15, 16, 17, 18, 19, 25/1; 67//21/1,11, 20, ਖੱਤਾ ਨੰ. 290/318, ਸਫਾ ਨੰ. 671, ਜਮ੍ਹਾਂਬੰਦੀ ਸਾਲ 2008-2009, ਹੱਦਬਸਤ 181, ਭਾਮੀਆਂ ਕਲਾਂ ਵਿਖੇ ਸਥਿਤ, ਅਬਾਦੀ ਗਾਰਡਨ ਸਿਟੀ, ਨੇੜੇ ਜੈਨ ਅਸਟੇਟ ਨਾਲ ਸੰਬੰਧਤ ਸਭ ਕੁਝ। ਬੈਨਾਮਾ ਨੰ. 2022-2023/106/1/3296 ਮਿਤੀ 10-06-2022, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ, ਮਾਲਕ ਜੈਸਮੀਨ ਕੌਰ ਬਰਾੜ। ਹੱਦਾਂ : ਪੂਰਬ : ਗਲੀ 15 ਫੁੱਟ ਚੌੜੀ, ਪੱਛਮ : ਗੁਆਂਢ 15 ਫੁੱਟ ਚੌੜਾ, ਉੱਤਰ : ਸ੍ਰੀਪਾਲ 30 ਫੁੱਟ, ਦੱਖਣ : ਖਾਲੀ ਮਕਾਨ 30 ਫੁੱਟ। ਰਹਿਣਕਾਰ : ਜੈਸਮੀਨ ਕੌਰ ਪਤਨੀ ਹਰਜਿੰਦਰ ਸਿੰਘ | 24 ਜੂਨ 2025 — 24-06-2025 ਨੂੰ ਰੁਪਏ 1, 252,048.17/- (ਭਾਰਤੀ ਰੁਪਏ ਬਾਰ੍ਹਾਂ ਲੱਖ ਬਵੰਜਾ ਹਜ਼ਾਰ ਅਠਤਾਲੀ ਰੁਪਏ ਅਤੇ ਸਤਾਰਾਂ ਪੈਸੇ ਕੇਵਲ) — 11 ਮਾਰਚ 2026 |
| (1) ਮੈਸਰਜ਼ ਧੂਨਾ ਧਾਰੀ ਨਿੱਟਵੇਅਰ ਰਾਹੀਂ ਇਸ ਦੇ ਮਾਲਕ ਵਿਨੋਦ ਕੁਮਾਰ ਪਤਾ : ਨੂਰਵਾਲਾ ਰੋਡ 16/17-ਏ, ਇੰਦਰ ਵਿਹਾਰ, ਦਸਮੇਸ਼ ਪੁਰੀ, ਲੁਧਿਆਣਾ, ਪੰਜਾਬ-141001 (ਕਰਜ਼ਦਾਰ) (2) ਵਿਨੋਦ ਕੁਮਾਰ ਮਾਲਕ ਮੈਸ: ਧੂਨਾ ਧਾਰੀ ਨਿੱਟਵੇਅਰ ਪੁੱਤਰ ਚੰਦਨ ਭਾਨ ਪਤਾ : ਨੂਰਵਾਲਾ ਰੋਡ, 16/17-ਏ, ਇੰਦਰ ਵਿਹਾਰ ਦਸਮੇਸ਼ ਪੁਰੀ, ਲੁਧਿਆਣਾ, ਪੰਜਾਬ-141001, ਨਾਲ ਹੀ : 16-17 ਏ, ਇੰਦਰ ਵਿਹਾਰ ਕਾਲੋਨੀ, ਨੇੜੇ ਬਾਲਾ ਜੀ ਮੰਦਰ, ਫਾਂਬੜਾ ਰੋਡ, ਲੁਧਿਆਣਾ-141001 (ਸਹਿ-ਕਰਜ਼ਦਾਰ ਅਤੇ ਰਹਿਣਕਾਰ) (3) ਸ਼ਿਵਾਨੀ ਪਤਨੀ ਵਿਨੋਦ ਕੁਮਾਰ ਪਤਾ : 16-17 ਏ ਇੰਦਰ ਵਿਹਾਰ ਕਾਲੋਨੀ, ਨੇੜੇ ਬਾਲਾ ਜੀ ਮੰਦਰ, ਫਾਂਬੜਾ ਰੋਡ, ਲੁਧਿਆਣਾ-141001 (ਸਹਿ-ਕਰਜ਼ਦਾਰ) ਖਾਤਾ ਨੰ. 39088900000644 | ਰਹਿਣ ਕੀਤੀ ਜਾਇਦਾਦ ਦਾ ਵੇਰਵਾ : ਅਚੱਲ ਜਾਇਦਾਦ ਪਲਾਟ ਖੇਤਰ 100 ਵਰਗ ਗਜ਼, ਖਸਰਾ ਨੰ. 11/5, ਖੱਤਾ ਨੰ. 44/47, ਜਮ੍ਹਾਂਬੰਦੀ ਸਾਲ 2007-2008, ਪਿੰਡ ਫਾਂਬੜਾ, ਹੱਦਬਸਤ ਨੰ. 79, ਅਬਾਦੀ ਇੰਦਰ ਵਿਹਾਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਮਾਲਕ ਵਿਨੋਦ ਕੁਮਾਰ। ਹੱਦਾਂ : ਪੂਰਬ : ਅਸ਼ਵਨੀ ਕੁਮਾਰ ਬਕਦਰ 41 ਫੁੱਟ, ਪੱਛਮ : ਵਿਨੋਦ ਕੁਮਾਰ ਬਕਦਰ 41 ਫੁੱਟ, ਉੱਤਰ : 20 ਫੁੱਟ ਬਾਰਡਰ, 22 ਫੁੱਟ, ਦੱਖਣ : ਗੁਆਂਢ ਬਾਰਡਰ 22 ਫੁੱਟ, ਰਹਿਣਕਾਰ : ਸ੍ਰੀ ਵਿਨੋਦ ਕੁਮਾਰ ਪੁੱਤਰ ਚੰਦਨ ਭਾਨ | 8 ਅਗਸਤ 2025 — 8-08-2025 ਨੂੰ ਰੁਪਏ 20,02,868/- (ਵੀਹ ਲੱਖ ਦੋ ਹਜ਼ਾਰ ਅੱਠ ਸੌ ਅਠਾਹਟ ਰੁਪਏ ਕੇਵਲ) — 13 ਮਾਰਚ 2026 |

ਕਿਰਪਾ ਕਰਕੇ ਨੋਟ ਕੀਤਾ ਜਾਵੇ ਕਿ ਐਕਟ ਦੇ ਸੈਕਸ਼ਨ 13 (8) ਅਧੀਨ ਜੇਕਰ ਸਾਰੇ ਬਕਾਏ ਸਮੇਤ ਸਾਰੀਆਂ ਲਾਗਤਾਂ, ਚਾਰਜਿਜ਼ ਅਤੇ ਖਰਚੇ ਜਨਤਕ ਨਿਲਾਮੀ/ਵਿਕਰੀ ਲਈ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ ਪਹਿਲਾਂ ਕਿਸੇ ਵੀ ਸਮੇਂ ਜਮ੍ਹਾਂ ਕਰਵਾਏ ਜਾਂਦੇ ਹਨ ਤਾਂ ਸਾਡੇ ਵੱਲੋਂ ਸਕਿਉਰਡ ਐੱਸਟ ਦੀ ਵਿਕਰੀ ਨਹੀਂ ਕੀਤੀ ਜਾਵੇਗੀ ਅਤੇ ਸਾਡੇ ਵੱਲੋਂ ਸਕਿਉਰਡ ਐੱਸਟ ਦੀ ਵਿਕਰੀ ਜਾਂ ਤਬਦੀਲੀ ਨਹੀਂ ਕੀਤੀ ਜਾਵੇਗੀ ਅਤੇ ਸਾਡੇ ਵੱਲੋਂ ਉਸ ਸਕਿਉਰਡ ਐੱਸਟ ਦੀ ਵਿਕਰੀ ਜਾਂ ਤਬਦੀਲੀ ਲਈ ਹੋਰ ਕੋਈ ਕਦਮ ਨਹੀਂ ਉਠਾਇਆ ਜਾਵੇਗਾ।

ਮਿਤੀ : 14/03/2026 ਸਥਾਨ : ਲੁਧਿਆਣਾ — ਸਹੀ/- (ਅਧਿਕਾਰਤ ਅਫਸਰ) ਯੈੱਸ ਬੈਂਕ ਲਿਮਟਿਡ

## ਪੈਟਰੋਲ ਪੰਪ ਬੰਦ ਹੋਣ ਨਾਲ ਲੋਕ ਮਾਯੂਸ ਹੋ ਕੇ ਪਰਤੇ

**ਜਲੰਧਰ, (ਸੁਰਿੰਦਰ ਕੁਮਾਰ)**- 66 ਫੁੱਟੀ ਰੋਡ 'ਤੇ ਸਥਿਤ ਐਲੀਟ ਪੈਟਰੋਲ ਪੰਪ 'ਤੇ ਤੇਲ ਖ਼ਤਮ ਹੋ ਗਿਆ ਹੈ। ਇਸ ਕਾਰਨ ਪੈਟਰੋਲ-ਡੀਜ਼ਲ ਭਰਵਾਉਣ ਆ ਰਹੇ ਲੋਕਾਂ ਨੂੰ ਨਿਰਾਸ਼ ਹੋ ਕੇ ਵਾਪਸ ਮੁੜਨਾ ਪੈ ਰਿਹਾ ਹੈ। ਪੈਟਰੋਲ ਪੰਪ 'ਤੇ ਲਿਖ ਦਿੱਤਾ ਗਿਆ ਹੈ ਕਿ ਤਕਨੀਕੀ ਕਾਰਨਾਂ ਕਰਕੇ ਪੰਪ ਨੂੰ ਬੰਦ ਕਰ ਦਿੱਤਾ ਗਿਆ ਹੈ ਅਤੇ ਇਹ ਹੁਣ ਕੱਲ੍ਹ ਸਵੇਰੇ 11 ਵਜੇ ਖੁੱਲ੍ਹੇਗਾ। ਜਦੋਂ ਇਸ ਬਾਰੇ ਪੈਟਰੋਲ ਪੰਪ ਦੇ ਕਰਮਚਾਰੀਆਂ ਤੋਂ ਪੁੱਛਿਆ ਗਿਆ ਤਾਂ ਉਨ੍ਹਾਂ ਦੱਸਿਆ ਕਿ ਜਿਸ ਗੱਡੀ ਵਿੱਚ ਪੈਟਰੋਲ ਅਤੇ ਡੀਜ਼ਲ ਆ ਰਿਹਾ ਸੀ, ਉਹ ਰਸਤੇ ਵਿੱਚ ਖ਼ਰਾਬ ਹੋ ਗਈ ਹੈ। ਇਸ ਕਾਰਨ ਅੱਜ ਪੰਪ 'ਤੇ ਤੇਲ ਨਹੀਂ ਪਹੁੰਚ ਸਕਿਆ। ਇਸ ਲਈ ਕੱਲ੍ਹ 11 ਵਜੇ ਤੱਕ ਪੰਪ ਬੰਦ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਇਸ ਦੌਰਾਨ ਤੇਲ ਭਰਵਾਉਣ ਆਏ ਲੋਕਾਂ ਨੂੰ ਮਾਯੂਸ ਹੋ ਕੇ ਪਰਤਣਾ ਪਿਆ। ਲੋਕਾਂ ਦਾ ਕਹਿਣਾ ਹੈ ਕਿ ਉਹ ਤੇਲ ਭਰਵਾਉਣ ਆਏ ਸਨ ਪਰ ਕਰਮਚਾਰੀਆਂ ਨੇ ਮਨਾ ਕਰ ਦਿੱਤਾ। ਹੁਣ ਉਨ੍ਹਾਂ ਨੂੰ ਕਿਸੇ ਦੂਜੇ ਪੈਟਰੋਲ ਪੰਪ 'ਤੇ ਜਾਣਾ ਪਵੇਗਾ, ਕਿਉਂਕਿ ਤੇਲ ਤੋਂ ਬਿਨਾਂ ਕੋਈ ਕੰਮ ਨਹੀਂ ਹੋ ਸਕੇਗਾ।

## ਹੈਰੋਇਨ ਸਮੇਤ ਨੌਜਵਾਨ ਕਾਬੂ

**ਬਲਾਚੌਰ (ਜਸਵਿੰਦਰ ਬੈਂਸ)** ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਵੱਲੋਂ ਨਸ਼ਿਆਂ ਦੇ ਖ਼ਿਲਾਫ਼ ਵਿੱਢੀ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਬਲਾਚੌਰ ਪੁਲਿਸ ਨੂੰ ਉਸ ਸਮੇਂ ਵੱਡੀ



ਸਫਲਤਾ ਮਿਲੀ ਜਦੋਂ ਗਸ਼ਤ ਦੌਰਾਨ ਇੱਕ ਨੌਜਵਾਨ ਨੂੰ ਨਸ਼ੀਲੇ ਪਦਾਰਥ ਸਮੇਤ ਗ੍ਰਿਫਤਾਰ ਕੀਤਾ ਗਿਆ। ਇਹ ਕਾਰਵਾਈ ਤੁਸ਼ਾਰ ਗੁਪਤਾ, ਐੱਸ ਐੱਸ ਪੀ ਸ਼ਹੀਦ ਭਗਤ ਸਿੰਘ ਨਗਰ ਅਤੇ ਹੇਮੰਤ ਮਲਹੋਤਰਾ, ਡੀ ਐੱਸ ਪੀ ਬਲਾਚੌਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਅਮਲ ਵਿੱਚ ਲਿਆਂਦੀ ਗਈ।ਥਾਣਾ ਬਲਾਚੌਰ ਦੇ ਮੁੱਖ ਅਫ਼ਸਰ ਸਬ-ਇੰਸਪੈਕਟਰ ਬਿਕਰਮ ਸਿੰਘ ਪੁਲਿਸ ਪਾਰਟੀ ਸਮੇਤ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਲਈ ਗਹੂਣ ਤੋਂ ਮੇਨ ਹਾਈਵੇ ਰੱਕੜਾ ਬੇਟ ਵੱਲ ਜਾ ਰਹੇ ਸਨ। ਜਦੋਂ ਪੁਲਿਸ ਪਾਰਟੀ ਟੀ-ਪੁਆਇੰਟ ਗਹੂਣ ਸ਼ਮਸ਼ਾਨਘਾਟ ਕੋਲ ਪੁੱਜੀ, ਤਾਂ ਸਾਹਮਣੇ ਤੋਂ ਆ ਰਹੇ ਇੱਕ ਨੌਜਵਾਨ ਨੇ ਪੁਲਿਸ ਦੀ ਸਰਕਾਰੀ ਗੱਡੀ ਦੇਖ ਕੇ ਪਿੱਛੇ ਨੂੰ ਮੁੜਨ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਉਸ ਨੇ ਆਪਣੇ ਹੱਥ ਵਿੱਚ ਫੜੀ ਕੋਈ ਚੀਜ਼ ਨੇੜੇ ਖੜ੍ਹੇ ਘਾਹ-ਫੂਸ ਵਿੱਚ ਸੁੱਟ ਦਿੱਤੀ। ਪੁਲਸ ਵੱਲੋਂ ਮੁਸਤੈਦੀ ਦਿਖਾਉਂਦੇ ਹੋਏ ਜਦੋਂ ਉਸ ਵਸਤੂ ਦੀ ਜਾਂਚ ਕੀਤੀ ਗਈ, ਤਾਂ ਉਸ ਵਿੱਚੋਂ 6 ਗ੍ਰਾਮ ਹੈਰੋਇਨ ਬਰਾਮਦ ਹੋਈ।ਫੜੇ ਗਏ ਨੌਜਵਾਨ ਦੀ ਪਛਾਣ ਹਨੀ ਕੁਮਾਰ ਉਰਫ ਸੋਨੂੰ ਪੁੱਤਰ ਪਰਮਜੀਤ ਸਿੰਘ, ਵਾਸੀ ਪਿੰਡ ਮਹਿਮੂਦਪੁਰ ਮੰਡਹਾਰ ਵਜੋਂ ਹੋਈ ਹੈ। ਪੁਲਿਸ ਨੇ ਦੋਸ਼ੀ ਖ਼ਿਲਾਫ਼ ਥਾਣਾ ਬਲਾਚੌਰ ਵਿਖੇ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਅਧਿਕਾਰੀਆਂ ਅਨੁਸਾਰ ਮਾਮਲੇ ਦੀ ਮੁੱਢਲੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਦੋਸ਼ੀ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕੀਤਾ ਜਾ ਰਿਹਾ ਹੈ।

## ਪ ਸ ਸ ਫ ਵਲੋਂ ਅਧਿਆਪਕਾਂ ਦੇ ਸ਼ਾਂਤਮਈ ਰੋਸ ਪ੍ਰਦਰਸ਼ਨ ਤੇ ਪੁਲਸ ਤਸ਼ੱਦਦ ਦੀ ਨਿਖੇਧੀ



**ਜਲੰਧਰ, (ਨ ਜ ਸ)**- ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ, ਜਨਰਲ ਸਕੱਤਰ ਤੀਰਥ ਸਿੰਘ ਬਾਸੀ ਅਤੇ ਵਿੱਤ ਸਕੱਤਰ ਗੁਰਦੀਪ ਸਿੰਘ ਬਾਜਵਾ ਨੇ ਇੱਕ ਸਾਂਝੇ ਪ੍ਰੈਸ ਬਿਆਨ ਰਾਹੀ ਸਾਂਝਾ ਅਧਿਆਪਕ ਮੋਰਚਾ ਤੇ ਹੋਰ ਅਧਿਆਪਕ ਜੱਥੇਬੰਦੀਆਂ ਵਲੋਂ ਚੰਡੀਗੜ੍ਹ ਵਿਖੇ ਟੈਟ ਦੇ ਖਿਲਾਫ ਕੀਤੇ ਗਏ ਸ਼ਾਤਮਈ ਰੋਸ ਪ੍ਰਦਰਸ਼ਨ ਮੌਕੇ ਪੁਲਿਸ ਵਲੋਂ ਕੀਤੇ ਗਏ ਤਸ਼ੱਦਦ ਦੀ ਕੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।ਆਗੂਆਂ ਨੇ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਹੈ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਹੱਲ ਕਰਨ ਲਈ ਫੌਰੀ ਤੌਰ ਤੇ ਆਗੂਆਂ ਨਾਲ ਮੀਟਿੰਗ ਕੀਤੀ ਜਾਵੇ ਅਤੇ ਪੁਲਿਸ ਤਸ਼ੱਦਦ ਨੂੰ ਬੰਦ ਕੀਤਾ ਜਾਵੇ। ਇਸ ਮੌਕੇ ਮੱਖਣ ਸਿੰਘ ਵਾਹਿਦਪੁਰੀ, ਗੁਰਬਿੰਦਰ ਸਿੰਘ, ਕਿਸ਼ੋਰ ਚੰਦ ਗਾਜ, ਬੋਬਿੰਦਰ ਸਿੰਘ, ਅਨਿਲ ਕੁਮਾਰ, ਰਜੇਸ਼ ਕੁਮਾਰ ਅਮਲੋਹ, ਗੁਰਦੇਵ ਸਿੰਘ ਸਿੱਧੂ, ਜਸਵਿੰਦਰ ਸੋਜਾ, ਰਜਿੰਦਰ ਸਿੰਘ ਰਿਆੜ, ਮਾਲਵਿੰਦਰ ਸਿੰਘ, ਜਤਿੰਦਰ ਕੁਮਾਰ, ਬਲਵਿੰਦਰ ਭੁੱਟੋ, ਅਮਨਦੀਪ ਸ਼ਰਮਾ, ਗੁਰਪ੍ਰੀਤ ਸਿੰਘ ਮਜਕੀਮਪੁਰ, ਜਸਵੀਰ ਸਿੰਘ ਸ਼ੀਰਾ, ਗੁਰਪ੍ਰੀਤ ਰੰਗੀਲਪੁਰ, ਅਮਰੀਕ ਸਿੰਘ, ਚਮਕੌਰ ਸਿੰਘ ਨਾਭਾ, ਕੁਲਦੀਪ ਵਾਲੀਆ, ਸੁਭਾਸ਼ ਚੰਦਰ, ਸਰਬਜੀਤ ਪੱਟੀ, ਹਰਮਨਪ੍ਰੀਤ ਕੌਰ ਗਿੱਲ, ਬਿਮਲਾ ਰਾਣੀ, ਰਾਣੋ ਖੇੜੀ ਗਿੱਲਾਂ, ਸਿਮਰਜੀਤ ਸਿੰਘ ਬਰਾੜ, ਕੁਲਦੀਪ ਪੂਰੋਵਾਲ, ਮਨੋਹਰ ਲਾਲ ਸ਼ਰਮਾ, ਤਰਸੇਮ ਮਾਧੋਪੁਰੀ ਆਦਿ ਆਗੂ ਵੀ ਹਾਜ਼ਰ ਸਨ।

## ਪਾਣੀ ਦੁਨੀਆਂ ਦੇ ਹਰ ਜੀਵ ਦੀ ਜ਼ਿੰਦਗੀ ਲਈ ਬਹੁਤ ਜ਼ਰੂਰੀ : ਕਾਜਲ, ਪੜਵਾਲ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਕੁਦਰਤ ਵੱਲੋਂ ਬਖਸ਼ਿਆ ਗਿਆ ਪਾਣੀ ਦੁਨੀਆਂ ਦੇ ਹਰ ਜੀਵ ਦੀ ਜ਼ਿੰਦਗੀ ਲਈ ਬਹੁਤ ਜਰੂਰੀ ਹੈ ਪਰ ਪਾਣੀ ਦੀ ਹੋ ਰਹੀ ਲਗਾਤਾਰ ਦੁਰਵਰਤੋਂ ਕਾਰਨ ਪਾਣੀ ਦਾ ਲੈਵਲ ਜਮੀਨ ਦੇ ਬਹੁਤ ਹੇਠਾਂ ਜਾ ਰਿਹਾ ਹੈ। ਪਾਣੀ ਦੀ ਬਰਬਾਦੀ ਨੂੰ ਰੋਕਣ ਸਬੰਧੀ ਆਮ ਜਨਤਾ ਵਿੱਚ ਜਾਗ੍ਰਤੀ ਪੈਦਾ ਕਰਨ ਲਈ ਸਮਾਜ ਸੇਵੀ ਪ੍ਰੇਮ ਪੜਵਾਲ ਵੱਲੋਂ ਟਾਂਡਾ ਵਿਖੇ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵਿਜ਼ਨ ਕੇਅਰ ਵੈਲਫੇਅਰ ਸੋਸਾਇਟੀ, ਸੀਨੀਅਰ ਸਿਟੀਜਨ ਵੈਲਫੇਅਰ ਸੋਸਾਇਟੀ ਅਤੇ ਵੱਖ-ਵੱਖ ਸਮਾਜਿਕ ਸੰਸਥਾਵਾਂ ਤੋਂ ਇਲਾਵਾ ਇਲਾਕੇ ਦੇ ਬੁੱਧੀਜੀਵੀਆਂ ਨੇ ਭਾਗ ਲਿਆ। ਸੈਮੀਨਾਰ ਵਿੱਚ ਸ਼ਾਮਿਲ ਰਿਟਾ: ਡਿਪਟੀ ਡਾਇਰੈਕਟਰ ਹੈਲਥ ਪੰਜਾਬ ਡਾਕਟਰ ਕੇਵਲ ਸਿੰਘ ਕਾਜਲ, ਡਾ. ਲਵਪ੍ਰੀਤ ਸਿੰਘ ਪਾਬਲਾ, ਅਵਤਾਰ ਸਿੰਘ ਮਸੀਤੀ, ਕਿਰਪਾਲ ਸਿੰਘ ਪੰਡੋਰੀ, ਸ਼ਿਵ ਸਿੰਘ, ਗੁਲਸ਼ਨ ਅਰੋੜਾ, ਭੁਪਿੰਦਰ ਸਿੰਘ, ਡਾਇਰੈਕਟਰ ਇੰਦਰ ਕੁਮਾਰ ਸਾਹਨੀ, ਸਰਪੰਚ ਲਾਹੌਰਾ ਸਿੰਘ, ਪ੍ਰੋਫੈਸਰ ਕੇਵਲ ਸਿੰਘ ਕਲੋਟੀ, ਰਾਜਾ ਸਿੰਘ, ਕਰਨੈਲ ਸਿੰਘ ਮਾਲਵਾ, ਬਖਤਾਵਰ ਕੌਰ, ਰਜਿੰਦਰ ਸਿੰਘ ਤੋਂ ਇਲਾਵਾ ਹੋਰ ਉੱਘੀਆਂ ਸ਼ਖ਼ਸੀਅਤਾਂ ਨੇ ਪਾਣੀ ਬਚਾਓ ਸਬੰਧੀ ਆਪਣੇ ਆਪਣੇ ਵਿਚਾਰ ਸਾਂਝੇ ਕੀਤੇ। ਸੈਮੀਨਾਰ 'ਚ ਸ਼ਾਮਿਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਡਾ. ਕੇਵਲ ਸਿੰਘ ਕਾਜਲ ਅਤੇ ਡਾ. ਲਵਪ੍ਰੀਤ ਸਿੰਘ ਪਾਬਲਾ ਨੇ ਕਿਹਾ ਕਿ ਦੁਨੀਆਂ ਦੇ ਜੀਵਾਂ ਦੀ ਜਿੰਦਗੀ ਲਈ ਕੁਦਰਤ ਨੇ ਕਈ ਪ੍ਰਕਾਰ ਦੀਆਂ ਬਖਸ਼ਿਸ਼ਾਂ ਕੀਤੀਆਂ ਹਨ ਜਿਨਾਂ ਵਿੱਚੋਂ ਪਾਣੀ ਇੱਕ ਖਾਸ ਅਹਿਮੀਅਤ ਰੱਖਦਾ ਹੈ। ਉਨਾਂ ਕਿਹਾ ਕਿ ਪਹਿਲੇ ਸਮੇਂ ਵਿੱਚ ਪਾਣੀ ਦਾ ਲੈਵਲ ਜਮੀਨ ਦੇ ਹੇਠਾਂ 15-20 ਫੁੱਟ ਤੱਕ ਹੁੰਦਾ ਸੀ ਪਰ ਲੋਕਾਂ ਵੱਲੋਂ ਪਾਣੀ ਦੀ ਕੀਤੀ



ਜਾ ਰਹੀ ਲਗਾਤਾਰ ਬਰਬਾਦੀ ਕਾਰਨ ਹੁਣ ਇਹ ਲੈਵਲ ਜਮੀਨ ਦੇ 400- 500 ਫੁੱਟ ਹੇਠਾਂ ਚਲਾ ਗਿਆ ਹੈ। ਉਨਾਂ ਕਿਹਾ ਕਿ ਜੇਕਰ ਸਮਾਂ ਰਹਿੰਦੇ ਪਾਣੀ ਦੀ ਬਰਬਾਦੀ ਨੂੰ ਨਾ ਰੋਕਿਆ ਗਿਆ ਤਾਂ ਫਿਰ ਆਉਣ ਵਾਲੀ ਪੀੜੀ ਨੂੰ ਇਸਦੇ ਗੰਭੀਰ ਸਿੱਟੇ ਭੁਗਤਣੇ ਪੈ ਸਕਦੇ ਹਨ। ਪ੍ਰੇਮ ਪੜਵਾਲ ਨੇ ਕਿਹਾ ਕਿ ਜਲ ਹੈ ਤਾਂ ਕਲ ਹੈ ਜਲ ਹੀ ਜੀਵਨ ਹੈ ਇਸ ਲਈ ਸਾਡਾ ਸਾਰਿਆਂ ਦਾ ਇਹ ਫਰਜ਼ ਬਣਦਾ ਹੈ ਕਿ ਪਾਣੀ ਦੀ ਬਰਬਾਦੀ ਨੂੰ ਰੋਕਿਆ ਜਾਵੇ ਅਤੇ ਆਸ ਪਾਸ ਦੇ ਲੋਕਾਂ ਨੂੰ ਵੀ ਜਲ ਨੂੰ ਬਚਾਉਣ ਸਬੰਧੀ ਜਾਗ੍ਰਿਤ ਕੀਤਾ ਜਾਵੇ।

## 2 ਕਰੋੜ ਦੀ ਫਿਰੌਤੀ ਨਾ ਮਿਲਣ 'ਤੇ ਬੂਲੇਵਾਲ ਮੋੜ ਨੇੜੇ ਚੱਲੀਆਂ ਗੋਲੀਆਂ

**ਬਲਾਚੌਰ (ਜਸਵਿੰਦਰ ਬੈਂਸ)** ਬਲਾਚੌਰ ਹਲਕੇ ਤੋਂ ਇੱਕ ਬੇਹੱਦ ਚਿੰਤਾਜਨਕ ਖ਼ਬਰ ਸਾਹਮਣੇ ਆਈ ਹੈ ਜਿੱਥੇ ਕਿ ਬੇਖੌਫ ਨੌਜਵਾਨਾਂ ਵੱਲੋਂ ਤੜਕਸਾਰ ਤਾਬੜ ਤੋੜ ਗੋਲੀਆਂ ਚਲਾਈਆਂ ਅਤੇ ਮੌਕੇ ਤੋਂ ਫਰਾਰ ਹੋ ਗਏ। ਕੁੱਝ ਦਿਨ ਪਹਿਲਾਂ ਇੱਕ ਵਿਅਕਤੀ ਪਾਸੋਂ ਕਰੀਬ 2 ਕਰੋੜ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਗਈ ਸੀ। ਮੰਗ ਪੂਰੀ ਨਾ ਹੁੰਦੀ ਦੇਖ, ਹਮਲਾਵਰਾਂ ਵੱਲੋਂ ਬੂਲੇਵਾਲ ਮੋੜ ਦੇ ਨਜ਼ਦੀਕ ਤਾਬੜਤੋੜ ਫਾਇਰਿੰਗ ਕੀਤੀ ਗਈ। ਦੱਸਿਆ ਜਾ ਰਿਹਾ ਹੈ ਕਿ ਮੌਕੇ 'ਤੇ ਕਰੀਬ 5 ਰਾਊਂਡ ਫਾਇਰ ਹੋਏ ਜਿਨਾਂ ਵਿੱਚੋ ਇੱਕ ਫਾਇਰ ਵਿਹੜੇ ਵਿੱਚ ਖੜੀ ਕਾਰ ਅਤੇ ਦੋ ਫਾਇਰ ਮਕਾਨ ਦੀ ਛੱਤ ਨੂੰ ਦੋ ਹਵਾਈ ਫਾਇਰ ਹੋਏ ਦੱਸੇ ਜਾ ਰਹੇ ਹਨ। ਜਿਸ ਕਾਰਨ ਪੂਰੇ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ। ਭਾਵੇਂ ਕਿ ਇਸ ਘਟਨਾ ਨਾਲ ਕਿਸੇ ਤਰ੍ਹਾਂ ਦਾ ਕੋਈ ਜਾਨੀ ਮਾਲੀ ਨੁਕਸਾਨ ਨਹੀਂ ਹੋਇਆ , ਮਗਰ ਲੋਕਾਂ ਵਿੱਚ ਦਹਿਸ਼ਤ ਪਾਈ ਜਾ ਰਹੀ ਹੈ। ਬਲਾਚੌਰ ਹਲਕੇ ਵਿੱਚ ਪਿਛਲੇ ਕੁਝ ਸਮੇਂ ਤੋਂ ਫਿਰੌਤੀ ਅਤੇ ਥਰੈਟ ਕਾਲਾਂ ਧਮਕੀ ਭਰੇ ਫੋਨ ਦੀਆਂ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਫਿਲਹਾਲ ਪੁਲਿਸ ਵੱਲੋਂ ਇਸ ਮਾਮਲੇ ਦੀ ਜਾਂਚ ਕੀਤੇ ਜਾਣ ਦੀ ਉਮੀਦ ਹੈ, ਤਾਂ ਜੋ ਦੋਸ਼ੀਆਂ ਨੂੰ ਜਲਦ ਤੋਂ ਜਲਦ ਕਾਬੂ ਕੀਤਾ ਜਾ ਸਕੇ।



ਇਸ ਘਟਨਾ ਦੀ ਸੂਚਨਾ ਮਿਲਦਿਆਂ ਹੀ ਜ਼ਿਲਾ ਪੁਲਿਸ ਮੁਖੀ ਤੁਸ਼ਾਰ ਗੁਪਤਾ , ਡੀ ਐੱਸ ਪੀ ਬਲਾਚੌਰ ਹਿੰਮਤ ਮਲਹੋਤਰਾ ਸਮੇਤ ਐੱਸ ਐੱਚ ਓ ਸਿਟੀ ਵੱਡੀ ਵਿੱਚ ਪੁਲਿਸ ਨਫਰੀ ਮੌਕੇ ਤੇ ਪੁੱਜੀ ਵੱਖ ਵੱਖ ਜਾਂਚ ਆਰੰਭ ਕਰ ਦਿੱਤੀ। ਇਸ ਸੰਬੰਧ ਵਿੱਚ ਜ਼ਿਲ੍ਹਾ ਪੁਲਿਸ ਮੁਖੀ ਤੁਸ਼ਾਰ ਗੁਪਤਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਸੂਚਨਾ ਮਿਲਦੇ ਹੀ ਪੁਲਿਸ ਪੁੱਜ ਕੇ ਐਂਗਲਾਂ ਤੋਂ ਜਾਂਚ ਸ਼ੁਰੂ ਕਰ ਦਿੱਤੀ ਹੈ। ਜਿਵੇਂ ਕਿ ਬੰਗਾ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਪੁਲਸ ਵੱਲੋਂ ਜਲਦ ਹੀ ਕਾਬੂ ਪਾ ਲਿਆ ਗਿਆ ਹੈ ਉਵੇਂ ਹੀ ਇਹਨਾਂ ਦੋਸ਼ੀਆਂ ਨੂੰ ਵੀ ਕਰ ਲਿਆ ਜਾਵੇਗਾ।

## ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਕੱਤਰ ਨੇ ਅਹੁਦਾ ਸੰਭਾਲਿਆ

**ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)**- ਪੰਜਾਬ ਸਕੂਲ ਸਿੱਖਿਆ ਬੋਰਡ ਦੇ ਨਵ-ਨਿਯੁਕਤ ਸਕੱਤਰ ਕੇਸ਼ਵ ਗੋਇਲ ਨੇ ਸਕੱਤਰ ਵੱਜੋਂ ਅਹੁਦਾ ਸੰਭਾਲ ਲਿਆ ਹੈ। ਗੋਇਲ ਦੇ ਸੁਆਗਤ ਲਈ ਬੋਰਡ ਅਧਿਕਾਰੀ/ਕਰਮਚਾਰੀ ਤੇ ਸਕੱਤਰ ਦਫਤਰ ਦਾ ਪੀ ਏ ਸਟਾਫ ਮੌਜੂਦ ਸਨ।ਕੇਸ਼ਵ ਗੋਇਲ 2016 ਬੈਚ ਦੇ ਪੀ ਸੀ ਐੱਸ ਅਧਿਕਾਰੀ ਹਨ। ਗੋਇਲ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਮਲੋਟ ਸ਼ਹਿਰ ਨਾਲ ਸੰਬੰਧਿਤ ਹਨ। ਆਪਣੇ ਪ੍ਰਸ਼ਾਸਕੀ ਕਰੀਅਰ ਦੌਰਾਨ ਉਨ੍ਹਾਂ ਨੇ ਕਈ ਮਹੱਤਵਪੂਰਨ ਅਹੁਦਿਆਂ 'ਤੇ ਸੇਵਾ ਨਿਭਾਈ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਕੱਤਰ ਵਜੋਂ ਚਾਰਜ ਸੰਭਾਲਣ ਤੋਂ ਬਾਅਦ ਗੋਇਲ ਨੇ ?ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਸੂਬੇ ਦਾ ਇੱਕ ਬਹੁਤ ਹੀ ਅਹਿਮ ਅਦਾਰਾ ਹੈ, ਬੋਰਡ ਦੀ ਕਾਰਗੁਜ਼ਾਰੀ ਪੂਰੀ ਤਰ੍ਹਾਂ ਪਾਰਦਰਸ਼ੀ, ਨਿਯਮਾਂ ਅਧਾਰਿਤ ਅਤੇ ਪ੍ਰਭਾਵਸ਼ਾਲੀ ਬਣਾਈ ਜਾਵੇਗੀ।

## ਸਾਬਕਾ ਸਿਹਤ ਮੰਤਰੀ ਬਲਬੀਰ ਸਿੱਧੂ ਨੇ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਵਾਉਣ ਦਾ ਦਿੱਤਾ ਭਰੋਸਾ



**ਮੋਹਾਲੀ (ਗੁਰਜੀਤ ਬਿੱਲਾ)**- ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਸੈਕਟਰ-70, ਮੋਹਾਲੀ ਦੇ ਵਾਸੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਧਿਆਨ ਨਾਲ ਸੁਣੀਆਂ। ਅਤੇ ਜਲਦ ਹੱਲ ਕਰਵਾਉਣ ਦਾ ਭਰੋਸਾ ਦਿੱਤਾ। ਸਿੱਧੂ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਤੁਰੰਤ ਸੰਬੰਧਿਤ ਵਿਭਾਗਾਂ ਤੱਕ ਪਹੁੰਚਾ ਕੇ ਜਲਦ ਤੋਂ ਜਲਦ ਹੱਲ ਕਰਵਾਇਆ ਜਾਵੇਗਾ।ਇਸ ਦੌਰਾਨ ਸਿੱਧੂ ਜੀ ਨੇ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਆਮ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਵਚਨਬੱਧ ਰਹੀ ਹੈ ਅਤੇ ਭਵਿੱਖ ਵਿੱਚ ਵੀ ਲੋਕਾਂ ਦੀ ਆਵਾਜ਼ ਬਣ ਕੇ ਕੰਮ ਕਰਦੀ ਰਹੇਗੀ।

ਸਿੱਧੂ ਨੇ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਲੋਕਾਂ ਦੀ ਆਵਾਜ਼ ਬਣ ਕੇ ਉਨ੍ਹਾਂ ਦੇ ਹੱਕਾਂ ਲਈ ਲੜਦੀ ਰਹੀ ਹੈ ਅਤੇ ਅੱਗੇ ਵੀ ਲੋਕਾਂ ਦੇ ਹਿੱਤਾਂ ਦੀ ਰੱਖਿਆ ਲਈ ਹਰ ਮੰਚ ਤੇ ਆਵਾਜ਼ ਉਠਾਉਂਦੀ ਰਹੇਗੀ।ਇਸ ਮੌਕੇ ਉਨ੍ਹਾਂ ਦੇ ਨਾਲ ਮੋਹਾਲੀ ਦੇ ਮੇਅਰ ਅਮਰਜੀਤ ਸਿੰਘ ਜੀਤੀ ਸਿੱਧੂ, ਸੀਨੀਅਰ ਡਿਪਟੀ ਮੇਅਰ ਅਮਰੀਕ ਸਿੰਘ ਸੋਮਲ, ਸਤਿੰਦਰ ਸਿੰਘ ਸੋਢੀ, ਦੂਲੀਪ ਸਿੰਘ, ਸੁਖਦੇਵ ਸਿੰਘ ਪ੍ਰਧਾਨ, ਸਤਪਾਲ ਸ਼ਰਮਾ ਸਾਬਕਾ ਪ੍ਰਧਾਨ ਆਫ਼ ਵੈਲਫੇਅਰ ਐਸੋਸੀਏਸ਼ਨ ਤੇ ਹੋਰ ਮੈਂਬਰ ਵੀ ਮੌਜੂਦ ਸਨ।

## ਨਗਰ ਨਿਗਮ ਦੀਆਂ ਬ੍ਰਾਂਚਾਂ 31 ਤੱਕ ਛੁੱਟੀਆਂ ਤੇ ਸ਼ਨੀਵਾਰ-ਐਤਵਾਰ ਨੂੰ ਵੀ ਖੁੱਲ੍ਹੀਆਂ ਰਹਿਣਗੀਆਂ : ਕਮਿਸ਼ਨਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਨਗਰ ਨਿਗਮ ਕਮਿਸ਼ਨਰ ਜਯੋਤੀ ਬਾਲਾ ਮੱਟੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ਹਿਰ ਵਾਸੀਆਂ ਦੀ ਸਹੂਲਤ ਲਈ ਨਿਗਮ ਦੀਆਂ ਪ੍ਰਾਪਰਟੀ ਟੈਕਸ, ਕਿਰਾਇਆ ਅਤੇ ਵਾਟਰ ਸਪਲਾਈ ਸ਼ਾਖਾਵਾਂ 31 ਮਾਰਚ 2026 ਤੱਕ ਸਾਰੀਆਂ ਸਰਕਾਰੀ ਛੁੱਟੀਆਂ ਅਤੇ ਆਉਣ ਵਾਲੇ ਸ਼ਨੀਵਾਰ-ਐਤਵਾਰ ਨੂੰ ਵੀ ਖੁੱਲ੍ਹੀਆਂ ਰਹਿਣਗੀਆਂ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸ਼ਾਖਾਵਾਂ ਦਾ ਸਮਾਂ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਰਹੇਗਾ, ਤਾਂ ਜੋ ਸ਼ਹਿਰ ਵਾਸੀ ਆਸਾਨੀ ਨਾਲ ਆਪਣੇ ਬਕਾਇਆ ਬਿੱਲ ਅਤੇ ਟੈਕਸ ਜਮ੍ਹਾ ਕਰਵਾ ਸਕਣ। ਉਨ੍ਹਾਂ ਕਿਹਾ ਕਿ ਜਿਨ੍ਹਾਂ ਸ਼ਹਿਰ ਵਾਸੀਆਂ ਦੇ ਪ੍ਰਾਪਰਟੀ ਟੈਕਸ, ਵਾਟਰ ਸਪਲਾਈ ਤੇ ਸੀਵਰੇਜ ਬਿੱਲ ਜਾਂ ਕਿਰਾਇਆ ਬਕਾਇਆ ਹੈ, ਉਹ 31 ਮਾਰਚ 2026 ਤੱਕ ਕੰਮਕਾਜੀ ਦਿਨਾਂ ਦੇ ਨਾਲ-ਨਾਲ ਸਰਕਾਰੀ ਛੁੱਟੀਆਂ ਅਤੇ ਸ਼ਨੀਚਰ-ਐਤਵਾਰ ਨੂੰ ਵੀ ਨਗਰ ਨਿਗਮ ਦਫ਼ਤਰ ਆ ਕੇ ਆਪਣਾ ਬਣਦਾ ਟੈਕਸ, ਬਿੱਲ ਅਤੇ ਕਿਰਾਇਆ ਜਮ੍ਹਾ ਕਰਵਾ ਸਕਦੇ ਹਨ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਨਿਰਧਾਰਤ ਸਮੇਂ ਅੰਦਰ ਆਪਣੇ ਬਕਾਇਆ ਬਿੱਲਾਂ ਦਾ ਭੁਗਤਾਨ ਕਰ ਦੇਣ, ਤਾਂ ਜੋ ਬਾਅਦ ਵਿੱਚ ਲੱਗਣ ਵਾਲੇ ਜੁਰਮਾਨੇ ਅਤੇ ਵਾਧੂ ਖਰਚੇ ਤੋਂ ਬਚ ਸਕਣ।



## 80 ਕਿਡਨੀ ਟ੍ਰਾਂਸਪਲਾਂਟ ਮਰੀਜ਼ਾਂ ਨੇ ਮਨਾਇਆ ਵਿਸ਼ਵ ਕਿਡਨੀ ਦਿਵਸ

**ਮੋਹਾਲੀ, (ਗੁਰਜੀਤ ਬਿੱਲਾ)**- ਵਿਸ਼ਵ ਕਿਡਨੀ ਦਿਵਸ ਦੇ ਮੌਕੇ 'ਤੇ ਲਗਭਗ 80 ਸਫਲ ਕਿਡਨੀ ਟ੍ਰਾਂਸਪਲਾਂਟ ਮਰੀਜ਼, ਜੋ ਹੁਣ ਤੰਦਰੁਸਤ ਜੀਵਨ ਜੀ ਰਹੇ ਹਨ, ਇਕੱਠੇ ਹੋਏ ਤੇ ਉਨ੍ਹਾਂ ਨੇ ਟ੍ਰਾਂਸਪਲਾਂਟ ਤੋਂ ਬਾਅਦ ਦੇ ਆਪਣੇ ਤਜ਼ਰਬੇ ਐਡਿਸਨ ਹਸਪਤਾਲ, ਮੋਹਾਲੀ ਵਿੱਚ ਸਾਂਝੇ ਕੀਤੇ। ਉਨ੍ਹਾਂ ਨੇ ਕਿਡਨੀ ਫੇਲਿਅਰ ਨਾਲ ਜੂਝ ਰਹੇ ਲੋਕਾਂ ਨੂੰ ਹੌਸਲਾ ਨਾ ਹਾਰਨ ਦੀ ਅਪੀਲ ਕੀਤੀ ਤੇ ਕਿਹਾ ਕਿ ਜੇ ਡਾਕਟਰ ਕਿਡਨੀ ਟ੍ਰਾਂਸਪਲਾਂਟ ਦੀ ਸਲਾਹ ਦੇਣ ਤਾਂ ਵਧੀਆ ਨਤੀਜਿਆਂ ਅਤੇ ਬਿਹਤਰ ਜੀਵਨ ਗੁਣਵੱਤਾ ਲਈ ਇਸ ਨੂੰ ਜਲਦੀ ਤੋਂ ਜਲਦੀ ਕਰਵਾ ਲੈਣਾ ਚਾਹੀਦਾ ਹੈ।ਇਸ ਸਮਾਗਮ ਦੌਰਾਨ ਅੰਗ ਦਾਨ ਦੀ ਮਹੱਤਤਾ, ਕਿਡਨੀ ਬਿਮਾਰੀਆਂ ਬਾਰੇ ਜਾਗਰੂਕਤਾ ਅਤੇ ਉਹਨਾਂ ਮਰੀਜ਼ਾਂ ਦੀਆਂ ਪ੍ਰੇਰਨਾਦਾਇਕ ਕਹਾਣੀਆਂ ਉਜਾਗਰ ਕੀਤੀਆਂ ਗਈਆਂ ਜੋ ਟ੍ਰਾਂਸਪਲਾਂਟ ਤੋਂ ਬਾਅਦ ਮੁੜ ਸਧਾਰਣ ਜੀਵਨ ਵੱਲ ਵਾਪਸ ਆ ਗਏ ਹਨ।



## ਕਿਸਾਨ ਜਾਗਰੂਕਤਾ ਕੈਂਪ ਲਗਾਇਆ



**ਜਲੰਧਰ (ਸੁਰਿੰਦਰ ਕੁਮਾਰ)**- ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੀ ਗੰਨਾ ਸ਼ਾਖਾ ਵਲੋਂ ਉੱਨਤ ਕ੍ਰਿਸ਼ੀ ਯੋਜਨਾ ਤਹਿਤ ਸਹਿਕਾਰੀ ਸ਼ੂਗਰ ਮਿੱਲ ਭੋਗਪੁਰ ਦੇ ਪਿੰਡ ਬਹਿਰਾਮ ਸ੍ਰਿਸਟਾ ਵਿਖੇ ਦੋ ਰੋਜ਼ਾ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ। ਕੇਨ ਕਮਿਸ਼ਨਰ ਪੰਜਾਬ ਡਾ. ਅਮਰੀਕ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਤੇ ਪ੍ਰਾਜੈਕਟ ਅਫ਼ਸਰ ਜਲੰਧਰ ਡਾ. ਮਨਧੀਰ ਸਿੰਘ ਦੀ ਅਗਵਾਈ ਹੇਠ ਲਗਾਏ ਗਏ ਇਸ ਕੈਂਪ ਵਿੱਚ ਸਹਾਇਕ ਗੰਨਾ ਵਿਕਾਸ ਅਫ਼ਸਰ ਜਲੰਧਰ ਡਾ. ਗੁਰਚਰਨ ਸਿੰਘ, ਡਾਇਰੈਕਟਰ ਡਾ. ਗੁਲਜਾਰ ਸਿੰਘ ਤੇ ਕੀਟ ਵਿਗਿਆਨੀ ਗੰਨਾ ਖੋਜ ਕੇਂਦਰ ਕਪੂਰਥਲਾ ਡਾ. ਯੁਵਰਾਜ ਸਿੰਘ ਅਤੇ ਪ੍ਰਿੰਸੀਪਲ ਸਾਇੰਸਟਿਸਟ ਪੀ.ਏ. ਯੂ. ਲੁਧਿਆਣਾ ਡਾ. ਮਨਿੰਦਰ ਸਿੰਘ ਵੱਲੋਂ ਗੰਨੇ ਦੀਆਂ ਕਾਸ਼ਤਕਾਰੀ ਤਕਨੀਕਾਂ, ਕੀੜੇ-ਮਕੌੜਿਆਂ ਦੀ ਰੋਕਥਾਮ, ਰੋਗ ਪ੍ਰਬੰਧਨ, ਗੰਨੇ ਦੀ ਅੰਤਰ-ਫਸਲੀ, ਕਿਸਾਨਾਂ ਦੀ ਭਲਾਈ ਲਈ ਚਲਾਈਆਂ ਜਾ ਰਹੀਆਂ ਵੱਖ-ਵੱਖ ਸਰਕਾਰੀ ਸਕੀਮਾਂ ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਗਈ। ਕਿਸਾਨਾਂ ਨੂੰ ਸੰਬੋਧਨ ਕਰਦਿਆਂ ਡਾ. ਗੁਰਚਰਨ ਸਿੰਘ ਨੇ ਕਿਹਾ ਕਿ ਕ੍ਰਿਸ਼ੀ ਉੱਨਤੀ ਯੋਜਨਾ ਤਹਿਤ ਪੰਜਾਬ ਸਰਕਾਰ ਵਲੋਂ ਗੰਨੇ ਦੀ ਪ੍ਰਤੀ ਹੈਕਟੇਅਰ ਪੈਦਾਵਾਰ ਵਧਾ ਕੇ ਪੰਜਾਬ ਵਿੱਚ ਗੰਨੇ ਦੀ ਫ਼ਸਲ ਵਿਚ ਅੰਤਰ ਫ਼ਸਲਾਂ ਹੇਠ ਰਕਬਾ ਵਧਾਉਣ ਲਈ ਪ੍ਰਦਰਸ਼ਨੀ ਪਲਾਟ ਲਗਾਏ ਜਾ ਰਹੇ ਹਨ ਤਾਂ ਜੋ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕੀਤਾ ਜਾ ਸਕੇ।

## ਧਰਤੀ ਹੇਠਲਾ ਪਾਣੀ ਤੇਜ਼ੀ ਨਾਲ ਘੱਟਣਾ, ਕਿਸਾਨੀ ਤੇ ਮਜ਼ਦੂਰ ਵਰਗ ਲਈ ਵੱਡਾ ਖਤਰਾ : ਸੀਚੇਵਾਲ

**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ)**- ਖੇਤੀ ਪ੍ਰਧਾਨ ਸੂਬੇ ਪੰਜਾਬ ਦੇ ਪਾਣੀਆਂ ਦੇ ਸੰਕਟ ਦਾ ਮਾਮਲਾ ਇਕ ਵਾਰ ਫਿਰ ਰਾਜ ਸਭਾ ਵਿੱਚ ਜ਼ੋਰਦਾਰ ਢੰਗ ਨਾਲ ਉਠਿਆ ਹੈ। ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਡਿੱਗਦੇ ਪੱਧਰ 'ਤੇ ਗੰਭੀਰ ਚਿੰਤਾ ਜਤਾਉਂਦਿਆਂ ਕੇਂਦਰ ਸਰਕਾਰ ਨੂੰ ਸਿੱਧੇ ਸਵਾਲ ਕੀਤੇ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਪਾਣੀ ਦੇ ਸੰਕਟ ਨੂੰ ਗੰਭੀਰਤਾ ਨਾਲ ਨਾ ਲਿਆ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੀ ਕਿਸਾਨੀ ਅਤੇ ਮਜ਼ਦੂਰ ਵਰਗ ਨੂੰ ਭਾਰੀ ਨੁਕਸਾਨ ਝੱਲਣਾ ਪਵੇਗਾ। ਜ਼ਿਕਰਯੋਗ ਹੈ ਕਿ ਖੇਤੀ ਪ੍ਰਧਾਨ ਸੂਬੇ ਪੰਜਾਬ ਦੀ ਆਰਥਿਕਤਾ ਪਾਣੀਆਂ ਦੁਆਲੇ ਹੀ ਘੁੰਮਦੀ ਆ ਰਹੀ ਹੈ। ਸੰਤ ਸੀਚੇਵਾਲ ਵੱਲੋਂ ਪੁੱਛੇ ਸਵਾਲ ਦੇ ਜੁਆਬ ਵਿੱਚ ਕੇਂਦਰੀ ਜਲ ਸਰੋਤਾਂ ਬਾਰੇ ਰਾਜ ਮੰਤਰੀ ਰਾਜ ਭੂਸ਼ਣ ਚੌਧਰੀ ਵੱਲੋਂ ਦੱਸਿਆ ਗਿਆ ਕਿ ਕੇਂਦਰੀ ਭੂ-ਜਲ ਬੋਰਡ ਦੀ ਰਿਪੋਰਟ ਅਨੁਸਾਰ ਪੰਜਾਬ ਦੇ 57 ਫੀਸਦੀ ਨਿਗਰਾਨੀ ਖੂਹਾਂ ਵਿੱਚ ਪਾਣੀ ਦੇ ਪੱਧਰ ਵਿੱਚ ਵਾਧਾ ਦਰਜ ਕੀਤਾ ਗਿਆ ਹੈ ਜਦਕਿ 43 ਫੀਸਦੀ ਖੂਹਾਂ ਵਿੱਚ ਘਟਾਅ ਆਇਆ ਹੈ। ਇਹ ਅਧਿਐਨ ਸਾਲ 2015 ਤੋਂ 2025 ਤੱਕ ਕੀਤਾ ਗਿਆ ਸੀ। \



ਸੰਤ ਸੀਚੇਵਾਲ ਨੇ ਕਿਹਾ ਕਿ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਤੇ ਬਹੁਤ ਦਬਾਅ ਬਣਿਆ ਹੋਇਆ ਹੈ। ਝੋਨੇ ਹੇਠ ਰਕਬਾ ਘੱਟ ਨਹੀਂ ਰਿਹਾ। ਉਨ੍ਹਾਂ ਇਹ ਵੀ ਦੱਸਿਆ ਕਿ ਜਦੋਂ ਉਹ ਜਲ ਸਰੋਤਾਂ ਬਾਰੇ ਸਥਾਈ ਸੰਸਦੀ ਕਮੇਟੀ ਦੇ ਮੈਂਬਰ ਸਨ ਤਾਂ ਉਨ੍ਹਾਂ ਨੇ ਪੰਜਾਬ ਨੂੰ ਅਟਲ-ਭੂ-ਜਲ ਯੋਜਨਾ ਦੇ ਦਾਇਰੇ ਵਿੱਚ ਲਿਆਉਣ ਲਈ ਕਈ ਵਾਰ ਜ਼ੋਰ ਲਾਇਆ ਸੀ, ਪਰ ਕੇਂਦਰ ਸਰਕਾਰ ਨੇ ਪੰਜਾਬ ਨੂੰ ਇਸ ਯੋਜਨਾ ਤੋਂ ਬਾਹਰ ਹੀ ਰੱਖਿਆ। ਉਨ੍ਹਾਂ ਕਿਹਾ ਕਿ ਇਹ ਸੂਬੇ ਨਾਲ ਵੱਡੀ ਅਣਦੇਖੀ ਹੈ। ਕੇਂਦਰ ਸਰਕਾਰ ਵੱਲੋਂ ਦਿੱਤੇ ਅੰਕੜਿਆਂ ਮੁਤਾਬਕ ਪੰਜਾਬ ਵਿੱਚ ਕੁੱਲ 186 ਖੂਹਾਂ ਦੇ ਪਾਣੀ ਦਾ ਅਧਿਐਨ ਕੀਤਾ ਗਿਆ। ਇਨ੍ਹਾਂ ਵਿੱਚੋਂ 106 ਖੂਹਾਂ ਵਿੱਚ ਪਾਣੀ ਦਾ ਪੱਧਰ ਵਧਿਆ ਜਦਕਿ 78 ਖੂਹਾਂ ਵਿੱਚ ਘਟਾਅ ਦਰਜ ਕੀਤੀ ਗਈ। ਕਈ ਥਾਵਾਂ 'ਤੇ ਇਹ ਵਾਧਾ ਸਿਰਫ਼ 0 ਤੋਂ 2 ਮੀਟਰ ਤੱਕ ਹੀ ਸੀ। ਜ਼ਿਲ੍ਹਾ ਵਾਰ ਅੰਕੜਿਆਂ ਮੁਤਾਬਕ ਸੰਗਰੂਰ ਦੇ ਚਾਰ, ਬਰਨਾਲਾ ਦੇ ਤਿੰਨ ਅਤੇ ਮਾਲੇਰਕੋਟਲਾ ਦੇ ਇੱਕ ਖੂਹ ਵਿੱਚ ਪਾਣੀ ਦਾ ਪੱਧਰ ਘਟਿਆ ਹੈ। ਫਾਜ਼ਿਲਕਾ ਦੇ ਦਸ ਵਿੱਚੋਂ ਦਸ ਖੂਹਾਂ ਵਿੱਚ ਪਾਣੀ ਵਧਿਆ ਹੈ, ਜਦਕਿ ਰੋਪੜ ਦੇ ਸੱਤ ਅਤੇ ਅੰਮ੍ਰਿਤਸਰ ਦੇ ਚਾਰ ਖੂਹਾਂ ਵਿੱਚ ਵਾਧਾ ਦਰਜ ਕੀਤਾ ਗਿਆ ਹੈ। ਹੁਸ਼ਿਆਰਪੁਰ ਦੇ 19 ਵਿੱਚੋਂ 17 ਖੂਹਾਂ ਵਿੱਚ ਪਾਣੀ ਵਧਿਆ ਹੈ, ਪਰ ਬਠਿੰਡਾ ਦੇ 17 ਵਿੱਚੋਂ ਸਿਰਫ਼ ਚਾਰ ਖੂਹਾਂ ਵਿੱਚ ਹੀ ਵਾਧਾ ਹੋਇਆ। ਪਟਿਆਲਾ ਦੇ 12 ਵਿੱਚੋਂ 8 ਖੂਹਾਂ ਅਤੇ ਲੁਧਿਆਣਾ ਦੇ 9 ਵਿੱਚੋਂ 8 ਖੂਹਾਂ ਵਿੱਚ ਪਾਣੀ ਦਾ ਪੱਧਰ ਡਿੱਗਿਆ ਹੈ। ਸੰਤ ਸੀਚੇਵਾਲ ਨੇ ਚੇਤਾਵਨੀ ਦਿੱਤੀ ਕਿ ਜੇਕਰ ਪਾਣੀ ਦੇ ਸੰਕਟ 'ਤੇ ਤੁਰੰਤ ਅਤੇ ਢੁਕਵੇਂ ਕਦਮ ਨਾ ਚੁੱਕੇ ਗਏ ਤਾਂ ਪੰਜਾਬ ਦੀ ਧਰਤੀ ਅਤੇ ਖੇਤੀ ਪ੍ਰਨਾਲੀ ਨੂੰ ਭਵਿੱਖ ਵਿੱਚ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ।

## ਸਵੱਛਤਾ ਹਰ ਨਾਗਰਿਕ ਦੀ ਨੈਤਿਕ ਜ਼ਿੰਮੇਵਾਰੀ : ਗੌਰਵ ਗੌਤਮ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਵੱਛਤਾ ਮੁਹਿੰਮ ਨੂੰ ਜਨ ਅੰਦੋਲਨ ਬਨਾਉਣ ਦੀ ਦਿਸ਼ਾ ਵਿੱਚ ਇੱਕ ਮਹਤੱਵਪੂਰਨ ਪਹਿਲ ਕਰਦੇ ਹੋਏ ਸੂਬੇ ਦੇ ਖੇਡ ਰਾਜ ਮੰਤਰੀ ਗੌਰਵ ਗੌਤਮ ਨੇ ਪਲਵਲ ਸਥਿਤ ਅਨਾਜ ਮੰਡੀ ਵਿੱਚ ਆਯੋਜਿਤ ਸਵੱਛਤਾ ਮੁਹਿਮ ਤਹਿਤ ਕੂੜਾਦਾਨ ਵੰਡ ਪ੍ਰੋਗ੍ਰਾਮ ਵਿੱਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਇਸ ਮੌਕੇ 'ਤੇ ਲਗਭਗ 250 ਕੂੜਦਾਨ ਵੰਡੇ ਗਏ। ਪ੍ਰੋਗਰਾਮ ਦਾ ਉਦੇਸ਼ ਬਾਜਾਰ ਖੇਤਰ ਨੂੰ ਸਾਫ, ਵਿਵਸਥਿਤ ਅਤੇ ਵਾਤਾਵਰਣ ਅਨੁਕੂਲ ਬਨਾਉਣਾ ਹੈ।ਖੇਡ ਰਾਜ ਮੰਤਰੀ ਸ੍ਰੀ ਗੌਰਵ ਗੌਤਮ ਨੇ ਅਨਾਜ ਮੰਡੀ ਦੇ ਦੁਕਾਨਦਾਰਾਂ ਅਤੇ ਆੜਤੀਆਂ ਨੂੰ ਕੂੜਦਾਨ ਵੰਡ ਕਰਦੇ ਹੋਏ ਉਨ੍ਹਾਂ ਨੂੰ ਸਵੱਛਤਾ ਪ੍ਰਤੀ ਜਾਗਰੁਕਤ ਰਹਿਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੇ ਕਿਹਾ ਕਿ ਸਵੱਛਤਾ ਸਰਕਾਰ ਦੀ ਜ਼ਿੰਮੇਵਾਰੀ ਦੇ ਨਾਲ-ਨਾਲ ਸਮਾਜ ਦੇ ਹਰ ਨਾਗਰਿਕ ਦੀ ਵੀ ਨੈਤਿਕ ਜਿਮੇਵਾਰੀ ਹੈ। ਜੇਕਰ ਸਾਰੇ ਲੋਕ ਮਿਲ ਕੇ ਆਪਣੇ ਨੇੜੇ ਸਫਾਈ ਬਣਾਏ ਰੱਖਣ ਦਾ ਸੰਕਲਪ ਲੈਣ, ਤਾਂ ਸ਼ਹਿਰਾਂ ਅਤੇ ਬਾਜਾਰਾਂ ਨੂੰ ਸਾਫ ਅਤੇ ਸੁੰਦਰ ਬਣਾਇਆ ਜਾ ਸਕਦਾ ਹੈ।

## ਜ਼ਿਲ੍ਹਾ ਪ੍ਰਧਾਨ ਲੱਖੀ ਵੱਲੋਂ ਨਵੇਂ ਬਣੇ ਸ਼੍ਰੋਮਣੀ ਅਕਾਲੀ ਦਲ ਦੇ ਅਹੁਦੇਦਾਰਾਂ ਦਾ ਸਨਮਾਨ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਵੱਲੋਂ ਅੱਜ ਆਪਣੇ ਟਾਂਡਾ ਸਥਿਤ ਦਫਤਰ ਵਿਖੇ ਜ਼ਿਲ੍ਹੇ ਦੇ ਨਵ ਨਿਯੁਕਤ ਅਹੁਦੇਦਾਰਾਂ ਨੂੰ ਸਨਮਾਨਤ ਕੀਤਾ ਗਿਆ। ਲਖਵਿੰਦਰ ਸਿੰਘ ਲੱਖੀ ਵੱਲੋਂ ਸ਼੍ਰੋਮਣੀ ਅਕਾਲੀ ਦਲ ਜ਼ਿਲਾ ਹੁਸ਼ਿਆਰਪੁਰ ਦੇ ਸੀਨੀਅਰ ਮੀਤ ਪ੍ਰਧਾਨ ਮਨਦੀਪ ਸਿੰਘ ਢੀਂਡਸਾ, ਹਰਪਾਲ ਸਿੰਘ ਬਿੱਟਾ ਸਰਕਲ ਪ੍ਰਧਾਨ ਗਰਨਾ ਸਾਹਿਬ ,ਰਕੇਸ਼ ਕੁਮਾਰ ਰਿਕੀ ਜੁਆਇੰਟ ਸਕੱਤਰ ,ਗੁਰਪ੍ਰੀਤ ਸਿੰਘ ਬੋਦਲ ਜਿਲਾ ਜੁਆਇੰਟ ਸਕੱਤਰ, ਅਵਤਾਰ ਸਿੰਘ ਬੋਦਲ ਜਿਲਾ ਜੁਆਇੰਟ ਸਕੱਤਰ ਅਤੇ ਹੋਰ ਅਹੁਦੇਦਾਰਾਂ ਦਾ ਸਨਮਾਨ ਕੀਤਾ ਗਿਆ।



ਹੋਰਨਾਂ ਤੋਂ ਇਲਾਵਾ ਅਜੇ ਬੋਦਲ, ਹਰ ਕਿਰਨਕੌਰ ਰਿੱਕੀ ਬੋਦਲ, ਦਵਿੰਦਰ ਸਿੰਘ ਡੈਂਪੀ ਬੋਦਲ, ਬਲਵਿੰਦਰ ਸਿੰਘ ਬਿੰਦਾ, ਬਲਜਿੰਦਰ ਸਿੰਘ ਬੋਦਲ ਛਾਉਣੀ, ਐਡਵੋਕੇਟ ਹਰਮਨਪ੍ਰੀਤ ਸਿੰਘ ,ਸੰਗਮ ਬੇਰਸ਼ਾਹ ਜੁਇੰਟ ਸਕੱਤਰ ,ਪਰਮਜੀਤ ਸਿੰਘ ਲੱਕੀ ਆਦਿ ਵੀ ਹਾਜ਼ਰ ਸੀ। ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਨੇ ਨਵੇਂ ਬਣੇ ਅਹੁਦੇਦਾਰਾਂ ਨੂੰ ਜਿੱਥੇ ਵਧਾਈ ਦਿੱਤੀ ਉੱਥੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵਿੱਚ ਮਿਹਨਤ ਕਰਨ ਵਾਲੇ ਹਰ ਇੱਕ ਵਿਅਕਤੀ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ।

## ਅਨਿਲ ਕੁਮਾਰ ਦੂਨ ਪਿਹੋਵਾ ਮੇਲਾ-2026 ਲਈ ਮੇਲਾ ਪ੍ਰਸ਼ਾਸਕ ਨਿਯੁਕਤ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਸਰਕਾਰ ਨੇ ਐਚਸੀਐਸ ਅਧਿਕਾਰੀ ਸ੍ਰੀ ਅਨਿਲ ਕੁਮਾਰ ਦੂਨ, ਜੋ ਕਿ ਪਿਹੋਵਾ ਦੇ ਸਬ-ਡਿਵੀਜਨਲ ਅਧਿਕਾਰੀ (ਸਿਵਲ) ਹਨ, ਨੂੰ ਪਿਹੋਵਾ ਮੇਲਾ -2026 ਦੇ ਲਈ ਮੇਲਾ ਪ੍ਰਸ਼ਾਸ਼ਕ ਨਿਯੁਕਤ ਕੀਤਾ ਹੈ। ਇਹ ਮੇਲਾ 17 ਮਾਰਚ ਤੋਂ 19 ਮਾਰਚ ਤੱਕ ਆਯੋਜਿਤ ਕੀਤਾ ਜਾਵੇਗਾ।

## ਸਾਲਾਨਾ ਧਾਰਮਿਕ ਸਮਾਗਮ ਸ਼ਰਧਾ ਤੇ ਉਤਸ਼ਾਹ ਨਾਲ ਕਰਵਾਇਆ



**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਧੰਨ-ਧੰਨ ਡੇਰਾ ਬਾਬਾ ਦਿਆਲ ਦਾਸ ਜੀ ਚੀਨੀ ਘਾਟੀ ਵਿਖੇ ਸਾਲਾਨਾ ਧਾਰਮਿਕ ਸਮਾਗਮ ਗੱਦੀ ਨਸ਼ੀਨ ਮਹੰਤ ਪ੍ਰੇਮ ਦਾਸ ਜੀ ਅਤੇ 108 ਸੰਤ ਮਨੋਹਰ ਦਾਸ ਜੀ ਦੀ ਰਹਿਨੁਮਾਈ ਹੇਠ ਸ਼ਰਧਾ ਤੇ ਉਤਸ਼ਾਹ ਪੂਰਵਕ ਢੰਗ ਨਾਲ ਕਰਵਾਇਆ ਗਿਆ। ਇਸ ਮੌਕੇ ਸਿੱਧ ਯੋਗੀ ਟਰੱਸਟ ਪਿੰਡ ਖਾਨਪੁਰ ਤੋਂ ਡਾਕਟਰ ਜਸਵੰਤ ਸਿੰਘ ਥਿੰਦ ਐੱਸ ਐੱਮ ਓ ਸਿਵਲ ਹਸਪਤਾਲ ਮਾਹਿਲਪੁਰ ਅਤੇ ਡਾਕਟਰ ਪ੍ਰਭ ਹੀਰ ਤੇ ਉਹਨਾਂ ਦੀ ਟੀਮ ਵਿੱਚ ਸ਼ਾਮਿਲ ਹਰਜਿੰਦਰ ਕੁਮਾਰ, ਨਵਜੋਤ ਕੌਰ, ਅਮਰਜੀਤ, ਮਨੂ, ਭੁਪਿੰਦਰ ਕੁਮਾਰ ਅਤੇ ਹਰਮੀਤ ਸਿੰਘ ਵੱਲੋ ਮੈਡੀਕਲ ਕੈਂਪ ਦੌਰਾਨ ਮਰੀਜ਼ਾਂ ਦਾ ਚੈੱਕ ਅਪ ਕੀਤਾ ਗਿਆ ਤੇ ਉਹਨਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਸ਼ੂਗਰ ਦਾ ਟੈਸਟਿੰਗ ਕੈਂਪ ਵੀ ਲਗਾਇਆ ਗਿਆ। ਇਸ ਮੌਕੇ ਅੱਖਾਂ ਦਾ ਮੁਫਤ ਚੈਕਅਪ ਰਾਏ ਹਸਪਤਾਲ ਗੜ੍ਹਸ਼ੰਕਰ ਤੋਂ ਡਾ. ਜੰਗ ਬਹਾਦਰ ਤੇ ਡਾ. ਸੰਤੋਸ਼ ਕੁਮਾਰ ਦੀ ਅਗਵਾਈ ਹੇਠ ਕੀਤਾ ਗਿਆ। ਇਸੇ ਤਰਾਂ ਯੂਥ ਬਲੱਡ ਸੋਸਾਇਟੀ ਜਲੰਧਰ ਤੋਂ ਡਾਕਟਰ ਸਤਵਿੰਦਰ ਸਿੰਘ ਦੀ ਅਗਵਾਈ ਹੇਠ ਖੂਨਦਾਨ ਕੈਂਪ ਲਗਾਇਆ ਗਿਆ।

ਗੁਰੂ ਘਰ ਵਿਖੇ ਸਜਾਏ ਗਏ ਦਰਬਾਰ ਵਿੱਚ ਸੰਤਾਂ ਮਹਾਂਪੁਰਸ਼ਾਂ ਨੇ ਪ੍ਰਵਚਨ ਕੀਤੇ। ਗੁਰੂ ਕੇ ਲੰਗਰ ਅਤੁੱਟ ਵਰਤੇ। ਇਸ ਮੌਕੇ ਗੱਦੀ ਨਸ਼ੀਨ ਮਹੰਤ ਪ੍ਰੇਮ ਦਾਸ ਜੀ, 108 ਸੰਤ ਮਨੋਹਰ ਦਾਸ, ਸੰਤ ਸਿਮਰਨਜੀਤ, ਨਿੰਦਰ ਦਾਸ, ਸੁਰਜੀਤ ਦਾਸ, ਸਰਪੰਚ ਅਸ਼ੋਕ ਕੁਮਾਰ,ਸਰਪੰਚ ਚਰਨਜੀਤ ਸਿੰਘ ਬੰਟੀ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਸੰਤ ਸ਼ਿੰਦਰਪਾਲ ਤਾਜੇਵਾਲ ਸਮੇਤ ਲਾਗਲੇ ਪਿੰਡਾਂ ਤੋਂ ਸੰਗਤਾਂ ਅਤੇ ਸੰਤ ਮਹਾਂਪੁਰਸ਼ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਰਾਮ ਨੌਮੀ ਸ਼ੋਭਾ ਯਾਤਰਾ 'ਚ ਸ਼ਾਮਿਲ ਹੋਣ ਲਈ ਧਾਰਮਿਕ ਸੰਸਥਾਵਾਂ ਵੱਲੋਂ ਮਿਲ ਰਿਹਾ ਭਰਵਾਂ ਹੁੰਗਾਰਾ : ਦੀਪਕ ਬਹਿਲ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਨਾਤਨ ਧਰਮ ਸਭਾ ਉੜਮੁੜ ਟਾਂਡਾ ਦੇ ਪ੍ਰਧਾਨ ਦੀਪਕ ਬਹਿਲ ਦੀ ਅਗਵਾਈ ਵਿੱਚ ਮਹਾਦੇਵ ਮੰਦਰ ਤੋਂ 24 ਮਾਰਚ ਨੂੰ ਕੱਢੀ ਜਾ ਰਹੀ ਵਿਸ਼ਾਲ ਅਲੌਕਿਕ ਸ਼ੋਭਾ ਯਾਤਰਾ ਦੀ ਕਾਮਯਾਬੀ ਲਈ ਚਲਾਈ ਗਈ ਮੁਹਿੰਮ ਤਹਿਤ ਟਾਂਡਾ ਇਲਾਕੇ ਦੀਆਂ ਵੱਖ-ਵੱਖ ਧਾਰਮਿਕ ਸੰਸਥਾਵਾਂ ਤੋਂ ਇਲਾਵਾ ਸਾਰੇ ਮੰਦਿਰਾਂ ਦੀਆਂ ਕਮੇਟੀਆਂ ਨਾਲ ਰਾਬਤਾ ਕਾਇਮ ਕੀਤਾ ਜਾ ਰਿਹਾ ਹੈ।ਇਸੇ ਮੁਹਿੰਮ ਤਹਿਤ ਪ੍ਰਧਾਨ ਦੀਪਕ ਬਹਿਲ ਆਪਣੀ ਟੀਮ ਸਹਿਤ ਸੱਦਾ ਪੱਤਰ ਦੇਣ ਲਈ ਸ੍ਰੀ ਹਨੂਮਾਨ ਮੰਦਰ ਟਾਂਡਾ ਪਹੁੰਚੇ ਜਿੱਥੇ ਸ੍ਰੀ ਅਰਜਨ ਕਲੱਬ ਦੇ ਪ੍ਰਧਾਨ ਰਣਜੀਤ ਸਿੰਘ ਅਤੇ ਕਲੱਬ ਦੇ ਸਮੂਹ ਮੈਂਬਰਾਂ ਨੇ ਉਨ੍ਹਾਂ ਦਾ ਭਰਪੂਰ ਸਵਾਗਤ ਕਰਦੇ ਹੋਏ ਭਰੋਸਾ ਦਿੱਤਾ ਕਿ ਇਸ ਰਾਮ ਨੌਮੀ ਸ਼ੋਭਾ ਯਾਤਰਾ ਵਿੱਚ ਆਪਣਾ ਬਣਦਾ ਵੱਧ ਤੋਂ ਵੱਧ ਸਹਿਯੋਗ ਦੇਵਾਂਗੇ। ਇਸ ਮੌਕੇ ਤੇ ਉਨ੍ਹਾਂ ਨਾਲ ਸੁਰਿੰਦਰ ਨਇਅਰ, ਸੋਨੂੰ ਖੁੱਲਰ, ਪਵਨ ਚੱਡਾ, ਵਿਨੋਦ ਕੁਮਾਰ, ਡਾਟਰ ਰਕੇਸ਼ ਮੋਹਨ, ਸੋਬਤੀ ਮਹੇਸ਼, ਅਸ਼ੋਕ ਬਹਿਲ, ਦਿਲਬਾਗ ਰਾਏ, ਅਨਿਲ ਕੁਮਾਰ, ਕੋਮਲ ਅਹਿਆਪੁਰ, ਬਿਮਲ, ਟਿੰਕਾ ਖੰਨਾ, ਸਤੀਸ਼ ਚੱਡਾ, ਸ਼ੁਭਮ ਬਿੱਲਾ ਅਤੇ ਹੋਰ ਹਾਜ਼ਰ ਸਨ। ਇਸੇ ਤਰ੍ਹਾਂ ਸਨਾਤਨ ਧਰਮ ਸਭਾ ਉੜਮੁੜ ਵੱਲੋਂ ਰਾਮ ਨੌਮੀ ਦੇ ਸੰਬੰਧ ਵਿੱਚ ਸਜਾਈ ਜਾਣ ਵਾਲੀ ਸ਼ੋਭਾ ਯਾਤਰਾ ਵਿੱਚ ਸ਼ਾਮਿਲ ਹੋਣ ਲਈ ਬਾਬਾ ਵਿਸ਼ਵਕਰਮਾ ਮੰਦਰ ਕਮੇਟੀ ਨੂੰ ਸੱਦਾ ਪੱਤਰ ਦਿੰਦੇ ਹੋਏ ਦੀਪਕ ਬਹਿਲ ਨੇ ਕਿਹਾ ਕਿ



ਮਰਿਆਦਾ ਪੁਰਸ਼ੋਤਮ ਭਗਵਾਨ ਸ੍ਰੀ ਰਾਮ ਚੰਦਰ ਜੀ ਦੇ 26 ਮਾਰਚ ਨੂੰ ਜਨਮ ਦਿਹਾੜੇ ਨੂੰ ਸਮਰਪਿਤ 24 ਮਾਰਚ ਨੂੰ ਕੱਢੀ ਜਾ ਰਹੀ ਵਿਸ਼ਾਲ ਸ਼ੋਭਾ ਯਾਤਰਾ ਇੱਕ ਅਨੋਖੀ ਸ਼ਾਨ ਮਤੇ ਵਾਲੀ ਸ਼ੋਭਾ ਯਾਤਰਾ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਸ਼ੋਭਾ ਯਾਤਰਾ ਵਿੱਚ ਜਿੱਥੇ ਵੱਖ-ਵੱਖ ਭਜਨ ਮੰਡਲੀਆਂ ਆਪਣੇ ਭਜਨਾਂ ਰਾਹੀਂ ਪ੍ਰਭੂ ਸ੍ਰੀ ਰਾਮ ਦਾ ਗੁਣਗਾਨ ਕਰਨਗੀਆਂ ਉੱਥੇ ਸੰਤ ਮਹਾਂਪੁਰਸ਼ ਸ਼ਰਧਾਲੂਆਂ ਨੂੰ ਅਸ਼ੀਰਵਾਦ ਦੇਣਗੇ। ਬਾਬਾ ਵਿਸ਼ਵਕਰਮਾ ਮੰਦਰ ਕਮੇਟੀ ਨੇ ਸੱਦਾ ਪੱਤਰ ਲੈਂਦੇ ਹੋਏ ਸਨਾਤਨ ਧਰਮ ਸਭਾ ਦੇ ਸਮੂਹ ਮੈਂਬਰਾਂ ਵੱਲੋਂ ਕੱਢੀ ਜਾ ਰਹੀ ਇਸ ਸ਼ੋਭਾ ਯਾਤਰਾ ਦੀ ਸ਼ਲਾਘਾ ਕਰਦੇ ਹੋਏ ਇਸਦੀ ਕਾਮਯਾਬੀ ਲਈ ਸਤਿਗੁਰੂ ਅੱਗੇ ਅਰਦਾਸ ਕੀਤੀ ਅਤੇ ਇਸ ਵਿੱਚ ਸ਼ਾਮਿਲ ਹੋਣ ਦਾ ਪੂਰਾ ਭਰੋਸਾ ਦਿੱਤਾ। ਇਸ ਮੌਕੇ ਤੇ ਮੰਦਿਰ ਕਮੇਟੀ ਦੇ ਪ੍ਰਧਾਨ ਗੁਰਦੀਪ ਸਿੰਘ ਸਿਹਰਾ, ਸਰਪ੍ਰਸਤ ਬਲਵਿੰਦਰ ਸਿੰਘ ਚੱਤੋਂਵਾਲ, ਹਰਦੀਪ ਸਿੰਘ ਸੋਢੀ, ਬਲਜੀਤ ਸਿੰਘ, ਡਾਕਟਰ ਸਾਹਿਬ, ਮਹਿੰਗਾ ਸਿੰਘ, ਜੋਗਿੰਦਰ ਸਿੰਘ, ਬਲਰਾਜ ਸਿੰਘ, ਜੀਤਾ ਪ੍ਰਧਾਨ, ਨਵੀਨ ਵਰਮਾ, ਅਰੋੜਾ ਸਾਹਿਬ, ਰਜਿੰਦਰ ਸੋਨੂ ਜਾਜਾ, ਗੌਰੇਵ, ਮੁਹਿਮ ਸ਼ਰਮਾ ਰਾਜਪੁਰ ਅਤੇ ਹੋਰ ਸ਼ਖਸੀਅਤਾਂ ਹਾਜ਼ਰ ਸਨ।

## ਜਲ ਸਪਲਾਈ ਤੇ ਸੈਨੀਟੇਸ਼ਨ ਵਰਕਰ ਯੂਨੀਅਨ ਦੀ ਸਰਬਸੰਮਤੀ ਨਾਲ ਚੋਣ

**ਨਕੋਦਰ (ਮਨਜੀਤ ਮਾਨ)**- ਜਲ ਸਪਲਾਈ ਅਤੇ ਸੈਨੀਟੇਸ਼ਨ ਵਰਕਰ ਯੂਨੀਅਨ ਪੰਜਾਬ ਜ਼ਿਲ੍ਹਾ ਜਲੰਧਰ ਦੀ ਮੀਟਿੰਗ ਸੂਬਾ ਆਗੂ ਜਸਵੀਰ ਸਿੰਘ ਸ਼ੀਰਾ ਅਗਵਾਈ ਹੇਠ ਕੀਤੀ ਗਈ। ਜਿਸ ਉਪਰੰਤ ਜ਼ਿਲ੍ਹਾ ਜਲੰਧਰ ਦੀ ਸਰਬਸੰਮਤੀ ਨਾਲ ਚੌਣ ਕੀਤੀ ਗਈ,ਇਸ ਦੌਰਾਨ ਜ਼ਿਲ੍ਹਾ ਪ੍ਰਧਾਨ ਪ੍ਰਤਾਪ ਸਿੰਘ ਸੰਧੂ ਜਲੰਧਰ ਤੇ ਜ਼ਿਲ੍ਹਾ ਜਨਰਲ ਸਕੱਤਰ ਸੁੱਚਾ ਸਿੰਘ ਨੂਰਮਹਿਲ, ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਗੁਰਭੇਜ ਸਿੰਘ ਧੁੱਗੜ,ਵਿੱਤ ਸਕੱਤਰ ਰੇਸ਼ਮ ਸਿੰਘ ਭੋਇਪੁਰ,ਮੀਤ ਪ੍ਰਧਾਨ ਕੁਲਦੀਪ ਚੰਦ ਨਾਹਰ ਤੇ ਸੰਦੀਪ ਸਿੰਘ ਕੰਗ, ਪ੍ਰੈੱਸ ਸਕੱਤਰ ਅਜੇ ਸਿੰਘ ਭੋਗਪੁਰ, ਜੁਆਇੰਟ ਸਕੱਤਰ ਸ਼ਿੰਦਰਪਾਲ ਸੰਧੂ, ਮੁੱਖ ਸਲਾਹਕਾਰ ਗੁਰਮੀਤ ਰਾਮ ਨਕੋਦਰ ਚੁਣੇ ਗਏ ਇਸ ਉਪਰੰਤ ਨਵਨਿਯੁਕਤ ਅਹੁਦੇਦਾਰਾਂ ਨੇ ਸਾਥੀਆਂ ਨੂੰ ਭਰੋਸਾ ਦਿੱਤਾ ਕਿ ਜ਼ਿਲ੍ਹੇ ਵਿੱਚ ਕਿਸੇ ਵੀ ਵਰਕਰ ਨੂੰ ਕੋਈ ਸਮਸਿਆ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਵਰਕਰਾਂ ਨੂੰ ਵਿਭਾਗ ਵਿੱਚ ਲਿਆਕੇ ਰੈਗੂਲਰ ਕਰਨ ਤੱਕ ਪੰਜਾਬ ਸਰਕਾਰ ਤੇ ਮੈਨੇਜਮੈਂਟ ਨਾਲ ਸੰਘਰਸ਼ ਕਰਨ ਲਈ ਸੂਬਾ ਕਮੇਟੀ ਵੱਲੋਂ ਜੋ ਵੀ ਫੈਸਲਾ ਕੀਤਾ ਜਾਵੇਗਾ ਜ਼ਿਲ੍ਹਾ ਜਲੰਧਰ ਵੱਲੋਂ ਵੱਡੀ ਸ਼ਮੂਲੀਅਤ ਕੀਤੀ ਜਾਵੇਗੀ।



## ਸਾਲਾਨਾ ਜੋੜ ਮੇਲਾ 18 ਨੂੰ

**ਫਿਲੌਰ (ਨਿਰਮਲ)**- ਫਲੋਰਾ ਗੋਤ, ਰਾਮਗੜੀਆ ਧੀਮਾਨ ਪਰਵਾਰਾਂ ਦੇ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ 18 ਮਾਰਚ ਦਿਨ ਬੁੱਧਵਾਰ ਨੂੰ ਪਿੰਡ ਬਰਿਆਨਾ ਤਹਿਸੀਲ ਗੜਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਮਨਾਇਆ ਜਾਵੇਗਾ।ਇਹ ਜਾਣਕਾਰੀ ਦਿੰਦੇ ਹੋਏ ਸਰਬਜੀਤ ਸਿੰਘ ਫਲੋਰਾ ਨੇ ਦੱਸਿਆ ਕਿ ਸਵੇਰੇ 9 ਵਜੇ ਪੂਜਾ ਹੋਵੇਗੀ।ਪਵਨ ਆਹੂਤੀ 11 ਵਜੇ ਤੇ ਨਿਸ਼ਾਨ ਸਾਹਿਬ ਚੜ੍ਹਾਉਣ ਦੀ ਰਸਮ 11:30 ਵਜੇ ਹੋਵੇਗੀ, ਲੰਗਰ ਅਤੁੱਟ ਵਰਤਾਇਆ ਜਾਵੇਗਾ।

## ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਸ਼ਰਧਾਲੂਆਂ ਦੀ ਬੱਸ ਰਵਾਨਾ



**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਡੇਰਾਬੱਸੀ ਹਲਕੇ ਤੋਂ ਵਿਧਾਇਕ ਸ: ਕੁਲਜੀਤ ਸਿੰਘ ਰੰਧਾਵਾ ਨੇ ਪੰਜਾਬ ਸਰਕਾਰ ਦੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਅਧੀਨ ਹਲਕੇ ਦੇ ਪਿੰਡ ਸੁੰਡਰਾ ਤੋਂ ਸ਼ਰਧਾਲੂਆਂ ਦੀ ਗਿਆਰਵੀਂ ਬੱਸ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਸਮੇਤ ਹੋਰ ਪ੍ਰਸਿੱਧ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਰਵਾਨਾ ਕੀਤੀ। ਇਸ ਮੌਕੇ ਵਿਧਾਇਕ ਰੰਧਾਵਾ ਨੇ ਸਾਰੇ ਯਾਤਰੀਆਂ ਦੀ ਸੁੱਖ-ਸਲਾਮਤੀ, ਚੰਗੀ ਯਾਤਰਾ ਅਤੇ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਇਸ ਮੌਕੇ ਗੱਲਬਾਤ ਕਰਦਿਆਂ ਵਿਧਾਇਕ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਗਈ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਲੋਕਾਂ ਲਈ ਬਹੁਤ ਹੀ ਲਾਭਦਾਇਕ ਸਾਬਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਯੋਜਨਾ ਦੇ ਤਹਿਤ ਬਜ਼ੁਰਗਾਂ ਅਤੇ ਸ਼ਰਧਾਲੂਆਂ ਨੂੰ ਮੁਫ਼ਤ ਤੀਰਥ ਯਾਤਰਾ ਦੀ ਸਹੂਲਤ ਮਿਲ ਰਹੀ ਹੈ, ਜਿਸ ਨਾਲ ਉਹ ਬਿਨਾਂ ਕਿਸੇ ਆਰਥਿਕ ਬੋਝ ਦੇ ਆਪਣੇ ਧਾਰਮਿਕ ਸਥਾਨਾਂ ਦੇ ਦਰਸ਼ਨ ਕਰ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਡੇਰਾਬੱਸੀ ਹਲਕੇ ਤੋਂ ਹੁਣ ਤੱਕ ਕਈ ਬੱਸਾਂ ਰਾਹੀਂ ਸੈਂਕੜੇ ਸ਼ਰਧਾਲੂ ਇਸ ਯੋਜਨਾ ਦਾ ਲਾਭ ਲੈ ਚੁੱਕੇ ਹਨ ਅਤੇ ਲੋਕਾਂ ਵਿੱਚ ਇਸ ਯੋਜਨਾ ਪ੍ਰਤੀ ਕਾਫੀ ਉਤਸ਼ਾਹ ਹੈ।ਇਸ ਮੌਕੇ ਪਿੰਡ ਦੇ ਪੰਚਾਇਤੀ ਨੁਮਾਇੰਦੇ, ਸਥਾਨਕ ਆਗੂ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਵੀ ਮੌਜੂਦ ਸਨ, ਜਿਨ੍ਹਾਂ ਨੇ ਸ਼ਰਧਾਲੂਆਂ ਨੂੰ ਸ਼ੁਭਕਾਮਨਾਵਾਂ ਦੇ ਕੇ ਰਵਾਨਾ ਕੀਤਾ।

## ਚੌਧਰੀ ਮੋਹਨ ਲਾਲ ਮੁੜ ਅਕਾਲੀ ਦਲ 'ਚ ਸ਼ਾਮਲ

**ਬੰਗਾ (ਅਵਤਾਰ ਕਲੇਰ)**- ਬੰਗਾ ਹਲਕੇ ਤੋਂ ਦੋ ਵਾਰ ਵਿਧਾਇਕ ਰਹਿ ਚੁੱਕੇ ਚੌਧਰੀ ਮੋਹਣ ਲਾਲ ਮੁੜ ਤੋਂ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਕੇ ਆਪਣੀ ਰਾਜਨੀਤਿਕ ਘਰ ਵਾਪਸੀ ਕਰ ਲਈ ਹੈ। ਪਾਰਟੀ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਬੁੱਧ ਸਿੰਘ ਬਲਾਕੀਪੁਰ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਬੰਗਾ ਜੋ ਵਿਦੇਸ਼ ਤੋਂ ਆਏ ਤੇ ਉਨ੍ਹਾਂ ਦੇ ਵਿਸ਼ੇਸ਼ ਉਪਰਾਲਿਆਂ ਅਤੇ ਪਾਰਟੀ ਲੀਡਰਸ਼ਿਪ ਦੀ ਮਿਹਨਤ ਨਾਲ ਸਾਬਕਾ ਵਿਧਾਇਕ ਚੌਧਰੀ ਮੋਹਨ ਲਾਲ ਨੇ ਅਕਾਲੀ ਦਲ ਵਿੱਚ ਦੋਬਾਰਾ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ। ਸਾਬਕਾ ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਬਾਘਾ ਪੁਰਾਣਾ ਵਿਖੇ ਆਯੋਜਿਤ ਇੱਕ ਵਿਸ਼ੇਸ਼ ਸਮਾਗਮ ਦੌਰਾਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਚੌਧਰੀ ਮੋਹਨ ਲਾਲ ਨੂੰ ਸਿਰਪਾਓ ਪਾ ਕੇ ਪਾਰਟੀ ਵਿੱਚ ਸ਼ਾਮਲ ਕੀਤਾ ਤੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਮੌਕੇ ਪਾਰਟੀ ਦੇ ਕਈ ਸੀਨੀਅਰ ਆਗੂ ਅਤੇ ਵਰਕਰ ਵੀ ਮੌਜੂਦ ਸਨ। ਚੌਧਰੀ ਮੋਹਣ ਲਾਲ ਨਾਲ ਜਦੋਂ ਫੋਨ ਤੇ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਮੇਰੀ ਮਾਂ ਪਾਰਟੀ ਹੈ। ਪਾਰਟੀ ਜਿਹੜੀ ਵੀ ਜ਼ਿਮੇਵਾਰੀ ਮੈਨੂੰ ਦੇਣਗੇ। ਮੈਂ ਪੂਰੀ ਤਨਦੇਹੀ ਨਾਲ ਨਿਭਾਵਾਂਗਾ। ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਜਥੇਦਾਰ ਸੁਖਦੀਪ ਸਿੰਘ ਸ਼ੁਕਾਰ ਨੇ ਫੋਨ ਤੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾਂ ਹੀ ਪੰਜਾਬ ਅਤੇ ਪੰਜਾਬੀਅਤ ਦੀ ਭਲਾਈ ਲਈ ਕੰਮ ਕਰਦਾ ਆਇਆ ਹੈ ਅਤੇ ਪਾਰਟੀ ਵਿੱਚ ਵਾਪਸੀ ਕਰਨ ਵਾਲੇ ਆਗੂਆਂ ਨਾਲ ਪਾਰਟੀ ਦੀ ਤਾਕਤ ਹੋਰ ਵਧੇਗੀ।



## ਧਾਰਮਿਕ ਸਮਾਗਮ ਅੱਜ

**ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)**- ਨਾਨਕਸ਼ਾਹੀ ਕੈਲੰਡਰ ਅਨੁਸਾਰ ਨਵੇਂ ਸਾਲ ਸੰਮਤ 558 ਦੇ ਆਗਮਨ ਦੀ ਖੁਸ਼ੀ ਅਤੇ ਚੇਤ ਮਹੀਨੇ ਦੀ ਸੰਗਰਾਂਦ ਦੇ ਪਾਵਨ ਮੌਕੇ 'ਤੇ 14 ਮਾਰਚ, ਦਿਨ ਸ਼ਨੀਵਾਰ ਨੂੰ ਤਪ ਅਸਥਾਨ ਨਿਰਮਲ ਕੁਟੀਆ ਛੰਭਵਾਲੀ, ਪਿੰਡ ਪੰਡਵਾ ਵਿਖੇ ਇਹ ਪਵਿੱਤਰ ਦਿਹਾੜਾ ਬੜੀ ਸ਼ਰਧਾ, ਭਗਤੀ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਪਾਵਨ ਅਵਸਰ 'ਤੇ ਸੰਤਾਂ-ਮਹਾਂਪੁਰਸ਼ਾਂ ਦੀ ਹਾਜ਼ਰੀ ਵਿੱਚ ਗੁਰਬਾਣੀ ਕੀਰਤਨ, ਕਥਾ-ਵਿਚਾਰ ਹੋਵੇਗੀ । ਦੂਰ-ਦੂਰ ਤੋਂ ਆਉਣ ਵਾਲੀਆਂ ਸੰਗਤਾਂ ਇਸ ਧਾਰਮਿਕ ਸਮਾਗਮ ਵਿੱਚ ਸ਼ਾਮਲ ਹੋ ਕੇ ਗੁਰਬਾਣੀ ਦਾ ਆਨੰਦ ਮਾਣਨਗੀਆਂ ਅਤੇ ਨਵੇਂ ਨਾਨਕਸ਼ਾਹੀ ਸਾਲ ਦੀਆਂ ਖੁਸ਼ੀਆਂ ਸਾਂਝੀਆਂ ਕਰਨਗੀਆਂ। ਜਾਣਕਾਰੀ ਦਿੰਦਿਆਂ ਤਪ ਅਸਥਾਨ ਨਿਰਮਲ ਕੁਟੀਆ ਛੰਭਵਾਲੀ ਪਿੰਡ ਪੰਡਵਾਂ ਦੇ ਮੁਖ ਸੰਚਾਲਕ ਸ੍ਰੀਮਾਨ ਸੰਤ ਗੁਰਚਰਨ ਸਿੰਘ ਜੀ ਮਹਾਰਾਜ ਨੇ ਦਸਿਆ ਕਿ ਨਾਨਕਸ਼ਾਹੀ ਕੈਲੰਡਰ ਸਿੱਖ ਕੌਮ ਦਾ ਮਹੱਤਵਪੂਰਨ ਧਾਰਮਿਕ ਕੈਲੰਡਰ ਹੈ, ਜਿਸ ਦਾ ਨਾਂਅ ਸਿੱਖ ਧਰਮ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੇ ਨਾਂਅ 'ਤੇ ਰੱਖਿਆ ਗਿਆ ਹੈ। ਇਸ ਕੈਲੰਡਰ ਦਾ ਉਦੇਸ਼ ਸਿੱਖ ਇਤਿਹਾਸਕ ਦਿਹਾੜਿਆਂ ਤੇ ਗੁਰਪੁਰਬ ਨੂੰ ਇਕ ਨਿਸ਼ਚਿਤ ਤਾਰੀਖ ਅਨੁਸਾਰ ਮਨਾਉਣਾ ਹੈ ਤਾਂ ਜੋ ਸਾਰੀ ਦੁਨੀਆ ਵਿੱਚ ਵੱਸਦੀ ਸਿੱਖ ਸੰਗਤ ਇੱਕੋ ਦਿਨ ਇਹ ਪਾਵਨ ਦਿਹਾੜੇ ਮਨਾਏ। ਨਾਨਕਸ਼ਾਹੀ ਕੈਲੰਡਰ ਨੂੰ ਸਾਲ 2003 ਵਿੱਚ ਸਿੱਖਾਂ ਦੀ ਪ੍ਰਮੁੱਖ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਾਗੂ ਕੀਤਾ ਗਿਆ। ਇਹ ਕੈਲੰਡਰ ਸੂਰਜੀ ਪ੍ਰਣਾਲੀ 'ਤੇ ਆਧਾਰਿਤ ਹੈ, ਜਿਸ ਕਰਕੇ ਇਸ ਵਿੱਚ ਮਹੀਨਿਆਂ ਅਤੇ ਤਾਰੀਖਾਂ ਵਿੱਚ ਵੱਡਾ ਫਰਕ ਨਹੀਂ ਆਉਂਦਾ। ਇਸ ਦੇ ਉਲਟ ਪੁਰਾਣੇ ਬਿਕ੍ਰਮੀ ਕੈਲੰਡਰ ਵਿੱਚ ਗੁਰਪੁਰਬਾਂ ਦੀਆਂ ਤਾਰੀਖਾਂ ਹਰ ਸਾਲ ਬਦਲ ਜਾਂਦੀਆਂ ਸਨ। ਨਾਨਕਸ਼ਾਹੀ ਕੈਲੰਡਰ ਲਾਗੂ ਹੋਣ ਨਾਲ ਸਿੱਖ ਕੌਮ ਨੂੰ ਆਪਣੇ ਧਾਰਮਿਕ ਦਿਹਾੜਿਆਂ ਨੂੰ ਇਕਸਾਰ ਤਰੀਖਾਂ 'ਤੇ ਮਨਾਉਣ ਵਿੱਚ ਸਹੂਲਤ ਮਿਲੀ।ਨਾਨਕਸ਼ਾਹੀ ਨਵੇਂ ਸਾਲ ਦੇ ਮੌਕੇ 'ਤੇ ਗੁਰਦੁਆਰਿਆਂ ਵਿੱਚ ਵਿਸ਼ੇਸ਼ ਧਾਰਮਿਕ ਸਮਾਗਮ ਕਰਵਾਏ ਜਾਂਦੇ ਹਨ। ਇਸ ਦਿਨ ਗੁਰਬਾਣੀ ਕੀਰਤਨ, ਕਥਾ-ਵਿਚਾਰ ਅਤੇ ਅਰਦਾਸ ਰਾਹੀਂ ਨਵੇਂ ਸਾਲ ਦੀ ਸ਼ੁਰੂਆਤ ਕੀਤੀ ਜਾਂਦੀ ਹੈ।

## ਮੈਡੀਕਲ ਕੈਂਪ ਦੌਰਾਨ 150 ਮਰੀਜ਼ਾਂ ਦਾ ਨਿਰੀਖਣ

**ਦਸੂਹਾ (ਕਰਨੈਲ ਮਾਂਗਟ)** ਵਿਧਾਨਸਭਾ ਦਸੂਹਾ ਦੇ ਪਿੰਡ ਛਾਂਗਲਾ ਵਿਖੇ ਅਲਾਇੰਸ ਕਲੱਬ ਦਸੂਹਾ ਵੱਲੋਂ ਪ੍ਰਧਾਨ ਅਮਰੀਕ ਸਿੰਘ ਗੱਗੀ ਠੁਕਰਾਲ ਦੀ ਅਗਵਾਈ ਹੇਠ ਮੁਫਤ ਮੈਡੀਕਲ ਜਾਂਚ ਕੈਂਪ ਲਗਾਇਆ ਗਿਆ ਜਿਸ ਵਿੱਚ ਵੱਖ ਵੱਖ ਬੀਮਾਰੀਆਂ ਦੇ ਮਾਹਰਾਂ ਡਾਕਟਰਾਂ ਡਾ. ਰਣਬੀਰ ਸਿੰਘ ਸਹਾਰਾ, ਡਾ. ਸੁਰਿੰਦਰ ਸਿੰਘ, ਡਾ. ਆਰ ਕੇ ਨਈਅਰ, ਡਾ. ਪਰਮਜੀਤ ਕੌਰ ਤੇ ਡਾ. ਨਵਨੀਤ ਕੌਰ ਵੱਲੋਂ 150 ਮਰੀਜਾਂ ਦੀ ਜਾਂਚ ਕੀਤੀ ਗਈ। ਜਿਨਾਂ ਵਿੱਚੋਂ ਸਹਾਰਾ ਹਸਪਤਾਲ ਵਿਖੇ ਅੱਖਾਂ ਦੇ ਮੁਫਤ ਉਪਰੇਸ਼ਨਾਂ ਲਈ 40 ਮਰੀਜਾਂ ਨੂੰ ਚੁਣਿਆ ਗਿਆ। ਇਸ ਦੌਰਾਨ ਲੋੜਵੰਦ ਮਰੀਜਾਂ ਦੀ ਮੁਫਤ ਈ ਸੀ ਜੀ ਅਤੇ ਹੋਰ ਮੈਡੀਕਲ ਟੈਸਟ ਕੀਤੇ ਗਏ। ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਪੁੱਜੇ ਸਮਾਜ ਸੇਵੀ ਅਸ਼ਵਨੀ ਵਰਮਾ ਨੇ ਕਲੱਬ ਨੂੰ 11 ਹਜ਼ਾਰ ਰੁਪਏ ਦੀ ਸਹਿਯੋਗ ਰਾਸ਼ੀ ਭੇਟ ਕੀਤੀ। ਇਸ ਮੌਕੇ ਤੇ ਪ੍ਰਧਾਨ ਅਮਰੀਕ ਸਿੰਘ ਗੱਗੀ ਨੇ ਡਾਕਟਰਾਂ ਦੀ ਸਮੁੱਚੀ ਟੀਮ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਤਰਲੋਕ ਸਿੰਘ ਅਰੋੜਾ, ਕਿਰਪਾਲ ਸਿੰਘ ਪੁਰੀ, ਭੁਪਿੰਦਰ ਰੰਜਨ, ਰਾਜਨ ਰਲਹਣ, ਰਵਿੰਦਰ ਸ਼ਰਮਾ, ਰਾਜ ਕੁਮਾਰ ਕੌਸਲ, ਮਦਨ ਮੋਹਣ ਅਰੋੜਾ, ਬੀਬੀ ਜਤਿੰਦਰ ਕੌਰ ਠੁਕਰਾਲ, ਰਜਨੀ ਕੌਸਲ, ਰਜਨੀ ਸ਼ਰਮਾ, ਨਿੱਕੂ ਛਾਂਗਲਾ, ਸਹਿਬ ਸਿੰਘ, ਖੁਸ਼ਵੰਤ ਸਿੰਘ, ਸ਼ੇਰ ਪ੍ਰਤਾਪ ਸਿੰਘ, ਜੇਮਜ਼ ਗਿੱਲ, ਦੀਪੀ ਛਾਂਗਲਾ ਆਦਿ ਹਾਜ਼ਰ ਸਨ।



# ਸਰਕਾਰ ਘੜੂੰਆਂ ਦਾ ਮਾਸਟਰ ਪਲਾਨ ਜਲਦ ਤੋਂ ਜਲਦ ਜਾਰੀ ਕਰੇ : ਭਾਰਤੀ ਕਿਸਾਨ ਯੂਨੀਅਨ



**ਮੋਰਿੰਡਾ (ਨਿਹਾਲ ਸਿੰਘ ਕਲਸੀ)**

ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੀ ਮੀਟਿੰਗ ਹੋਈ। ਜਿਸ ਵਿੱਚ ਕਿਸਾਨਾਂ ਨੂੰ ਆ ਰਹੀਆਂ ਸਮੱਸਿਆਵਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਖਾਸ ਤੌਰ ਤੇ ਨਗਰ ਪੰਚਾਇਤ ਘੜੂੰਆਂ ਦੇ ਮਾਸਟਰ ਪਲਾਨ ਨਾ ਆਉਣ ਸਬੰਧੀ ਵਿਚਾਰ ਕੀਤੀ ਗਈ। ਕਿਸਾਨ ਆਗੂ ਸਰਬਜੀਤ ਸਿੰਘ ਲਹਿਰਾ, ਜ਼ਿਲਾ ਪ੍ਰਧਾਨ ਦਵਿੰਦਰ ਸਿੰਘ ਦੇਹਕਲਾ, ਜਨਰਲ ਸਕੱਤਰ ਜਸਪਾਲ ਸਿੰਘ ਨਿਆਮੀਆਂ ਅਤੇ ਚਰਨਜੀਤ ਸਿੰਘ ਢੀਂਡਸਾ ਨੇ ਕਿਹਾ ਕਿ ਨਗਰ ਪੰਚਾਇਤ ਘੜੂੰਆਂ ਦਾ ਮਾਸਟਰ ਪਲਾਨ ਨਾ ਆਉਣ ਕਾਰਨ ਲੋਕਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਕਿਹਾ ਕਿ ਨਗਰ ਨਿਵਾਸੀ ਪਿਛਲੇ ਚਾਰ ਸਾਲ ਤੋਂ ਮਾਸਟਰ ਪਲਾਨ ਦੀ ਉਡੀਕ ਕਰ ਰਹੇ ਹਨ। ਉਹਨਾਂ ਕਿਹਾ ਕਿ ਮਾਸਟਰ ਪਲਾਨ ਨਾ ਆਉਣ ਕਾਰਨ ਪ੍ਰੋਪਰਟੀ ਦਾ ਕਾਰੋਬਾਰ ਬਿਲਕੁਲ ਠੱਪ ਹੋ ਚੁੱਕਾ ਹੈ ਅਤੇ ਲੋਕਾਂ ਨੂੰ ਛੋਟੇ ਪਲਾਟਾਂ ਦੀਆਂ ਰਜਿਸਟਰੀਆਂ ਨਾ ਹੋਣ ਕਾਰਨ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਕਿਹਾ ਕਿ ਮਾਸਟਰ ਪਲਾਨ ਨਾ ਆਉਣ ਦੇ ਨਾਲ ਜਿੱਥੇ ਪ੍ਰੋਪਰਟੀ ਸਬੰਧੀ ਕਾਰੋਬਾਰ ਠੱਪ ਪਿਆ ਹੈ ਉੱਥੇ ਹੀ ਇਸ ਨਾਲ ਜੁੜੇ ਹੋਰ ਕਾਰੋਬਾਰ ਵੀ ਪ੍ਰਭਾਵਿਤ ਹੋ ਰਹੇ ਹਨ। ਉਹਨਾਂ ਕਿਹਾ ਕਿ ਨਗਰ ਪੰਚਾਇਤ ਘੜੂੰਆਂ ਦਾ ਮਾਸਟਰ ਪਲਾਨ ਆਉਣ ਨਾਲ ਹੀ ਇਲਾਕੇ ਦਾ ਸਰਬਪੱਖੀ ਵਿਕਾਸ ਹੋ ਸਕੇਗਾ। ਉਹਨਾਂ ਪੰਜਾਬ ਸਰਕਾਰ ਨੂੰ ਬੇਨਤੀ ਕੀਤੀ ਕਿ ਘੜੂੰਆਂ ਦਾ ਮਾਸਟਰ ਪਲਾਨ ਜਲਦ ਤੋਂ ਜਲਦ ਜਾਰੀ ਕੀਤਾ ਜਾਵੇ। ਉਹਨਾਂ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਆਉਣ ਵਾਲੇ ਕੁਝ ਦਿਨਾਂ ਵਿੱਚ ਮਾਸਟਰ ਪਲਾਨ ਜਾਰੀ ਨਾ ਕੀਤਾ ਜਾਂਦਾ ਤਾਂ ਉਹ ਰੋਸ ਧਰਨਾ ਲਗਾਉਣ ਲਈ ਮਜਬੂਰ ਹੋਣਗੇ। ਇਸ ਮੌਕੇ ਗੁਰਮੀਤ ਸਿੰਘ ਖੁਨੀਮਾਜਰਾ, ਕੁਲਵੰਤ ਸਿੰਘ ਰੁੜਕੀ, ਜਰਨੈਲ ਸਿੰਘ ਘੜੂੰਆਂ, ਅਮਰੀਕ ਸਿੰਘ ਭੋਲਾ, ਦਰਸ਼ਨ ਸਿੰਘ ਦੁਰਾਲੀ, ਕੁਲਵੰਤ ਸਿੰਘ ਚਿੱਲਾ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਆਗੂ ਹਾਜ਼ਰ ਸਨ।

# ਸੋਂਧ ਨੇ 'ਗੇਟਵੇ ਆਫ ਪੰਜਾਬ' ਯੋਜਨਾ ਇੱਕ ਮਹੀਨੇ 'ਚ ਪੂਰੀ ਹੋਣ ਦਾ ਦਿੱਤਾ ਭਰੋਸਾ



**ਡੇਰਾਬੱਸੀ (ਵਿਨੈ ਕੁਮਾਰ ਜੈਨ)**-ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਡੇਰਾਬੱਸੀ ਦੇ ਵਿਧਾਇਕ ਸ. ਕੁਲਜੀਤ ਸਿੰਘ ਰੰਧਾਵਾ ਨੇ ਸਰਕਾਰ ਤੋਂ ਪੁੱਛਿਆ ਕਿ ਕੀ ਡੇਰਾਬੱਸੀ ਹਲਕੇ ਨੂੰ 'ਗੇਟਵੇ ਆਫ ਪੰਜਾਬ' ਵਜੋਂ ਵਿਕਸਿਤ ਕਰਨ ਲਈ ਕੋਈ ਮਾਸਟਰ ਪਲਾਨ ਤਿਆਰ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਚੰਡੀਗੜ੍ਹ ਤੇ ਹਰਿਆਣਾ ਨਾਲ ਲੱਗਦਾ ਹੋਣ ਕਰਕੇ ਡੇਰਾਬੱਸੀ ਪੰਜਾਬ ਦਾ ਮੁੱਖ ਪ੍ਰਵੇਸ਼ ਦਰਵਾਜ਼ਾ ਹੈ ਅਤੇ ਇੱਥੇ ਸੁੰਦਰਤਾ ਅਤੇ ਸ਼ਹਿਰੀ ਵਿਕਾਸ ਲਈ ਵਿਸ਼ੇਸ਼ ਯੋਜਨਾਵਾਂ ਦੀ ਲੋੜ ਹੈ।ਇਸ ਦੇ ਜਵਾਬ ਵਿੱਚ ਕੈਬਿਨੇਟ ਮੰਤਰੀ ਤਰੁਨਪ੍ਰੀਤ ਸਿੰਘ ਸੋਂਧ ਨੇ ਕਿਹਾ ਕਿ ਪੰਜਾਬ ਵਿੱਚ ਜਿੱਥੇ-ਜਿੱਥੇ ਸੂਬੇ ਦੀਆਂ ਐਂਟਰੀਆਂ ਹਨ, ਉੱਥੇ ਵਿਰਾਸਤੀ ਗੇਟ ਬਣਾਉਣ ਦੀ ਪ੍ਰਕਿਰਿਆ ਲਗਭਗ ਪੂਰੀ ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਅੰਬਾਲਾ-ਸ਼ੰਭੂ, ਡੇਰਾਬੱਸੀ ਅਤੇ ਖਨੌਰੀ ਸਮੇਤ ਵੱਖ-ਵੱਖ ਦਾਖਲਾ ਬਿੰਦੂਆਂ 'ਤੇ ਸੁੰਦਰ ਵਿਰਾਸਤੀ ਗੇਟ ਤਿਆਰ ਕੀਤੇ ਜਾਣਗੇ ਤੇ ਇਸ ਵੇਲੇ ਟੈਂਡਰਿੰਗ ਪ੍ਰਕਿਰਿਆ ਚੱਲ ਰਹੀ ਹੈ।ਮੰਤਰੀ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਜਦੋਂ ਡੇਰਾਬੱਸੀ ਰਾਹੀਂ ਪੰਜਾਬ ਵਿੱਚ ਦਾਖਲ ਹੋਇਆ ਜਾਵੇਗਾ ਤਾਂ ਇਹ ਥਾਂ ਆਪਣੇ ਆਪ 'ਗੇਟਵੇ ਆਫ ਪੰਜਾਬ' ਵਜੋਂ ਵਿਕਸਿਤ ਹੋਵੇਗੀ। ਉਨ੍ਹਾਂ ਦੱਸਿਆ ਕਿ ਇਸ ਸੰਬੰਧੀ ਪ੍ਰਕਿਰਿਆ ਇੱਕ ਮਹੀਨੇ ਅੰਦਰ ਪੂਰੀ ਕਰਨ ਦੀ ਯੋਜਨਾ ਹੈ।ਇਸ ਮੌਕੇ ਵਿਧਾਇਕ ਰੰਧਾਵਾ ਨੇ ਮੰਤਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਡੇਰਾਬੱਸੀ ਹਲਕਾ ਇਸ ਪ੍ਰਾਜੈਕਟ ਨੂੰ ਅੱਗੇ ਵਧਾਉਣ ਲਈ ਸਰਕਾਰ ਨਾਲ ਪੂਰਾ ਸਹਿਯੋਗ ਦੇਵੇਗਾ। ਉਨ੍ਹਾਂ ਮੰਤਰੀ ਨੂੰ ਡੇਰਾਬੱਸੀ ਦਾ ਦੌਰਾ ਕਰਕੇ ਇਸ ਯੋਜਨਾ ਦੀ ਸ਼ੁਰੂਆਤ ਕਰਨ ਦੀ ਅਪੀਲ ਵੀ ਕੀਤੀ।

# ਐੱਲ ਪੀ ਯੂ ਦੇ ਸਾਲਾਨਾ ਐਂਟਰਪ੍ਰੀਨਿਓਰਸ਼ਿਪ ਕਨਕਲੇਵ 'ਚ 30,000 ਤੋਂ ਵੱਧ ਭਾਗੀਦਾਰਾਂ ਨੇ ਹਿੱਸਾ ਲਿਆ

**ਜਲੰਧਰ (ਸ਼ੈਲੀ ਐਲਬਰਟ)**

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਖੇ ਆਯੋਜਿਤ ਸਾਲਾਨਾ ਐਲਪੀਯੂ ਇੰਡੀਅਨ ਐਂਟਰਪ੍ਰੀਨਿਓਰਸ਼ਿਪ ਕਨਕਲੇਵ 2026, ਜਿਸਦਾ ਥੀਮ 'ਜਿੱਥੇ ਇਨੋਵੇਸ਼ਨ ਪ੍ਰੇਰਨਾ ਨੂੰ ਮਿਲਦਾ ਹੈ' ਸੀ, ਨੇ ਨਵੀਨਤਾ ਅਤੇ ਉੱਦਮਤਾ ਦੀ ਭਾਵਨਾ ਦਾ ਜਸ਼ਨ ਮਨਾਉਣ ਲਈ ਸਟਾਰਟਅੱਪਸ, ਵਿਦਿਆਰਥੀਆਂ, ਨਿਵੇਸ਼ਕਾਂ, ਸਲਾਹਕਾਰਾਂ ਅਤੇ ਉਦਯੋਗ ਦੇ ਨੇਤਾਵਾਂ ਨੂੰ ਇਕੱਠਾ ਕੀਤਾ। ਐਡੂ ਰੈਵੋਲਿਊਸ਼ਨ ਦੇ ਹਿੱਸੇ ਵਜੋਂ ਆਯੋਜਿਤ, ਇੱਕ ਪਹਿਲ ਜਿਸ ਦਾ ਉਦੇਸ਼ ਸਿੱਖਿਆ ਨੂੰ ਨਵੀਨਤਾ, ਉੱਦਮਤਾ ਅਤੇ ਅਸਲ-ਸੰਸਾਰ ਸਮੱਸਿਆ-ਹੱਲ ਲਈ ਇੱਕ ਉਤਪ੍ਰੇਰਕ ਵਿੱਚ ਬਦਲਣਾ ਹੈ, ਤਿੰਨ ਦਿਨਾਂ ਦੇ ਕਨਕਲੇਵ ਨੇ 30,000 ਤੋਂ ਵੱਧ ਹਾਜ਼ਰੀਨ ਨੂੰ ਆਕਰਸ਼ਿਤ ਕੀਤਾ ਅਤੇ ਇੱਕ ਸਟਾਰਟਅੱਪ ਪ੍ਰਦਰਸ਼ਨੀ, ਨਿਵੇਸ਼ਕ ਗੱਲਬਾਤ, ਵਰਕਸ਼ਾਪਾਂ ਅਤੇ ਉੱਚ-ਊਰਜਾ ਪਿਚਿੰਗ ਸੈਸ਼ਨ ਸ਼ਾਮਲ ਸਨ।ਇਸ ਸੰਮੇਲਨ ਦਾ ਉਦਘਾਟਨ ਭਾਰਤੀ ਅਦਾਕਾਰਾ, ਉੱਦਮੀ, ਅਤੇ ਭਾਰਤੀ ਰਾਸ਼ਟਰੀ ਨੈੱਟਬਾਲ ਟੀਮ ਦੀ ਸਾਬਕਾ ਕਪਤਾਨ ਅਤੇ ਸਾਬਕਾ ਭਾਰਤੀ ਰਾਸ਼ਟਰੀ ਬਾਸਕਟਬਾਲ ਖਿਡਾਰਨ, ਪ੍ਰਾਚੀ ਤਹਿਲਾਨ ਨੇ ਕੀਤਾ। ਵਿਦਿਆਰਥੀਆਂ ਅਤੇ ਨੌਜਵਾਨ ਉੱਦਮੀਆਂ ਨੂੰ ਸੰਬੋਧਨ ਕਰਦੇ ਹੋਏ, ਪ੍ਰਾਚੀ ਨੇ ਪੇਸ਼ੇਵਰ ਖੇਡਾਂ ਤੋਂ ਮਨੋਰੰਜਨ ਉਦਯੋਗ ਤੱਕ ਦੇ ਆਪਣੇ ਸਫ਼ਰ ਨੂੰ ਸਾਂਝਾ ਕੀਤਾ, ਇਹ ਉਜਾਗਰ ਕੀਤਾ ਕਿ ਕਿਵੇਂ ਦ੍ਰਿੜਤਾ, ਅਨੁਸ਼ਾਸਨ ਅਤੇ ਜੋਖਮ ਲੈਣ ਦੀ ਹਿੰਮਤ ਸਫਲਤਾ ਪ੍ਰਾਪਤ ਕਰਨ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਹਨ।ਸਟਾਰਟਅੱਪ ਪਿਚਿੰਗ ਮੁਕਾਬਲਾ ਆਈਕੋਨ 26 ਦਾ ਇੱਕ ਮੁੱਖ ਹਿੱਸਾ ਸੀ, ਜਿੱਥੇ ਚੋਟੀ ਦੇ 30 ਚੁਣੇ



ਗਏ ਸਟਾਰਟਅੱਪਾਂ ਨੇ ਨਿਵੇਸ਼ਕਾਂ ਅਤੇ ਉਦਯੋਗ ਮਾਹਰਾਂ ਨੂੰ ਆਪਣੇ ਵਿਚਾਰ ਪੇਸ਼ ਕੀਤੇ। ਯੂਨੀਵਰਸਿਟੀ ਦੇ ਨੇਤਾਵਾਂ ਦੀ ਅਗਵਾਈ ਵਾਲੇ ਉੱਦਮਾਂ ਵਿੱਚੋਂ, ਦ ਅਪਲਾਈਬਲ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਉਸ ਤੋਂ ਬਾਅਦ ਚਿਕੇਲਜ਼ (ਪ੍ਰੋਵਾ ਵਰਲਡ ਪ੍ਰਾਈਵੇਟ ਲਿਮਟਿਡ) ਅਤੇ ਸਮਰਥਿਆ ਡਿਫੈਂਸ ਨੇ ਸਥਾਨ ਪ੍ਰਾਪਤ ਕੀਤਾ। ਪਿਚਿੰਗ ਸੈਸ਼ਨ ਨੇ ਨੌਜਵਾਨ ਸੰਸਥਾਪਕਾਂ ਨੂੰ ਤਜਰਬੇਕਾਰ ਸਲਾਹਕਾਰਾਂ ਅਤੇ ਉੱਦਮ ਪੂੰਜੀਪਤੀਆਂ ਤੋਂ ਕੀਮਤੀ ਫੀਡਬੈਕ ਪ੍ਰਾਪਤ ਕਰਦੇ ਹੋਏ ਆਪਣੀਆਂ ਨਵੀਨਤਾਵਾਂ ਨੂੰ ਪ੍ਰਦਰਸ਼ਿਤ ਕਰਨ ਦਾ ਮੌਕਾ ਪ੍ਰਦਾਨ ਕੀਤਾ।

# ਸਰਕਾਰੀ ਹਾਈ ਸਕੂਲ ਵਿਖੇ ਕੰਪਿਊਟਰ ਲਗਾਏ



**ਮੋਰਿੰਡਾ (ਨਿਹਾਲ ਸਿੰਘ ਕਲਸੀ)**-ਪੰਜਾਬ ਸਰਕਾਰ ਵੱਲੋਂ ਵਿਦਿਆਰਥੀਆਂ ਨੂੰ ਅੱਜ ਦੇ ਯੁੱਗ ਦੇ ਹਾਣੀ ਬਣਾਉਣ ਲਈ ਸ਼ਹੀਦ ਕਾਂਸੀ ਰਾਮ ਸਰਕਾਰੀ ਹਾਈ ਸਕੂਲ ਮੜੌਲੀ ਕਲਾਂ ਵਿਖੇ ਪੰਜ ਕੰਪਿਊਟਰ ਲਗਾਏ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਕੁਲਵੰਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇਸ ਸਕੂਲ ਵਿੱਚ ਪੰਜ ਕੰਪਿਊਟਰ ਅਤੇ ਦੋ ਪੈਨਲ ਲਗਾਏ ਗਏ ਹਨ। ਇਹਨਾਂ ਦਾ ਉਦਘਾਟਨ ਆਪ ਦੇ ਸੀਨੀਅਰ ਆਗੂ ਅਤੇ ਪਿੰਡ ਦੇ ਸਰਪੰਚ ਗੁਰਮੀਤ ਸਿੰਘ ਬਾਰੂ ਨੇ ਕੀਤਾ। ਉਹਨਾਂ ਇਸ ਮੌਕੇ ਸਕੂਲ ਦੇ ਵਿਦਿਆਰਥੀਆਂ, ਸਟਾਫ ਮੈਂਬਰਾਂ, ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਅਤੇ ਪਤਵੰਤੇ ਸੱਜਣਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਦੇ ਇਸ ਉਦਮ ਦੀ ਜ਼ੋਰਦਾਰ ਸ਼ਲਾਘਾ ਕਰਦਿਆਂ ਆਖਿਆ ਕਿ ਨੌਜਵਾਨਾਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਕੰਪਿਊਟਰ ਸਿੱਖਿਆ ਅਤੀ ਜ਼ਰੂਰੀ ਹੈ।

ਹੋਰਨਾਂ ਤੋਂ ਇਲਾਵਾ ਕਰਨਲਜੀਤ ਸਿੰਘ ਟਿੰਕੂ, ਸੌਦਾਗਰ ਸਿੰਘ, ਪੰਚ ਖੁਸ਼ਵਿੰਦਰ ਸਿੰਘ ਕਿੱਕੀ, ਪੰਚ ਦਿਲਬਾਗ ਸਿੰਘ, ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਪਰਸਨ ਸੁਖਦੀਪ ਕੌਰ, ਮੈਂਬਰ ਕੇਵਲ ਜੋਸ਼ੀ, ਪ੍ਰਿੰਸੀਪਲ ਕੁਲਵੰਤ ਕੌਰ, ਸਮੂਹ ਸਟਾਫ ਗੁਰਚਰਨ ਸਿੰਘ, ਰਿਤੂ ਮਹਿਤਾ, ਸ਼ਾਰਦਾ ਰਾਣੀ, ਸ਼ਵੇਤਾ ਬਾਂਸਲ, ਤਜਿੰਦਰ ਕੌਰ, ਮਾਸਟਰ ਸਤਵਿੰਦਰ ਸਿੰਘ, ਗੁਰਨਾਮ ਸਿੰਘ, ਇੰਦਰਜੀਤ ਸਿੰਘ ਅਤੇ ਬਰਿੰਦਰ ਕੌਰ ਹਾਜ਼ਰ ਸਨ।

# ਖੰਡ ਮਿੱਲ ਦੀ ਮੇਂਟੀਨੈਂਸ ਦਾ ਕੰਮ ਕਰਵਾਇਆ

**ਨਵਾਂਸ਼ਹਿਰ (ਮਨੋਜ ਲਾਡੀ)**-ਮਿੱਲ ਦੇ ਵਿਭਾਗੀ ਮੁੱਖੀਆਂ ਨੇ ਦੱਸਿਆ ਕਿ ਨਵਾਂਸ਼ਹਿਰ ਦੇ ਸ਼ਹਿਰੀ ਵਾਸੀਆਂ ਨੂੰ ਨਵਾਂਸ਼ਹਿਰ ਸਹਿਕਾਰੀ ਖੰਡ ਮਿੱਲ ਵਿਖੇ ਸਥਾਪਤ ਕੋ-ਜੈਨਰੇਸ਼ਨ ਪਲਾਂਟ ਦੀ ਚਿਮਨੀ ਤੋਂ ਨਿਕਲਣ ਵਾਲੀ ਰਾਖ ਕਾਰਨ ਪਿਛਲੇ 2-3 ਸਾਲ ਤੋਂ ਕਾਫੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਜਿਸ ਦਾ ਮੁੱਖ ਕਾਰਨ ਪਹਿਲਾ ਕੋ-ਜੈਨਰੇਸ਼ਨ ਪਲਾਂਟ ਚਲਾ ਰਹੀ ਪਾਰਟੀ ਵੱਲੋਂ ਕੋ-ਜੈਨਰੇਸ਼ਨ ਪਲਾਂਟ ਦੀ ਰਿਪੇਅਰ ਮੈਂਟੀਨੈਂਸ ਦਾ ਕੰਮ ਸਹੀ ਤਰੀਕੇ ਨਾਲ ਨਾ ਕਰਵਾਉਣ ਸੀ ਪਰ ਕੋ-ਜੈਨਰੇਸ਼ਨ ਪਲਾਂਟ ਦੇ ਮਿੱਲ ਅਧੀਨ ਆਉਣ ਉਪਰੰਤ ਮਿੱਲ ਮੈਨੇਜਮੈਂਟ ਵੱਲੋਂ ਕੋ- ਜੈਨਰੇਸ਼ਨ ਪਲਾਂਟ ਦੇ ਈਐੱਸਪੀ ਯੂਨਿਟ, ਵੈੱਟ ਸਕਰੱਬਰ ਸਮੇਤ ਪਲਾਂਟ ਦੀ ਸਮੁੱਚੀ ਰਿਪੇਅਰ ਮੈਂਟੀਨੈਂਸ ਦਾ ਕੰਮ ਤਸੱਲੀਬਖਸ਼ ਤਰੀਕੇ ਨਾਲ ਮੁਕੰਮਲ ਕਰਵਾਇਆ ਅਤੇ ਇਸ ਸੀਜਨ 2025-26 ਦੌਰਾਨ ਕੋ-ਜੈਨਰੇਸ਼ਨ ਪਲਾਂਟ ਦੀ ਚਿਮਨੀ ਤੋਂ ਨਿਕਲਣ ਵਾਲੀ ਰਾਖ ਦੀ ਦਿੱਕਤ ਬਿਲਕੁਲ ਪੇਸ਼ ਨਹੀਂ ਆਈ ਹੈ ਜਿਸ ਤੇ ਸ਼ਹਿਰ ਵਾਸੀ ਵੀ ਪੂਰੀ ਤਰ੍ਹਾਂ ਨਾਲ ਸੰਤੁਸ਼ਟ ਨਜਰ ਆ ਰਹੇ ਹਨ।

# ਯੂਥ ਲੀਡਰਸ਼ਿਪ ਤੇ ਜਾਗਰੂਕਤਾ ਪ੍ਰੋਗਰਾਮ ਕਰਵਾਇਆ



**ਪੋਜੇਵਾਲ/ਬਲਾਚੌਰ (ਰਾਮ ਲਾਲ/ਜਸਵਿੰਦਰ ਬੈਂਸ)**-ਬਾਬਾ ਬਲਰਾਜ ਪੰਜਾਬ ਯੂਨੀਵਰਸਿਟੀ ਕਾਂਸਟਿਟੂਐਂਟ ਕਾਲਜ, ਬਲਾਚੌਰ ਦੇ ਰੇਡ ਰਿਬਨ ਕਲੱਬ ਦੇ ਪ੍ਰਤੀਨਿਧੀਆਂ ਨੇ ਚੰਡੀਗੜ੍ਹ ਯੂਨੀਵਰਸਿਟੀ ਵਿੱਚ ਆਯੋਜਿਤ ਰਾਜ ਪੱਧਰੀ ਯੂਥ ਲੀਡਰਸ਼ਿਪ ਅਤੇ ਜਾਗਰੂਕਤਾ ਪ੍ਰੋਗਰਾਮ 2025-26 ਵਿੱਚ ਭਾਗ ਲਿਆ। ਇਹ ਪ੍ਰੋਗਰਾਮ ਡਾਇਰੈਕਟੋਰੇਟ ਆਫ ਯੂਥ ਸਰਵਿਸਿਜ਼, ਪੰਜਾਬ ਵੱਲੋਂ ਪੰਜਾਬ ਸਟੇਟ ਏਡਜ਼ ਕੰਟਰੋਲ ਸੋਸਾਇਟੀ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ।ਇਸ ਰਾਜ ਪੱਧਰੀ ਪ੍ਰੋਗਰਾਮ ਵਿੱਚ ਪੰਜਾਬ ਦੇ ਵੱਖ-ਵੱਖ ਕਾਲਜਾਂ ਦੇ ਸਰਵੋਤਮ ਰੇਡ ਰਿਬਨ ਕਲੱਬਾਂ ਦੀ ਚੋਣ ਕਰਕੇ ਉਨ੍ਹਾਂ ਨੂੰ ਭਾਗ ਲੈਣ ਲਈ ਸੱਦਾ ਦਿੱਤਾ ਗਿਆ ਸੀ। ਚੁਣੇ ਗਏ ਕਲੱਬਾਂ ਦੇ ਕੋਆਰਡੀਨੇਟਰ ਅਤੇ ਪੀਅਰ ਐਜੂਕੇਟਰ ਇਸ ਪ੍ਰਸ਼ਿਕਸ਼ਣ ਅਤੇ ਜਾਗਰੂਕਤਾ ਕੈਂਪ ਵਿੱਚ ਸ਼ਾਮਲ ਹੋਏ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਨੌਜਵਾਨਾਂ ਵਿੱਚ ਐਚ.ਆਈ.ਵੀ./ਏਡਜ਼ ਬਾਰੇ ਜਾਗਰੂਕਤਾ ਵਧਾਉਣਾ, ਨੇਤ੍ਰਿਤਵ ਸਮਰੱਥਾ ਦਾ ਵਿਕਾਸ ਕਰਨਾ ਅਤੇ ਸਮਾਜ ਵਿੱਚ ਸਿਹਤ ਸੰਬੰਧੀ ਸਕਾਰਾਤਮਕ ਸੰਦੇਸ਼ ਫੈਲਾਉਣਾ ਸੀ।ਕਾਲਜ ਦੀ ਓਰੋਂ ਰੇਡ ਰਿਬਨ ਕਲੱਬ ਦੀ ਕੋਆਰਡੀਨੇਟਰ ਸਹਾਇਕ ਪ੍ਰੋਫੈਸਰ (ਅੰਗਰੇਜ਼ੀ) ਨੰਦਿਨੀ ਨੇ ਪ੍ਰੋਗਰਾਮ ਵਿੱਚ ਭਾਗ ਲਿਆ। ਉਨ੍ਹਾਂ ਦੇ ਨਾਲ ਕਲੱਬ ਦੀ ਮੈਂਬਰ ਸਹਾਇਕ ਪ੍ਰੋਫੈਸਰ ਦਾਕਸ਼ੀ ਜੈਨ ਵੀ ਮੌਜੂਦ ਰਹੀ। ਇਸ ਤੋਂ ਇਲਾਵਾ ਕਾਲਜ ਦੀ ਪੀਅਰ ਐਜੂਕੇਟਰ ਵਿਦਿਆਰਥਣ ਅਰਸ਼ਪ੍ਰੀਤ ਕੌਰ ਨੇ ਵੀ ਪ੍ਰੋਗਰਾਮ ਵਿੱਚ ਸਰਗਰਮੀ ਨਾਲ ਭਾਗ ਲਿਆ। ਅਰਸ਼ਪ੍ਰੀਤ ਕੌਰ ਨੇ ਵੱਖ-ਵੱਖ ਸੈਸ਼ਨਾਂ ਅਤੇ ਗਤੀਵਿਧੀਆਂ ਵਿੱਚ ਭਾਗ ਲੈ ਕੇ ਨੌਜਵਾਨਾਂ ਵਿੱਚ ਜਾਗਰੂਕਤਾ ਫੈਲਾਉਣ ਨਾਲ ਸੰਬੰਧਿਤ ਚਰਚਾਵਾਂ ਵਿੱਚ ਆਪਣੀ ਭਾਗੀਦਾਰੀ ਦਰਜ ਕਰਵਾਈ।

# ਆਰ ਬੀ ਯੂ ਨੇ ਸਾਈਬਰ ਅਪਰਾਧ ਪ੍ਰਤੀ ਜਾਗਰੂਕਤਾ ਰੈਲੀ ਕਰਵਾਈ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਯੂਨੀਵਰਸਿਟੀ ਸਕੂਲ ਆਫ਼ ਲਾਅ ਨੇ ਪਿੰਡ ਬੋਹਣ ਦੇ ਵਾਸੀਆਂ ਨੂੰ ਸਾਈਬਰ ਅਪਰਾਧ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਇੱਕ ਜਾਗਰੂਕਤਾ ਰੈਲੀ ਦਾ ਆਯੋਜਨ ਕੀਤਾ। ਇਹ ਰੈਲੀ 'ਥਿੰਕ ਬੀਫੋਰ ਯੂ ਕਲਿੱਕ: ਸਾਈਬਰ ਲਾਅ ਫਾਰ ਏ ਸੇਫ ਡਿਜੀਟਲ ਲਾਈਫ' ਥੀਮ ਦੇ ਤਹਿਤ ਆਯੋਜਿਤ ਕੀਤੀ ਗਈ ਸੀ। ਇਹ ਪ੍ਰੋਗਰਾਮ ਡੀਨ ਡਾ. ਰੰਗਨਾਥ ਸਿੰਘ ਅਤੇ ਵਿਭਾਗ ਦੀ ਮੁਖੀ ਡਾ. ਪ੍ਰਿਯੰਕਾ ਪੁਰੀ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ ਸੀ। ਜਾਣਕਾਰੀ ਦਿੰਦੇ ਹੋਏ, ਸਹਾਇਕ ਪ੍ਰੋਫੈਸਰ ਅਲਕਾ ਰਾਣੀ ਨੇ ਦੱਸਿਆ ਕਿ ਵਿਭਾਗ ਦੇ 65 ਵਿਦਿਆਰਥੀਆਂ ਤੇ ਚਾਰ ਪੈਰਾਲੀਗਲ ਵਲੰਟੀਅਰਾਂ ਨੇ ਰੈਲੀ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਜਾਗਰੂਕਤਾ ਸੰਦੇਸ਼ਾਂ ਵਾਲੇ ਤਖ਼ਤੀਆਂ ਫੜ ਕੇ, ਵਿਦਿਆਰਥੀਆਂ ਨੇ ਲੋਕਾਂ ਨੂੰ ਸਾਈਬਰ ਸੁਰੱਖਿਆ ਦਾ ਅਭਿਆਸ ਕਰਨ ਅਤੇ ਜ਼ਿੰਮੇਵਾਰ ਡਿਜੀਟਲ ਵਿਵਹਾਰ ਅਪਨਾਉਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਲੋਕਾਂ ਨੂੰ ਸਾਈਬਰ ਅਪਰਾਧਾਂ ਦੇ ਵਧ ਰਹੇ ਪ੍ਰਚਲਨ ਬਾਰੇ ਵੀ ਜਾਣਕਾਰੀ ਦਿੱਤੀ, ਜਿਸ ਵਿੱਚ ਔਨਲਾਈਨ ਧੋਖਾਧੜੀ, ਪਛਾਣ ਚੋਰੀ, ਸਾਈਬਰ ਧੱਕੇਸ਼ਾਹੀ ਅਤੇ ਸੋਸ਼ਲ ਮੀਡੀਆ ਦੀ ਦੁਰਵਰਤੋਂ ਸ਼ਾਮਲ ਹੈ। ਇਸ ਰੈਲੀ ਦੇ ਕੋਆਰਡੀਨੇਟਰ, ਸਹਾਇਕ ਪ੍ਰੋਫੈਸਰ ਰਾਹੁਲ ਮਧਾਰਾ ਨੇ ਕਿਹਾ ਕਿ ਰੈਲੀ ਦੌਰਾਨ ਵਿਦਿਆਰਥੀਆਂ ਨੇ ਪਿੰਡ ਵਿੱਚ ਘਰ-ਘਰ ਜਾ ਕੇ ਪਿੰਡ ਵਾਸੀਆਂ ਨੂੰ ਜਾਗਰੂਕ ਕੀਤਾ ਤੇ ਉਨ੍ਹਾਂ ਨੂੰ ਸਾਈਬਰ ਅਪਰਾਧਾਂ ਨੂੰ ਰੋਕਣ ਦੇ ਉਪਾਵਾਂ ਅਤੇ ਸਾਈਬਰ ਕਾਨੂੰਨਾਂ ਤਹਿਤ ਉਪਲਬਧ ਕਾਨੂੰਨੀ ਪ੍ਰਬੰਧਾਂ ਬਾਰੇ ਵੀ ਜਾਗਰੂਕ ਕੀਤਾ।




# ਜੀ ਐੱਨ ਐੱਮ ਨਰਸਿੰਗ (ਪਹਿਲਾ ਸਾਲ) ਦੇ ਟੌਪਰ ਵਿਦਿਆਰਥੀ ਸਨਮਾਨਤ

**ਬੰਗਾ (ਅਵਤਾਰ ਕਲੇਰ)**

ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਕਲਾਸ ਜੀ. ਐਨ.ਐਮ. ਪਹਿਲਾ ਸਾਲ ਦਾ ਸ਼ਾਨਦਾਰ ਨਤੀਜਾ ਸੌ ਫੀਸਦੀ ਆਇਆ ਹੈ ਤੇ ਸਾਰੇ ਵਿਦਿਆਰਥੀਆਂ ਅੱਵਲ ਦਰਜੇ ਵਿਚ ਪਾਸ ਹੋਏ ਹਨ। ਇਹ ਜਾਣਕਾਰੀ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਟੌਪਰ ਵਿਦਿਆਰਥੀਆਂ ਦਾ ਸਨਮਾਨ ਕਰਨ ਮੌਕੇ ਦਿੱਤੀ। ਢਾਹਾਂ ਨੇ ਦੱਸਿਆ ਜੀ ਐੱਨ ਐੱਮ ਨਰਸਿੰਗ ਪਹਿਲਾ ਸਾਲ ਵਿੱਚ ਮਨਰੀਤ ਕੌਰ ਢਿੱਲੋਂ ਪੁੱਤਰੀ ਜਗਦੀਪ ਸਿੰਘ ਢਿੱਲੋਂ-ਰਾਜਵਿੰਦਰ ਕੌਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਪਹਿਲਾਂ ਸਥਾਨ ਹਾਸਲ ਕੀਤੀ ਹੈ। ਦੂਜਾ ਸਥਾਨ ਮਨਦੀਪ ਕੌਰ ਪੁੱਤਰੀ ਸਤਨਾਮ ਸਿੰਘ-ਕਮਲਜੀਤ ਕੌਰ ਮਾਣਕਾਂ ਨੇ ਪ੍ਰਾਪਤ ਕੀਤਾ। ਜਦਕਿ ਤੀਜਾ ਸਥਾਨ ਦੋ ਵਿਦਿਆਰਥੀਆਂ ਕੋਮਲਪ੍ਰੀਤ ਕੌਰ ਪੁੱਤਰੀ ਬਹਾਦਰ ਸਿੰਘ-ਜਸਵਿੰਦਰ ਕੌਰ ਭੱਜਲ ਅਤੇ ਅਲੀਸ਼ਾ ਪੁੱਤਰੀ ਗੁਰਬਖਸ਼ ਸਿੰਘ-ਕੁਲਵਿੰਦਰ ਕੌਰ ਲਕਸੀਹਾਂ ਨੇ ਇੱਕੋ ਜਿਹੇ ਅੰਕ ਪ੍ਰਾਪਤ ਕਰਕੇ ਕੀਤਾ । ਇਸ ਸ਼ਾਨਦਾਰ ਨਤੀਜੇ ਲਈ ਢਾਹਾਂ ਨੇ ਸਮੂਹ ਟਰੱਸਟ ਵੱਲੋਂ ਵਿਦਿਆਰਥੀਆਂ, ਉਹਨਾਂ ਦੇ ਮਾਪਿਆਂ, ਅਧਿਆਪਕਾਂ ਅਤੇ ਕਾਲਜ ਪ੍ਰਿੰਸੀਪਲ ਨੂੰ ਹਾਰਦਿਕ ਵਧਾਈਆਂ ਦਿੱਤੀਆਂ । ਉਹਨਾਂ ਨੇ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ ਕਰਦੇ ਹੋਏ, ਮਿਹਨਤ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ।ਮੌਕੇ ਕਲਾਸ ਇੰਚਾਰਜ ਰੀਤੂ, ਗੁਰਦੀਪ ਕੌਰ, ਸੰਦੀਪ ਕੌਰ ਸੂਦਨ, ਵੰਦਨਾ ਬਸਰਾ, ਮਨਦੀਪ ਕੌਰ, ਮੁਹੰਮਦ ਯੂਨਸ ਵਾਨੀ, ਸੁਨੀਤਾ ਲਖਵਾੜਾ, ਨੇਹਾ ਰਾਣੀ, ਰੁਪਿੰਦਰ ਸ਼ਰਮਾ (ਸਾਰੇ ਅਧਿਆਪਕ) ਅਤੇ ਵਿਦਿਆਰਥੀ ਹਾਜ਼ਰ ਸਨ। ਵਧੀਆ ਨਤੀਜਾ ਆਉਣ ਦੀ ਖੁਸ਼ੀ ਵਿਚ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਮੂੰਹ ਮਿੱਠਾ ਵੀ ਕਰਵਾਇਆ ਗਿਆ।



# ਟੈਕਨੀਕਲ ਅਸਿਸਟੈਂਟ ਦੀ ਟ੍ਰੇਨਿੰਗ ਕਰਵਾਈ



**ਨਵਾਂਸ਼ਹਿਰ, (ਮਨੋਜ ਲਾਡੀ)**-ਸੈਸਜ਼ 2027 ਸਬੰਧੀ ਜ਼ਿਲ੍ਹੇ ਦੇ ਸਮੂਹ ਅਫ਼ਸਰਾਂ/ਚਾਰਜ ਅਫਸਰਾਂ ਅਤੇ ਟੈਕਨੀਕਲ ਅਸਿਸਟੈਂਟ ਦੀ ਦੋ ਰੋਜ਼ਾ ਟ੍ਰੇਨਿੰਗ 11 ਤੋਂ 12 ਮਾਰਚ ਤੱਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨਵਾਂਸ਼ਹਿਰ ਦੇ ਮੀਟਿੰਗ ਹਾਲ ਵਿਖੇ ਕਰਵਾਈ ਗਈ। ਇਹ ਟ੍ਰੇਨਿੰਗ ਡਿਪਟੀ ਕਮਿਸ਼ਨਰ-ਕਮ-ਪ੍ਰਿੰਸੀਪਲ ਸੈਸਜ਼ ਅਫਸਰ ਗੁਲਪ੍ਰੀਤ ਸਿੰਘ ਔਲਖ ਅਤੇ ਵਧੀਕ ਡਿਪਟੀ ਕਮਿਸ਼ਨਰ(ਜ)-ਕਮ- ਜਿਲ੍ਹਾ ਸੈਸਜ਼ ਅਫਸਰ ਬਲਬੀਰ ਰਾਜ ਸਿੰਘ ਦੀ ਅਗਵਾਈ ਵਿੱਚ ਕਰਵਾਈ ਗਈ।ਡਾਇਰੈਕਟਰ ਸੈਸਜ਼ ਓਪਰੇਸ਼ਨ ਚੰਡੀਗੜ੍ਹ ਤੋਂ ਆਏ ਡਿਪਟੀ ਡਾਇਰੈਕਟਰ ਅਮਿਤ ਕੁਮਾਰ ਭਾਰਗਵ ਅਤੇ ਵਿਕਾਸ ਕੁਮਾਰ(ਸਟੈਟਿਸਟੀਕਲ ਇੰਨਵੈਸਟੀਗੇਟਰ) ਵੱਲੋਂ ਜਿਲ੍ਹੇ ਦੇ ਸਾਰੇ ਅਫਸਰਾਂ/ਚਾਰਜ ਅਫਸਰਾਂ/ਟੈਕਨੀਕਲ ਅਸਿਸਟੈਂਟ ਨੂੰ ਸੈਸਜ਼ 2027 ਸਬੰਧੀ ਵਿਸਥਾਰਪੂਰਵਕ ਟ੍ਰੇਨਿੰਗ ਦਿੱਤੀ ਗਈ। ਸੈਸਜ਼ 2027 ਨੂੰ ਪੰਜਾਬ ਵਿੱਚ 2 ਫੇਸਾਂ ਵਿੱਚ ਮੁਕੰਮਲ ਕੀਤਾ ਜਾਣਾ ਹੈ। ਪਹਿਲੇ ਫੇਸ ਵਿੱਚ ਹਾਊਸ ਲਿਸਟਿੰਗ ਅਤੇ ਹਾਊਸਿੰਗ ਸੈਸਜ਼ ਦਾ ਕੰਮ ਕੀਤਾ ਜਾਣਾ ਹੈ,ਜ਼ੋ ਕਿ ਮਿਤੀ: 15 ਮਈ 2026 ਤੋਂ 13 ਜੂਨ 2026 ਤੱਕ ਕੀਤਾ ਜਾਵੇਗਾ ਅਤੇ ਫੇਸ 2 ਵਿੱਚ ਪਾਪੂਲੇਸ਼ਨ ਇਨੂੰਮੀਰੇਸ਼ਨ ਦਾ ਕੰਮ ਕੀਤਾ ਜਾਣਾ ਹੈ,ਜ਼ੋ ਕਿ ਫਰਵਰੀ 2027 ਵਿੱਚ ਹੋਵੇਗਾ। ਇਸ ਮੌਕੇ 'ਤੇ ਐੱਸ ਡੀ ਐੱਮ ਨਵਾਂਸ਼ਹਿਰ ਅਨਮਜਯੋਤ ਕੌਰ ਤੇ ਜ਼ਿਲ੍ਹੇ ਦੇ ਸਮੂਹ ਅਫ਼ਸਰ ਹਾਜ਼ਰ ਸਨ।

# ਜਮ੍ਹਾਂਖੋਰੀ ਕਰਨ ਵਾਲਿਆਂ 'ਤੇ ਹੋਵੇਗੀ ਸਖ਼ਤ ਕਾਰਵਾਈ : ਆਸ਼ਿਕਾ ਜੈਨ

**ਹੁਸ਼ਿਆਰਪੁਰ, (ਓ ਪੀ ਰਾਣਾ)**

ਮੌਜੂਦਾ ਹਾਲਾਤਾਂ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਪੈਟਰੋਲ, ਡੀਜ਼ਲ ਅਤੇ ਘਰੇਲੂ ਐਲਪੀਜੀ ਗੈਸ ਦੀ ਲੋੜੀਂਦੀ ਉਪਲਬਧਤਾ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਕੋਈ ਕਮੀ ਨਹੀਂ ਹੈ।ਖੁਰਾਕ ਅਤੇ ਸਪਲਾਈ ਕੰਟਰੋਲਰ, ਪੈਟਰੋਲ ਪੰਪ ਐਸੋਸੀਏਸ਼ਨ, ਗੈਸ ਏਜੰਸੀਆਂ ਦੇ ਨੁਮਾਇੰਦੇ, ਤੇਲ ਮਾਰਕੀਟਿੰਗ ਕੰਪਨੀਆਂ ਦੇ ਸਬੰਧਤ ਵਿਕਰੀ ਅਧਿਕਾਰੀ ਅਤੇ ਆਈਓਸੀਐਲ ਦੇ ਜ਼ਿਲ੍ਹਾ ਪੱਧਰੀ ਕੋਆਰਡੀਨੇਟਰ ਨਾਲ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਖੇ ਮੀਟਿੰਗ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੌਜੂਦਾ ਬਣੀ ਸਥਿਤੀ ਦੇ ਮੱਦੇਨਜ਼ਰ ਜਿਲੇ ਵਿੱਚ ਤੇਲ ਜਾਂ ਗੈਸ ਸਪਲਾਈ ਦੀ ਕੋਈ ਕਿੱਲਤ ਨਹੀਂ ਹੈ ਤੇ ਲੋਕਾਂ ਨੂੰ ਕਿਸੇ ਵੀ ਪੱਖੋਂ ਘਬਰਾਉਣ ਦੀ ਲੋੜ ਨਹੀਂ ਹੈ।



ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਪੈਟਰੋਲ, ਡੀਜ਼ਲ ਅਤੇ ਘਰੇਲੂ ਐਲਪੀਜੀ ਗੈਸ ਦੀ ਢੁੱਕਵੀਂ ਉਪਲਬਧਤਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਤੇਲ ਕੰਪਨੀਆਂ ਵੱਲੋਂ ਲਗਾਤਾਰ ਸਪਲਾਈ ਜਾਰੀ ਹੈ ਜਿਸ ਨਾਲ ਲੋਕਾਂ ਦੀਆਂ ਜ਼ਰੂਰਤਾਂ ਪੂਰੀਆਂ ਹੋ ਰਹੀਆਂ ਹਨ । ਉਨ੍ਹਾਂ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਮੌਜੂਦਾ ਹਾਲਾਤਾਂ ਦੇ ਮੱਦੇਨਜ਼ਰ ਕਿਸੇ ਵੀ ਤਰ੍ਹਾਂ ਦੀਆਂ ਅਫਵਾਹਾਂ ਵੱਲ ਧਿਆਨ ਨਾ ਦਿੱਤਾ ਜਾਵੇ ਅਤੇ ਘਬਰਾਹਟ ਵਿੱਚ ਪੈਟਰੋਲ, ਡੀਜ਼ਲ ਜਾਂ ਗੈਸ ਦੀ ਬੇਲੋੜੀ ਖਰੀਦਦਾਰੀ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਸਥਿਤੀ 'ਤੇ ਨਿਰੰਤਰ ਨਜ਼ਰ ਰੱਖ ਰਿਹਾ ਹੈ ਅਤੇ ਜ਼ਰੂਰੀ ਵਸਤਾਂ ਦੀ ਸਪਲਾਈ ਸੁਚਾਰੂ ਢੰਗ ਨਾਲ ਜਾਰੀ ਹੈ। ਉਨ੍ਹਾਂ ਇਹ ਵੀ ਚੇਤਾਵਨੀ ਦਿੱਤੀ ਕਿ ਜੇਕਰ ਕੋਈ ਵਿਅਕਤੀ ਪੈਟਰੋਲ, ਡੀਜ਼ਲ ਜਾਂ ਘਰੇਲੂ ਗੈਸ ਦੀ ਜਮ੍ਹਾਖੋਰੀ ਕਰਦਾ ਪਾਇਆ ਗਿਆ ਤਾਂ ਉਸ ਵਿਰੁੱਧ ਨਿਯਮਾਂ ਅਨੁਸਾਰ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਚੌਂਕੀ ਇੰਚਾਰਜ ਨੇ ਚਾਰਜ ਸੰਭਾਲਿਆ

**ਅੱਡਾ ਸਰਾਂ (ਜਸਵੀਰ ਕਾਜਲ)**-ਜ਼ਿਲ੍ਹਾ ਪੁਲਸ ਮੁਖੀ ਹੁਸ਼ਿਆਰਪੁਰ ਦੇ ਦਿਸਾ ਨਿਰਦੇਸ਼ਾ ਹੇਠ ਤੇ ਡੀ ਐਸ ਪੀ ਦਵਿੰਦਰ ਸਿੰਘ ਬਾਜਵਾ ਟਾਡਾਂ, ਥਾਣਾ ਮੁਖੀ ਗੁਰਿੰਦਰਜੀਤ ਸਿੰਘ ਦੇ ਹੁਕਮਾਂ ਤਹਿਤ ਅੱਡਾ ਸਰਾਂ ਦੇ ਚੌਕੀ ਦਾ ਚਾਰਜ ਸੰਭਾਲਣ ਮੌਕੇ ਏ ਐੱਸ ਆਈ ਰਾਜੇਸ਼ ਕੁਮਾਰ ਨੇ ਸਥਾਨਕ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਲਾਕੇ ਵਿੱਚ ਅਮਨ ਸ਼ਾਤੀ ਤੇ ਕਾਨੂੰਨ ਦੀ ਵਿਵਸਥਾ ਨੂੰ ਹਰ ਕੀਮਤ ਤੇ ਬਹਾਲ ਰੱਖਿਆ ਜਾਵੇਗਾ। ਉਨਾ ਕਿਹਾ ਸਮਾਜ ਵਿਰੋਧੀ ਤੇ ਸ਼ਰਾਰਤੀ ਅਨਸਰਾਂ ਨੂੰ ਵੀ ਨੱਥ ਪਾਈ ਜਾਵੇਗੀ। ਚੌਂਕੀ ਇੰਚਾਰਜ ਨੇ ਕਿਹਾ ਕਿ ਹਰੇਕ ਵਿਅਕਤੀ ਟਰੈਫਿਕ ਨਿਯਮਾਂ ਦੀ ਪਾਲਣਾ ਕਰੇ ਤੇ ਪੂਰੇ ਕਾਗਜਾਤ ਰੱਖਣ। ਉਨ੍ਹਾਂ ਕਿਹਾ ਬੁਲਟ ਮੋਟਰਸਾਈਕਲਾਂ ਦੇ ਪਟਾਕੇ ਮਾਰਨ ਵਾਲਿਆਂ ਤੇ ਵੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਏ ਐੱਸ ਆਈ ਗੁਰਮੀਤ ਸਿੰਘ, ਏ ਐੱਸ ਆਈ ਜਗਜੀਤ ਸਿੰਘ, ਏ ਐੱਸ ਆਈ ਬੁਧ ਸਿੰਘ, ਹੈਡਕਾਸਟੇਬਲ ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।



# ਸਾਲਾਨਾ 'ਅਥਲੈਟਿਕ ਮੀਟ' ਕਰਵਾਈ



**ਆਦਮਪੁਰ (ਪਰਮਜੀਤ ਸਿੰਘ)**

ਸਤਿਕਾਰ ਯੋਗ ਸੰਤ ਬਾਬਾ ਮਲਕੀਤ ਸਿੰਘ (ਬਾਨੀ ਚਾਂਸਲਰ) ਅਤੇ ਸੰਤ ਬਾਬਾ ਦਿਲਾਵਰ ਸਿੰਘ (ਬ੍ਰਹਮ ਜੀ) ਦੇ ਆਸ਼ੀਰਵਾਦ ਨਾਲ, ਮਾਣਯੋਗ ਚਾਂਸਲਰ ਸੰਤ ਮਨਮੋਹਨ ਸਿੰਘ ਦੀ ਪ੍ਰੇਰਨਾ ਨਾਲ ਅਤੇ ਉਪ-ਕੁਲਪਤੀ ਪ੍ਰੋ. (ਡਾ.) ਵਿਜੈ ਧੀਰ ਤੇ ਸ. ਹਰਦਮਨ ਸਿੰਘ ਮਿਨਹਾਸ (ਸਕੱਤਰ, ਸੰਤ ਬਾਬਾ ਭਾਗ ਸਿੰਘ ਮੈਮੋਰੀਅਲ ਚੈਰੀਟੇਬਲ ਸੁਸਾਇਟੀ) ਦੀ ਅਗਵਾਈ ਵਿੱਚ ਅਥਲੈਟਿਕ ਮੀਟ ਕਰਵਾਈ ਗਈ।ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ-ਗਾਇਨ ਨਾਲ ਹੋਈ । ਉਪਰੰਤ ਅਥਲੈਟਿਕਸ ਦੀਆਂ ਸਭ ਤੋਂ ਪ੍ਰਤੀਕਾਤਮਕ ਪਰੰਪਰਾਵਾਂ ਵਿੱਚੋਂ ਅਹਿਮ, ਮਾਰਚ ਪਾਸਟ ਕੀਤਾ ਗਿਆ ਜਿਸ ਵਿੱਚ ਯੂਨੀਵਰਸਿਟੀ ਦੇ ਐੱਨ ਸੀ ਸੀ ਦੇ ਕੈਡਿਟ ਅਤੇ ਵੱਖ-ਵੱਖ ਇੰਸਟੀਚਿਊਟ ਦੇ ਵਿਦਿਆਰਥੀਆਂ ਨੇ ਭਾਗ ਲਿਆ।ਮਾਨਯੋਗ ਚਾਂਸਲਰ ਸੰਤ ਮਨਮੋਹਨ ਸਿੰਘ ਤੋਂ ਅਥਲੈਟਿਕ ਮੀਟ ਨੂੰ ਸ਼ੁਰੂ ਕਰਨ ਦੀ ਆਗਿਆ ਲੈ ਕੇ ਅਥਲੈਟਿਕ ਮੀਟ ਦਾ ਆਗਾਜ਼ ਹੋਇਆ। ਉਪ-ਕੁਲਪਤੀ ਪ੍ਰੋ. (ਡਾ.) ਵਿਜੈ ਧੀਰ ਨੇ ਆਪਣੇ ਸੰਬੋਧਨੀ ਸ਼ਬਦਾਂ ਵਿਚ ਆਏ ਹੋਏ ਮਹਿਮਾਨਾ ਦਾ ਸਵਾਗਤ ਕੀਤਾ ਅਤੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਖੇਡਾਂ ਵਿਦਿਆਰਥੀਆਂ ਦੀ ਜ਼ਿੰਦਗੀ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਖੇਡਾਂ ਸਰੀਰਕ ਤੰਦਰੁਸਤੀ ਦੇ ਨਾਲ-ਨਾਲ ਅਨੁਸ਼ਾਸਨ, ਟੀਮ ਭਾਵਨਾ ਅਤੇ ਆਤਮ-ਵਿਸ਼ਵਾਸ ਦਾ ਵਿਕਾਸ ਕਰਦੀਆਂ ਹਨ । ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿਚ ਭਾਗ ਲੈਣ ਲਈ ਪ੍ਰੇਰਿਤ ਕੀਤਾ।100 ਮੀਟਰ ਦੌੜ (ਲੜਕੇ ਅਤੇ ਲੜਕੀਆਂ), 80 ਮੀਟਰ ਦੌੜ (ਲੜਕੀਆਂ),200 ਮੀਟਰ ਦੌੜ (ਲੜਕੇ ਅਤੇ ਲੜਕੀਆਂ),400 ਮੀਟਰ ਦੌੜ (ਲੜਕੇ ਅਤੇ ਲੜਕੀਆਂ), 800 ਮੀਟਰ ਦੌੜ (ਲੜਕੇ), 1500 ਮੀਟਰ ਦੌੜ (ਲੜਕੇ),ਰਿਲੇ ਦੌੜ4*100ਮੀਟਰ ਦੌੜ (ਲੜਕੇ) ਅਤੇ ਰਿਲੇ ਦੌੜ4*400ਮੀਟਰ ਦੌੜ (ਲੜਕੇ) ਵਿੱਚ ਅਤੇ 3000 ਮੀਟਰ ਦੌੜ (ਲੜਕੇ) ਵਿੱਚ ਵਿਦਿਆਰਥੀਆਂ ਨੇ ਵਧ-ਚੜ੍ਹਕੇ ਹਿੱਸਾ ਲਿਆ। ਇਸ ਤੋਂ ਇਲਾਵਾ ਲੰਮੀ ਛਾਲ (ਲੜਕੇ ਅਤੇ ਲੜਕੀਆਂ), ਗੋਲਾ ਸੁੱਟਣ (ਲੜਕੇ ਅਤੇ ਲੜਕੀਆਂ),ਪਾਥੀ ਸੁੱਟਣ (ਲੜਕੇ ਅਤੇ ਲੜਕੀਆਂ) ਅਤੇ ਚੱਮਚ-ਨਿੰਬੂ ਦੌੜ (ਲੜਕੇ ਅਤੇ ਲੜਕੀਆਂ) ਵੀ ਕਰਵਾਈਆਂ ਗਈਆਂ। ਉੱਤਮ ਮਾਰਚ ਪਾਸਟ ਦਾ ਖਿਤਾਬ ਸੰਤ ਬਾਬਾ ਭਾਗ ਸਿੰਘ ਇੰਸਟੀਚਿਊਟ ਆਫ਼ ਨਰਸਿੰਗ ਨੇ ਜਿੱਤਿਆ। ਓਵਰ ਆਲ ਉੱਤਮ ਐਥਲੀਟ ਪ੍ਰੋਫ਼ੈਸ਼ਨਲ (ਲੜਕੇ) ਰਮਨਦੀਪ ਸਿੰਘ ਅਤੇ ਉੱਤਮ ਐਥਲੀਟ ਨਾਨ-ਪ੍ਰੋਫ਼ੈਸ਼ਨਲ (ਲੜਕੇ) ਦਾ ਖ਼ਿਤਾਬ ਤਰੁਨ ਕੁਮਾਰ ਨੇ ਜਿੱਤਿਆ। ਓਵਰ ਆਲ ਉੱਤਮ ਐਥਲੀਟ ਪ੍ਰੋਫ਼ੈਸ਼ਨਲ (ਲੜਕੀਆਂ) ਦਾ ਖ਼ਿਤਾਬ ਸੋਨੀਆ ਅਤੇ ਓਵਰ ਆਲ ਉੱਤਮ ਐਥਲੀਟ ਨਾਨ-ਪ੍ਰੋਫ਼ੈਸ਼ਨਲ (ਲੜਕੀਆਂ) ਦਾ ਖ਼ਿਤਾਬ ਖੁਸ਼ੀ ਨੇ ਜਿੱਤਿਆ। ਅਖ਼ੀਰ ਵਿੱਚ ਮਾਨਯੋਗ ਚਾਂਸਲਰ ਸੰਤ ਮਨਮੋਹਨ ਸਿੰਘ ਨੇ ਜੇਤੂ ਐਥਲੀਟਾਂ ਨੂੰ ਸਰਟੀਫਿਕੇਟ,ਮੈਡਲ ਅਤੇ ਸਨਮਾਨ ਚਿੰਨ੍ਹ ਭੇਟ ਕੀਤੇ।

# ਵੈਟਨਰੀ ਇੰਸਪੈਕਟਰਜ਼ ਐਸੋਸੀਏਸ਼ਨ ਵੱਲੋਂ ਰੋਸ ਮੁਜ਼ਾਹਰੇ ਕਰਨ ਦਾ ਫੈਸਲਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਪੰਜਾਬ ਸਰਕਾਰ ਅਤੇ ਪਸ਼ੂ ਪਾਲਣ ਵਿਭਾਗ ਦੇ ਕੈਬਨਿਟ ਮਨਿਸਟਰ ਸ: ਗੁਰਮੀਤ ਸਿੰਘ ਖੁੱਡੀਆਂ ਵੱਲੋਂ ਵੈਟਨਰੀ ਇੰਸਪੈਕਟਰਜ ਐਸੋਸੀਏਸ਼ਨ ਨੂੰ ਮੰਗਾਂ ਮਸਲਿਆਂ ਦੇ ਨਿਪਟਾਰੇ ਸਬੰਧੀ ਦਿੱਤੇ ਭਰੋਸਿਆਂ ਉਪਰੰਤ ਕੋਈ ਠੋਸ ਨਿਪਟਾਰਾ ਨਾ ਹੋਣ ਦੇ ਰੋਸ ਵਜੋਂ ਦੁਬਾਰਾ ਵਰਕ ਟੂ ਰੂਲ ਤੇ ਜਾਣ ਤੇ 21 ਮਾਰਚ ਨੂੰ ਪਸ਼ੂ ਪਾਲਣ ਵਿਭਾਗ ਦੇ ਵਜੀਰ ਸ: ਗੁਰਮੀਤ ਸਿੰਘ ਖੁੱਡੀਆਂ ਦੇ ਵਿਧਾਨ ਸਭਾ ਹਲਕੇ ਵਿਖੇ ਸੂਬਾ ਪੱਧਰੀ ਰੋਸ ਮੁਜਾਹਰਾ ਕਰਨ ਦਾ ਫੈਸਲਾ ਲਿਆ ਹੈ।ਪੰਜਾਬ ਸਟੇਟ ਵੈਟਨਰੀ ਇੰਸਪੈਕਟਰਜ ਐਸੋਸੀਏਸ਼ਨ ਦੀ ਸੂਬਾਈ ਕਾਰਜਕਾਰਨੀ ਦੀ ਮੀਟਿੰਗ ਉਪਰੰਤ ਸੂਬਾ ਪ੍ਰਧਾਨ ਗੁਰਦੀਪ ਬਾਸੀ ਅਤੇ ਸੂਬਾ ਜਨਰਲ ਸਕੱਤਰ ਵਿਪਨ ਕੁਮਾਰ ਗੋਇਲ ਨੇ ਕਿਹਾ ਕੇ ਪਿਛਲੇ ਸਮੇਂ ਦੌਰਾਨ ਵਿਭਾਗ ਦੇ ਕੈਬਨਿਟ ਮਨਿਸਟਰ ਸ: ਗੁਰਮੀਤ ਸਿੰਘ ਖੁੱਡੀਆਂ ਵੱਲੋਂ ਸਰਕਾਰ ਦੇ ਪੱਧਰ ਤੇ ਮੰਗਾਂ ਮਸਲਿਆਂ ਦੇ ਨਿਪਟਾਰੇ ਦਾ ਯਕੀਨ ਦਿਵਾਉਣ ਉਪਰੰਤ ਵੈਟਨਰੀ ਇੰਸਪੈਕਟਰ ਐਸੋਸੀਏਸ਼ਨ ਵੱਲੋਂ ਵਰਕ ਟੂ ਰੂਲ ਦੀ ਕਾਲ ਵਾਪਸ ਲਈ ਗਈ ਸੀ। ਪਰੰਤੂ ਢਾਈ ਮਹੀਨੇ ਬੀਤ ਜਾਣ ਉਪਰੰਤ ਮੰਗਾਂ ਮਸਲੇ ਉਥੇ ਹੀ ਖੜੇ ਹਨ। ਪੰਜਾਬ ਭਰ ਦੇ ਵੈਟਨਰੀ ਇੰਸਪੈਕਟਰ, ਪਸ਼ੂ ਪਾਲਣ ਵਿਭਾਗ ਦੇ ਮੰਤਰੀ ਸਾਹਿਬ ਦੇ ਵਿਧਾਨ ਸਭਾ ਹਲਕਾ ਲੰਬੀ ਵਿਖੇ ਸੂਬਾ ਪੱਧਰੀ ਰੋਸ ਰੈਲੀ ਕਰਦਿਆਂ ਆਪਣੇ ਰੋਹ ਦਾ ਪ੍ਰਗਟਾਵਾ ਕਰਨਗੇ। ਇਸ ਮੌਕੇ ਸੂਬਾ ਕਮੇਟੀ ਮੈਂਬਰ ਸਤਿਨਾਮ ਸਿੰਘ ਅਮ੍ਰਿਤਸਰ,ਧਰਮਵੀਰ ਸਰਾਂ ਫਿਰੋਜਪੁਰ, ਹਰਜੋਤ ਸਿੰਘ ਸੈਣੀ ਹੁਸ਼ਿਆਰਪੁਰ, ਗੁਰਜੀਤ ਸਿੰਘ ਪਠਾਨਕੋਟ ,ਪਰਵੀਨ ਕੁਮਾਰ ਗੁਰਦਾਸਪੁਰ, ਦਮਨਦੀਪ ਸਿੰਘ ਗਿੱਲ ਰੋਪੜ, ਹਰਦੀਪ ਸਿੰਘ ਮੋਗਾ, ਜਿਲਾ ਪ੍ਰਧਾਨ ਬਲਵਿੰਦਰ ਸਿੰਘ ਘੁੰਮਣ ਬਠਿੰਡਾ,ਸੰਦੀਪ ਚੌਧਰੀ ਪਟਿਆਲਾ, ਮਨਜੀਤ ਸਿੰਘ ਮਲੇਰਕੋਟਲਾ, ਡੀ ਵੀ ਆਈ ਸੁਖਵੀਰ ਸਿੰਘ ਗਿੱਲ ਮੁਕਤਸਰ, ਪਰੇਮ ਕੰਬੋਜ ਫਿਰੋਜਪੁਰ, ਬਲਜਿੰਦਰ ਸਿੰਘ ਤਰਨਤਾਰਨ, ਦਲਜੀਤ ਸਿੰਘ ਧੂਰੀ, ਸੰਦੀਪ ਸਿੰਘ ਸਰਾਂ ਰਾਏਕੋਟ, ਕੁਲਦੀਪ ਸਿੰਘ ਮਲਕ ਜਗਰਾਓਂ, ਦਵਿੰਦਰ ਸਿੰਘ ਧੁੱਗਾ ਹੁਸ਼ਿਆਰਪੁਰ ਸਮੇਤ ਹੋਰ ਆਗੂ ਮੌਜੂਦ ਸਨ।

# ਲਖਵੀਰ ਸਿੰਘ ਹੇਅਰ ਦਾ ਨੰਬਰਦਾਰ ਯੂਨੀਅਨ ਵੱਲੋਂ ਸਨਮਾਨ

**ਜਲੰਧਰ (ਲਖਵਿੰਦਰ ਸਿੰਘ ਆਧੀ)**

ਨੰਬਰਦਾਰ ਯੂਨੀਅਨ ਨਕੋਦਰ ਦੀ ਵਿਸ਼ੇਸ਼ ਮੀਟਿੰਗ ਸਰਜੀਤ ਸਿੰਘ ਹੇਅਰ ਤਹਿਸੀਲ ਪ੍ਰਧਾਨ ਨਕੋਦਰ ਦੀ ਪ੍ਰਧਾਨਗੀ ਹੇਠ ਹੋਈ ।ਮੀਟਿੰਗ ਵਿੱਚ ਹਰਕਮਲ ਸਿੰਘ ਮੁੰਧ ਸੀਨੀਅਰ ਵਾਈਸ ਪ੍ਰਧਾਨ ਪੰਜਾਬ ਅਤੇ ਅਸ਼ੋਕ ਕੁਮਾਰ ਨਾਇਬ ਤਹਿਸੀਲਦਾਰ ਮੁੱਖ ਮਹਿਮਾਨ ਦੇ ਰੂਪ ਵਿੱਚ ਸ਼ਾਮਿਲ ਹੋਏ ।ਮੀਟਿੰਗ ਨੂੰ ਸੰਬੋਧਨ ਕਰਦਿਆਂ ਮੁੰਧ ਨੇ ਕਿਹਾ ਕਿ ਪੰਜਾਬ ਦੀ ਖੁਸ਼ਹਾਲੀ ਲਈ ਐੱਨ ਆਰ ਆਈ ਵੀਰਾਂ ਦਾ ਵਿਸ਼ੇਸ਼ ਸਹਿਯੋਗ ਹੈ ਅਤੇ ਇਹ ਆਏ ਦਿਨ ਪੰਜਾਬ ਆ ਕੇ ਸਮਾਜ ਸੇਵਾ ਵਿੱਚ ਆਪਣਾ ਬਣਦਾ ਯੋਗਦਾਨ ਪਾਉਂਦੇ ਰਹਿੰਦੇ ਹਨ। ਇਸੇ ਤਹਿਤ ਐਨ.ਆਰ.ਆਈ ਲਖਵੀਰ ਸਿੰਘ ਹੇਅਰ ਵਾਸੀ ਯੂ ਕੇ ਨੰਬਰਦਾਰ ਯੂਨੀਅਨ ਨਕੋਦਰ ਦੇ ਦਫਤਰ ਵਿਖੇ ਪਹੁੰਚੇ ਤੇ ਨੰਬਰਦਾਰ ਯੂਨੀਅਨ ਦਾ ਦਫਤਰ ਨੂੰ ਦੇਖ ਕੇ ਬਹੁਤ ਪ੍ਰਭਾਵਿਤ ਹੋਏ । ਉਨ੍ਹਾਂ ਆਪਣੀ ਨੇਕ ਕਮਾਈ ਵਿੱਚੋਂ ਦਾਨ ਰਾਸ਼ੀ ਦੇ ਕੇ ਨੰਬਰਦਾਰ ਯੂਨੀਅਨ ਦਾ ਸਹਿਯੋਗ ਕੀਤਾ । ਇਸ ਮੌਕੇ ਨਾਇਬ ਤਹਸੀਲਦਾਰ ਅਸ਼ੋਕ ਕੁਮਾਰ ਹਰਕਮਲ ਸਿੰਘ ਮੁੰਧ ਸੀਨੀਅਰ ਵਾਈਸ ਪ੍ਰਧਾਨ ਪੰਜਾਬ ਤੇ ਨੰਬਰਦਾਰ ਸਾਥੀਆਂ ਵੱਲੋਂ ਉਹਨਾਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਰਾਜ ਕੁਮਾਰ ਮਹਿੰਮੀ ਜਨਰਲ ਸਕੱਤਰ (ਜਲੰਧਰ ਦਿਹਾਤੀ) ਸੁਖਦੇਵ ਸਿੰਘ ਦਰਗਾਬਾਦ ,ਹਰਦਿਆਲ ਸਿੰਘ ਸਰਕਪੁਰ,ਰਤਨ ਰਾਏ ਨਕੋਦਰ, ਗੁਰਦੇਵ ਸਿੰਘ ਮਾਲੜੀ, ਰੌਸ਼ਨ ਸਿੰਘ ਨਹੇਹੜੂ, ਕੁਲਰਾਜ ਸਿੰਘ ਮੁਹੇਮ, ਮੱਖਣ ਸਿੰਘ ਮੁਕੇਸ਼ ਅਤੇ ਜੱਸਾ ਹੇਅਰ ਆਦਿ ਹਾਜ਼ਰ ਸਨ ।



# ਮੈਡੀਕਲ ਕੈਂਪ ਦੌਰਾਨ 150 ਮਰੀਜ਼ਾਂ ਦਾ ਨਿਰੀਖਣ ਤੇ ਮੁਫਤ ਦਵਾਈਆਂ ਦਿੱਤੀਆਂ

**ਦਸੂਹਾ (ਕਰਨੈਲ ਮਾਂਗਟ)**

ਵਿਧਾਨ ਸਭਾ ਦਸੂਹਾ ਦੇ ਪਿੰਡ ਛਾਂਗਲਾ ਵਿਖੇ ਅਲਾਇੰਸ ਕਲੱਬ ਦਸੂਹਾ ਵੱਲੋਂ ਪ੍ਰਧਾਨ ਅਮਰੀਕ ਸਿੰਘ ਗੱਗੀ ਠੁਕਰਾਲ ਦੀ ਅਗਵਾਈ ਹੇਠ ਮੁਫਤ ਮੈਡੀਕਲ ਜਾਂਚ ਕੈਂਪ ਲਗਾਇਆ ਗਿਆ। ਜਿਸ ਵਿੱਚ ਵੱਖ ਵੱਖ ਬੀਮਾਰੀਆਂ ਦੇ ਮਾਹਰਾਂ ਡਾਕਟਰਾਂ ਡਾ. ਰਣਬੀਰ ਸਿੰਘ ਸਹਾਰਾ, ਡਾ. ਸੁਰਿੰਦਰ ਸਿੰਘ, ਡਾ. ਆਰ ਕੇ ਨਈਅਰ, ਡਾ. ਪਰਮਜੀਤ ਕੌਰ ਤੇ ਡਾ. ਨਵਨੀਤ ਕੌਰ ਵੱਲੋਂ 150 ਮਰੀਜਾਂ ਦੀ ਜਾਂਚ ਕੀਤੀ ਗਈ। ਜਿਨਾਂ ਵਿੱਚੋਂ ਸਹਾਰਾ ਹਸਪਤਾਲ ਵਿਖੇ ਅੱਖਾਂ ਦੇ ਮੁਫਤ ਉਪਰੇਸ਼ਨਾਂ ਲਈ 40 ਮਰੀਜਾਂ ਨੂੰ ਚੁਣਿਆ ਗਿਆ। ਇਸ ਦੌਰਾਨ ਲੋੜਵੰਦ ਮਰੀਜਾਂ ਦੀ ਮੁਫਤ ਈ ਸੀ ਜੀ ਅਤੇ ਹੋਰ ਮੈਡੀਕਲ ਟੈਸਟ ਕੀਤੇ ਗਏ। ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਪੁੱਜੇ ਸਮਾਜ ਸੇਵੀ ਅਸ਼ਵਨੀ ਵਰਮਾ ਨੇ ਕਲੱਬ ਨੂੰ 11 ਹਜ਼ਾਰ ਰੁਪਏ ਦੀ ਸਹਿਯੋਗ ਰਾਸ਼ੀ ਭੇਟ ਕੀਤੀ। ਇਸ ਮੌਕੇ ਤੇ ਪ੍ਰਧਾਨ ਅਮਰੀਕ ਸਿੰਘ ਗੱਗੀ ਨੇ ਡਾਕਟਰਾਂ ਦੀ ਸਮੁੱਚੀ ਟੀਮ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਤਰਲੋਕ ਸਿੰਘ ਅਰੋੜਾ, ਕਿਰਪਾਲ ਸਿੰਘ ਪੁਰੀ, ਭੁਪਿੰਦਰ ਰੰਜਨ, ਰਾਜਨ ਰਲਹਣ, ਰਵਿੰਦਰ ਸ਼ਰਮਾ, ਰਾਜ ਕੁਮਾਰ ਕੌਸਲ, ਮਦਨ ਮੋਹਣ ਅਰੋੜਾ, ਬੀਬੀ ਜਤਿੰਦਰ ਕੌਰ ਠੁਕਰਾਲ, ਰਜਨੀ ਕੌਸਲ, ਰਜਨੀ ਸ਼ਰਮਾ, ਨਿੱਕੂ ਛਾਂਗਲਾ, ਸਹਿਬ ਸਿੰਘ, ਖੁਸ਼ਵੰਤ ਸਿੰਘ, ਸ਼ੇਰ ਪ੍ਰਤਾਪ ਸਿੰਘ, ਜੇਮਜ਼ ਗਿੱਲ, ਦੀਪੀ ਛਾਂਗਲਾ ਆਦਿ ਹਾਜ਼ਰ ਸਨ।




# ਪੁਲਸ ਕਮਿਸ਼ਨਰ ਵੱਲੋਂ ਆਵਾਜ਼ ਪ੍ਰਦੂਸ਼ਣ ਦੀ ਰੋਕਥਾਮ ਸੰਬੰਧੀ ਹੁਕਮ ਜਾਰੀ

**ਜਲੰਧਰ, (ਸ਼ੈਲੀ ਐਲਬਰਟ)**

ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਸ਼ੋਰ ਪ੍ਰਦੂਸ਼ਣ ਦੀ ਰੋਕਥਾਮ ਦੇ ਮੱਦੇਨਜ਼ਰ ਪਬਲਿਕ ਐਮਰਜੈਂਸੀ ਨੂੰ ਛੱਡ ਕੇ ਸਾਇਲੈਂਸ ਜ਼ੋਨਾਂ ਜਾਂ ਰਿਹਾਇਸ਼ੀ ਖੇਤਰਾਂ ਅੰਦਰ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਹਾਰਨ ਵਜਾਉਣ 'ਤੇ ਪਾਬੰਦੀ ਲਗਾਈ ਗਈ ਹੈ। ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਦੇ ਹਵਾਲੇ ਨਾਲ ਪੁਲਸ ਕਮਿਸ਼ਨਰ ਵਲੋਂ ਜਾਰੀ ਹੁਕਮਾਂ ਅਨੁਸਾਰ ਜਨਤਕ ਥਾਵਾਂ ਦੀ ਸੀਮਾ 'ਤੇ ਆਵਾਜ਼ ਦਾ ਪੱਧਰ, ਜਿਥੇ ਲਾਊਡ ਸਪੀਕਰ ਜਾਂ ਪਬਲਿਕ ਐਡਰੈੱਸ ਸਿਸਟਮ ਜਾਂ ਕੋਈ ਵੀ ਆਵਾਜ਼ ਪੈਦਾ ਕਰਨ ਵਾਲਾ ਸਰੋਤ ਵਰਤਿਆ ਜਾ ਰਿਹਾ ਹੈ, ਖੇਤਰ ਲਈ ਨਿਸ਼ਚਿਤ ਆਵਾਜ਼ ਮੁਤਾਬਕ ਰੱਖਣ ਦੇ ਆਦੇਸ਼ ਦਿੱਤੇ ਗਏ ਹਨ। ਹੁਕਮਾਂ ਅਨੁਸਾਰ ਕੋਈ ਵੀ ਵਿਅਕਤੀ ਰਾਤ 10 ਵਜੇ ਤੋਂ ਸਵੇਰੇ 6 ਵਜੇ ਦੇ ਦਰਮਿਆਨ (ਸਿਵਾਏ ਪਬਲਿਕ ਐਮਰਜੈਂਸੀ ਦੇ) ਢੋਲ ਜਾਂ ਭੋਂਪੂ, ਆਵਾਜ਼ ਪੈਦਾ ਕਰਨ ਵਾਲਾ ਕੋਈ ਯੰਤਰ, ਸਾਊਂਡ ਐਂਪਲੀਫਾਇਰ ਅਤੇ ਮੈਰਿਜ ਪੈਲੇਸਾਂ ਤੇ ਹੋਟਲਾਂ ਵਿੱਚ ਡੀ.ਜੇਜ਼ ਆਦਿ ਨਹੀਂ ਵਜਾਏਗਾ। ਇਸੇ ਤਰ੍ਹਾਂ ਪ੍ਰਾਈਵੇਟ ਮਾਲਕੀ ਵਾਲੇ ਸਾਊਂਡ ਸਿਸਟਮ ਜਾਂ ਆਵਾਜ਼ ਪੈਦਾ ਕਰਨ ਵਾਲੇ ਯੰਤਰ ਦਾ ਸ਼ੋਰ ਦਾ ਪੱਧਰ ਪ੍ਰਾਈਵੇਟ ਥਾਂ ਦੇ ਹੱਦ ਖੇਤਰ ਲਈ ਤੈਅ ਸ਼ੋਰ ਮਾਪਦੰਡਾਂ 5 ਡੀ.ਬੀ.(ਏ) ਤੋਂ ਵੱਧ ਨਹੀਂ ਹੋਵੇਗਾ। ਹੁਕਮਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਮਿਊਜ਼ਿਕ ਸਿਸਟਮ ਵਾਲੇ ਵਾਹਨਾਂ ਦੇ ਮਾਮਲੇ ਵਿੱਚ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਮਿਊਜ਼ਿਕ ਸਿਸਟਮ ਰਾਹੀਂ ਪੈਦਾ ਹੋਣ ਵਾਲੀ ਆਵਾਜ਼ ਦਿਨ ਦੇ ਕਿਸੇ ਵੀ ਸਮੇਂ ਵਾਹਨ ਤੋਂ ਬਾਹਰ ਨਾ ਸੁਣਾਈ ਦੇਵੇ। ਜੇਕਰ ਇਨ੍ਹਾਂ ਹੁਕਮਾਂ ਦੀ ਉਲੰਘਣਾ ਪਾਈ ਜਾਂਦੀ ਹੈ ਤਾਂ ਅਜਿਹਾ ਕਰਨ ਵਾਲੇ ਸਾਊਂਡ ਯੰਤਰ ਜ਼ਬਤ ਕਰ ਲਏ ਜਾਣਗੇ। ਇਹ ਹੁਕਮ ਮਿਤੀ 8.5.2026 ਤੱਕ ਲਾਗੂ ਰਹੇਗਾ।

# ਮੋਹਨ ਮਤਿਆਲਵੀ ਦੀ ਕਾਵਿ ਪੁਸਤਕ 'ਕੁੱਤਾ ਜੂਨ ਤੇ ਮੈਂਡੋਲਿਨ' ਰਿਲੀਜ਼

**ਅੱਡਾ ਸਰਾਂ (ਜਸਵੀਰ ਕਾਜਲ)**

ਬੀਤੇ ਦਿਨੀਂ ਸਾਹਿਤ ਆਸ਼ਰਮ ਟਾਂਡਾ ਉੜਮੁੜ ਵਲੋਂ ਉੱਘੇ ਕਵੀ ਮੋਹਣ ਮਤਿਆਲਵੀ ਦੀ ਕਾਵਿ ਪੁਸਤਕ 'ਕੁੱਤਾ ਜੂਨ ਤੇ ਮੈਂਡੋਲਿਨ' ਨੂੰ ਰਿਲੀਜ਼ ਕਰਕੇ ਗੋਸ਼ਟੀ ਸੰਵਾਦ ਰਚਾਇਆ ਗਿਆ।ਇਸ ਸਮਾਗਮ ਵਿੱਚ ਡਾ. ਬਲਦੇਵ ਸਿੰਘ ਬੱਦਨ ਰਿਟਾਇਰਡ ਡਾਇਰੈਕਟਰ ਨੈਸ਼ਨਲ ਬੁੱਕ ਟਰੱਸਟ ਆਫ ਇੰਡੀਆ ਮੁੱਖ ਮਹਿਮਾਨ ਵਜੋਂ ਪਧਾਰੇ। ਪ੍ਰਧਾਨਗੀ ਮੰਡਲ ਵਿਚ ਡਾ. ਧਰਮਪਾਲ ਸਾਹਿ 1/2 ਮਦਨ ਵੀਰਾ, ਮੱਖਣ ਕੁਹਾੜ, ਅਮਰੀਕ ਡੋਗਰਾ, ਗੁਰਮੀਤ ਹਯਾਤਪੁਰੀ ਅਤੇ ਸਾਹਿਤ ਆਸ਼ਰਮ ਟਾਂਡਾ ਦੇ ਪ੍ਰਧਾਨ ਪ੍ਰੋ. ਮਲਕੀਤ ਜੌੜਾ ਸੁਸ਼ੋਭਿਤ ਹੋਏ। ਡਾ. ਨਿਰੰਜਨ ਸਰਪ੍ਰਸਤ ਸਾਹਿਤ ਆਸ਼ਰਮ ਟਾਂਡਾ ਨੇ ਹਾਜ਼ਰ ਸਾਹਿਤਕਾਰ ਅਦੀਬਾਂ ਨੂੰ ਜੀ ਆਇਆਂ ਆਖਿਆ। ਬਹੁਤ ਹੀ ਸੂਝਵਾਨ ਆਲੋਚਕ ਡਾ. ਰਾਮ ਮੂਰਤੀ ਨੇ ਪੁਸਤਕ 'ਕੁੱਤਾ ਜੂਨ ਅਤੇ ਮੈਂਡੋਲਿਨ' 'ਤੇ ਪਰਚਾ ਪੜ੍ਹਿਆ ਜਿਸ ਤੇ ਭਖਵੀਂ ਬਹਿਸ ਹੋਈ। ਬਹਿਸ ਵਿਚ ਡਾ. ਧਰਮਪਾਲ ਸਾਹਿਲ, ਮਦਨ ਵੀਰਾ, ਮੱਖਣ ਕੁਹਾੜ, ਗੁਰਮੀਤ ਹਯਾਤਪੁਰੀ, ਅਮਰੀਕ ਡੋਗਰਾ, ਪੰਮੀ ਦਿਵੇਦੀ, ਵਿਸ਼ਾਲ ਅਤੇ ਡਾ. ਵਿਕਰਮਜੀਤ ਨੇ ਭਰਪੂਰ ਸ਼ਿਰਕਤ ਕੀਤੀ। ਮੋਹਣ ਮਤਿਆਲਵੀ ਨੇ ਬਹਿਸ ਵਿਚ ਉੱਠੇ ਪ੍ਰਸ਼ਨਾਂ ਨੂੰ ਸਵਿਕਾਰਦਿਆਂ ਸਾਰੀਆਂ ਦਾ ਧੰਨਵਾਦ ਕੀਤਾ। ਸਮਾਗਮ ਦੇ ਅਗਲੇ ਦੌਰ ਵਿਚ ਕਨੇਡਾ ਰਹਿੰਦੇ ਸ਼ਾਇਰ ਬਲਦੇਵ ਸੀਹਰਾ ਦੀ ਪੁਸਤਕ 'ਗੁਜ਼ਾਰਿਸ਼' ਤੇ ਮੰਗਤ ਚੰਚਲ ਦੀ ਪੁਸਤਕ 'ਚੁੱਪ ਦਾ ਅਨੁਵਾਦ' ਨੂੰ ਲੋਕ ਅਰਪਣ ਕੀਤਾ ਗਿਆ। ਮੁਸ਼ਾਇਰੇ ਵਿਚ ਨਿਮਨਲਿਖਤ ਸ਼ਾਇਰਾਂ ਨੇ ਸ਼ਿਰਕਤ ਕੀਤੀ: ਮੱਖਣ ਕੁਹਾੜ, ਬੂਟਾ ਰਾਮ ਆਜ਼ਾਦ, ਮੰਗਤ ਚੰਚਲ, ਸੀਤਲ ਸਿੰਘ ਗੁਨੋਪੁਰੀ, ਗੁਰਮੀਤ ਬਾਜਵਾ, ਗੁਰਮੀਤ ਹਯਾਤਪੁਰੀ, ਮਦਨ ਵੀਰਾ, ਅਮਰੀਕ ਡੋਗਰਾ, ਡਾ. ਨਿਰੰਜਨ, ਡਾ. ਵਿਕਰਮਜੀਤ, ਡਾ. ਮਿਨਾਕਸ਼ੀ, ਵਿਸ਼ਾਲ, ਰਾਮ ਲਾਲ ਭਗਤ, ਅਵਤਾਰ ਜ਼ਹੂਰਵੀ, ਮਨਦੀਪ ਜ਼ਹੂਰਵੀ, ਪ੍ਰਦੀਪ ਮੌਜੀ, ਬਿਮਲਾ ਦੁੱਗਲ, ਆਸ਼ਾ ਅਰਮਾਨ, ਰਜਿੰਦਰ ਕੌਰ ਹੁੰਦਲ, ਰਾਜਿੰਦਰ ਢੱਡਾ, ਅਜਮੇਰ ਕੰਧਾਲਾ, ਗੁਰਨੇਕ ਸ਼ਾਵਰ, ਸੰਤ ਸੰਧੂ ਸੰਦੀਪ ਸਨਕ, ਪ੍ਰਦੀਪ ਵਿਰਲੀ, ਚੰਦਨ ਦਿਵੇਦੀ ਅਤੇ ਹੋਰ ਸ਼ਾਇਰਾਂ ਨੇ ਆਪਣੇ ਕਲਾਮ ਪੇਸ਼ ਕੀਤੇ।



# ਰੇਲਵੇ ਪੁੱਲ ਦੀ ਸਮੱਸਿਆ ਦਾ ਹੱਲ ਕੀਤਾ ਜਾਏ : ਵਿਧਾਇਕ

**ਨਵਾਂਸ਼ਹਿਰ (ਮਨੋਜ ਲਾਡੀ)**-ਪੰਜਾਬ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਨਵਾਂਸ਼ਹਿਰ ਦੇ ਬਸਪਾ ਵਿਧਾਇਕ ਡਾ. ਨਛੱਤਰ ਪਾਲ ਨੇ ਕਿਹਾ ਕਿ ਪਿੰਡ ਖਟਕੜ ਕਲਾਂ ਤੋਂ ਮੰਗੂਵਾਲ ਤੱਕ ਜਾਣ ਵਾਲੀ ਸੜਕ ਉੱਤੇ ਰੇਲਵੇ ਪੁਲਾਂ ਦੀ ਸਮੱਸਿਆ ਨੂੰ ਲੈ ਕੇ ਇਲਾਕੇ ਦੇ ਲੋਕ ਕਾਫ਼ੀ ਲੰਬੇ ਸਮੇਂ ਤੋਂ ਪਰੇਸ਼ਾਨ ਚਲ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੀ ਸਹੂਲਤ ਲਈ ਇਸ ਸਮੱਸਿਆ ਦਾ ਜਲਦੀ ਤੋਂ ਜਲਦੀ ਹੱਲ ਕੀਤਾ ਜਾਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਹ ਸੜਕ ਕਈ ਪਿੰਡਾਂ ਦੇ ਲੋਕਾਂ ਦੀ ਆਵਾਜਾਈ ਲਈ ਬਹੁਤ ਮਹੱਤਵਪੂਰਨ ਹੈ, ਪਰ ਰੇਲਵੇ ਪੁਲਾਂ ਨਾਲ ਜੁੜੀਆਂ ਸਮੱਸਿਆਵਾਂ ਕਾਰਨ ਆਮ ਲੋਕਾਂ ਨੂੰ ਰੋਜ਼ਾਨਾ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਸਰਕਾਰ ਨੂੰ ਚਾਹੀਦਾ ਹੈ ਕਿ ਇਸ ਮਸਲੇ ਵੱਲ ਧਿਆਨ ਦੇ ਕੇ ਲੋਕਾਂ ਨੂੰ ਰਾਹਤ ਦਿੱਤੀ ਜਾਵੇ। ਇਸੇ ਤਰ੍ਹਾਂ ਪੰਜਾਬ ਵਿਚ ਵਧ ਰਹੀ ਅਵਾਰਾ ਕੁਤਿਆਂ ਵੱਲੋਂ ਲੋਕਾਂ ਨੂੰ ਕੱਟਣ ਦੀ ਸਮੱਸਿਆ 'ਤੇ ਉਨ੍ਹਾਂ ਕਿਹਾ ਕਿ ਇਹ ਮੁੱਦਾ ਲੋਕਾਂ ਦੀ ਸੁਰੱਖਿਆ ਅਤੇ ਸਿਹਤ ਨਾਲ ਜੁੜਿਆ ਹੋਇਆ ਹੈ, ਜਿਸ ਵੱਲ ਸਰਕਾਰ ਨੂੰ ਗੰਭੀਰ ਧਿਆਨ ਦੇਣ ਦੀ ਲੋੜ ਹੈ।

## ਸਕੂਲਾਂ 'ਚ ਲੈਕਚਰਾਰਾਂ ਦੀ ਘਾਟ ਦਾ ਮੁੱਦਾ ਵਿਧਾਨ ਸਭਾ 'ਚ ਚੁੱਕਿਆ



**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਬਾਰਡਰ 'ਤੇ ਪੈਂਦੇ ਪਿੰਡ ਝੰਗੜ ਭੈਣੀ ਅਤੇ ਪਿੰਡ ਮੁਹਾਰ ਸੋਨਾ ਦੇ ਸਕੂਲਾਂ ਵਿਚ ਲੈਕਚਰਾਰਾਂ ਦੀ ਕਮੀ ਨੂੰ ਪੂਰਾ ਕਰਨ ਦਾ ਮੁੱਦਾ ਵਿਧਾਨ ਸਭਾ ਵਿਚ ਚੁੱਕਿਆ।ਉਨ੍ਹਾਂ ਕਿਹਾ ਕਿ ਸਰਹੱਦੀ ਖੇਤਰ ਦੇ ਨਾਲ ਲੱਗਦੇ ਪਿੰਡਾਂ ਦੇ ਬੱਚੇ ਬਹੁਤ ਮਿਹਨਤੀ ਤੇ ਲਗਨ ਵਾਲੇ ਹਨ ਤੇ ਉਨ੍ਹਾਂ ਦੀ ਪੜ੍ਹਾਈ ਦਾ ਕਿਸੇ ਤਰ੍ਹਾਂ ਨਾਲ ਨੁਕਸਾਨ ਨਾ ਹੋਵੇ, ਇਸ ਲਈ ਸਕੂਲਾਂ ਵਿਚ ਲੋੜੀਂਦੇ ਸਟਾਫ ਦੀ ਭਰਤੀ ਕਰਾਈ ਜਾਵੇ।ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਜਲਦ ਹੀ ਲੈਕਚਰਾਰਾਂ ਦੀ ਭਰਤੀ ਕੀਤੀ ਜਾ ਰਹੀ ਹੈ ਜਿਸ ਨਾਲ ਸਕੂਲਾਂ ਵਿਚ ਮੁਕੰਮਲ ਸਟਾਫ ਆ ਜਾਵੇਗਾ। ਵਿਧਾਇਕ ਸ੍ਰੀ ਸਵਨਾ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸਿੱਖਿਆ ਦੇ ਖੇਤਰ ਵਿਚ ਅਥਾਹ ਕ੍ਰਾਂਤੀ ਲਿਆਂਦੀ ਹੈ।ਉਨ੍ਹਾਂ ਕਿਹਾ ਕਿ ਬਾਰਡਰ ਏਰੀਆ 'ਚ ਪੈਂਦੇ ਸਥਿਤ ਸੀਨੀਅਰ ਸੈਕੰਡਰੀ ਸਕੂਲ ਝੰਗੜ ਭੈਣੀ ਵਿਚ 1 ਕਰੋੜ ਤੋਂ ਵਧੇਰੇ ਗ੍ਰਾਂਟ ਤੇ ਮੁਹਾਰ ਸੋਨਾ ਵਿਚ 85 ਲੱਖ ਤੋਂ ਵਧੇਰੇ ਗ੍ਰਾਂਟ ਨਾਲ ਸਕੂਲ ਦੀ ਨੁਹਾਰ ਬਦਲੀ ਹੈ।ਉਨ੍ਹਾਂ ਕਿਹਾ ਕਿ ਸਕੂਲਾਂ ਵਿਚੋਂ ਬੁਨਿਆਦੀ ਸਹੂਲਤਾਂ ਦੀ ਪੂਰਤੀ ਨਾਲ ਮਾਪਿਆਂ ਤੇ ਬੱਚਿਆਂ ਦਾ ਸਰਕਾਰੀ ਸਕੂਲਾਂ ਪ੍ਰਤੀ ਰੁਚੀ ਵਧੀ ਹੈ ਤੇ ਪ੍ਰਾਈਵੇਟ ਸਕੂਲਾਂ ਨੂੰ ਛੱਡ ਕੇ ਬੱਚੇ ਸਰਕਾਰੀ ਸਕੂਲਾਂ ਵਿਚ ਦਾਖਲਾ ਲੈ ਰਹੇ ਹਨ।ਉਨ੍ਹਾਂ ਕਿਹਾ ਕਿ ਬੱਚਿਆਂ ਲਈ ਕਲਾਸਾਂ ਵਿੱਚ ਇੰਟਰੈਕਟਿਵ ਪੈਨਲ, ਬੈਂਚ, ਕੰਪਿਊਟਰ ਲੈਬ, ਸਾਇੰਸ ਲੈਬ, ਖੇਡਾਂ ਦਾ ਸਮਾਨ ਆਦਿ ਹੋਰ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਦੀ ਪੂਰਤੀ ਕੀਤੀ ਗਈ ਹੈ, ਜਿਸ ਨਾਲ ਸਕੂਲਾਂ ਦੀ ਦਿੱਖ ਬਦਲ ਗਈ ਹੈ ਤੇ ਸਕੂਲ ਵੀ ਅਪਗ੍ਰੇਡ ਹੋਏ ਹਨ।

## ਸੇਂਟ ਮੇਰੀਜ਼ ਕਾਨਵੈਂਟ ਸਕੂਲ 'ਚ ਨਵੀਂ ਸਟੂਡੈਂਟ ਕਾਊਂਸਲ ਦਾ ਗਠਨ, ਸਰਵਦੀਪ ਸਿੰਘ ਹੈੱਡ ਬੁਆਏ ਤੇ ਗੁਰਅਸੀਸ ਕੌਰ ਹੈੱਡ ਗਰਲ ਚੁਣੇ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਸੇਂਟ ਮੇਰੀਜ਼ ਕਾਨਵੈਂਟ ਸਕੂਲ ਵਿਖੇ ਸਾਲਾਨਾ ਸਮਾਗਮ ਦੌਰਾਨ ਨਵੀਂ ਸਟੂਡੈਂਟ ਕਾਊਂਸਿਲ' (ਵਿਦਿਆਰਥੀ ਪ੍ਰੀਸ਼ਦ) ਦਾ ਗਠਨ ਕੀਤਾ ਗਿਆ।ਇਸ ਪ੍ਰੋਗਰਾਮ ਦੀ ਪ੍ਰਧਾਨਗੀ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ ਦੇ ਡੀਨ (ਕਾਲਜ) ਪ੍ਰੋਫੈਸਰ ਡਾਕਟਰ ਦੀਪਕ ਜੌਨ ਭੱਟੀ ਨੇ ਕੀਤੀ।ਸਮਾਗਮ ਦੀ ਸ਼ੁਰੂਆਤ ਵਿੱਚ ਸਕੂਲ ਦੇ ਮੈਨੇਜਰ ਫਾਦਰ ਸਿਲਵਿਨੋਸ, ਪ੍ਰਿੰਸੀਪਲ ਫਾਦਰ ਬੇਨੀ ਥਾਮਸ ਅਤੇ ਸਿਸਟਰ ਸੋਨੈੱਟ ਨੇ ਮੁੱਖ ਮਹਿਮਾਨ ਦਾ ਫੁੱਲਾਂ ਨਾਲ ਸਵਾਗਤ ਕੀਤਾ।ਇਸ ਉਪਰੰਤ ਡਾ. ਭੱਟੀ ਨੇ ਚੁਣੇ ਗਏ ਨਵੇਂ ਕੌਂਸਲ ਮੈਂਬਰਾਂ ਨੂੰ ਸੈਸ਼ਿਜ਼ ਅਤੇ ਬੈਜ ਸੌਂਪ ਕੇ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਪ੍ਰਤੀ ਪ੍ਰਣ ਕਰਾਇਆ।ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਡਾ. ਦੀਪਕ ਜੌਨ ਭੱਟੀ ਨੇ ਕਿਹਾ ਕਿ ਹਰੇਕ ਵਿਦਿਆਰਥੀ ਵਿਸ਼ੇਸ਼ ਹੈ ਅਤੇ ਹਰੇਕ ਅੰਦਰ ਕੋਈ ਨਾ ਕੋਈ ਛੁਪੀ ਹੋਈ ਪ੍ਰਤਿਭਾ ਹੁੰਦੀ ਹੈ।ਇੱਕ ਚੰਗੇ ਲੀਡਰ ਦਾ ਅਸਲ ਕੰਮ ਉਸ ਪ੍ਰਤਿਭਾ ਨੂੰ ਪਛਾਣ ਕੇ ਉਜਾਗਰ ਕਰਨਾ ਹੈ।ਉਨ੍ਹਾਂ ਨੇ ਸਮੂਹ ਵਿਦਿਆਰਥੀਆਂ ਨੂੰ ਟੀਮ ਵਜੋਂ ਮਿਲ ਕੇ ਕੰਮ ਕਰਨ ਦੀ ਪ੍ਰੇਰਨਾ ਦਿੱਤੀ।ਸਕੂਲ ਪ੍ਰਿੰਸੀਪਲ ਫਾਦਰ ਬੇਨੀ ਥਾਮਸ ਨੇ ਮੁੱਖ ਮਹਿਮਾਨ ਦਾ ਧੰਨਵਾਦ ਕੀਤਾ ਅਤੇ ਪੁਰਾਣੀ ਕੌਂਸਲ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕਰਦਿਆਂ ਉਮੀਦ ਜਤਾਈ ਕਿ ਨਵੀਂ ਟੀਮ ਸਕੂਲ ਨੂੰ ਹੋਰ ਉਚਾਈਆਂ 'ਤੇ ਲੈ ਕੇ ਜਾਵੇਗੀ।

## ਸੀਨੀਅਰ ਸਿਟੀਜ਼ਨ ਵੈੱਲਫੇਅਰ ਸੁਸਾਇਟੀ ਵੱਲੋਂ ਡੀ ਐੱਸ ਪੀ ਤੇ ਐੱਸ ਐੱਚ ਓ ਨਾਲ ਮੀਟਿੰਗ



**ਜਲਾਲਾਬਾਦ (ਜੀਤ ਕੁਮਾਰ, ਜੰਗੀਰ ਕੌਰ)**-ਸੀਨੀਅਰ ਸਿਟੀਜ਼ਨ ਵੈੱਲਫੇਅਰ ਸੁਸਾਇਟੀ ਜਲਾਲਾਬਾਦ ਨੇ ਉਪ ਮੰਡਲ ਜਲਾਲਾਬਾਦ ਦੇ ਡੀਐੱਸਪੀ ਗੁਰਸੇਵਕ ਸਿੰਘ ਨਾਲ ਮੀਟਿੰਗ ਕੀਤੀ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਸ਼ਗਨ ਲਾਲ ਡੂਮੜਾ, ਮਾਰਕਿਟ ਕਮੇਟੀ ਜਲਾਲਾਬਾਦ ਦੇ ਚੇਅਰਮੈਨ ਦੇਵਰਾਜ ਸ਼ਰਮਾ, ਰਾਜੇਸ਼ ਛਾਬੜਾ, ਡਾ. ਤਿਲਕ ਰਾਜ ਕੁਮਾਰ, ਕੇ. ਜੀ. ਸ਼ਰਮਾ, ਅਸ਼ੋਕ ਗਗਨੇਜਾ, ਸੁਰਿੰਦਰ ਪਾਲ ਛਾਬੜਾ, ਅਵਿਨਾਸ਼ ਡੋਡਾ, ਰਮਨ ਗਗਨੇਜਾ ਆਦਿ ਮੌਜੂਦ ਸਨ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਮਾਰਕਿਟ ਕਮੇਟੀ ਜਲਾਲਾਬਾਦ ਦੇ ਚੇਅਰਮੈਨ ਦੇਵ ਰਾਜ ਸ਼ਰਮਾ ਨੇ ਦੱਸਿਆ ਕਿ ਸੀਨੀਅਰ ਸਿਟੀਜ਼ਨ ਵੈੱਲਫੇਅਰ ਸੁਸਾਇਟੀ ਜਲਾਲਾਬਾਦ ਵੱਲੋਂ ਡੀ.ਐੱਸ.ਪੀ. ਤੇ ਥਾਣਾ ਸਿਟੀ ਜਲਾਲਾਬਾਦ ਨਾਲ ਮੀਟਿੰਗ ਕੀਤੀ ਗਈ, ਜਿਸ ਵਿੱਚ ਜਲਾਲਾਬਾਦ ਸ਼ਹਿਰ ਵਿੱਚ ਟ੍ਰੈਫਿਕ ਸਮੱਸਿਆ, ਸ਼ਹਿਰ ਦੇ ਬਜ਼ਾਰਾਂ ਵਿੱਚ ਲਗਦੀਆਂ ਰੇਹੜੀਆਂ, ਜੀ. ਟੀ. ਰੋਡ 'ਤੇ ਰੱਖੇ ਸਾਮਾਨ ਬਾਰੇ, ਵੰਨ ਵੇ ਦਾ ਉਲੰਘਣ ਕਰਨ ਵਾਲਿਆਂ ਵਿਰੁੱਧ ਬਣਦੀ ਕਾਰਵਾਈ ਕਰਨ ਸਬੰਧੀ, ਬੱਚਿਆਂ ਦੇ ਹੋ ਰਹੇ ਇਮਤਿਹਾਨਾਂ ਵਿੱਚ ਉੱਚੀ ਅਵਾਜ਼ ਵਿੱਚ ਚੱਲਦੇ ਸਪੀਕਰਾਂ ਤੇ ਡੀ ਜੇ ਸਬੰਧੀ ਵਿਚਾਰ ਚਰਚਾ ਕੀਤੀ ਅਤੇ ਇਨ੍ਹਾਂ ਸਮੱਸਿਆਵਾਂ ਦਾ ਹੱਲ ਕੱਢਣ ਦੀ ਵੀ ਮੰਗ ਕੀਤੀ।

## ਗੁਰੂ ਨਾਨਕ ਨੈਸ਼ਨਲ ਕਾਲਜ 'ਚ ਵਾਲੀਬਾਲ ਦੇ ਅੰਤਰ ਕਲਾਸ ਮੁਕਾਬਲੇ



**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਨੈਸ਼ਨਲ ਕਾਲਜ ਦੇ ਸਰੀਰਕ ਸਿੱਖਿਆ ਵਿਭਾਗ ਵੱਲੋਂ ਵਾਲੀਬਾਲ ਦੇ ਅੰਤਰਕਲਾਸ ਮੁਕਾਬਲੇ ਕਰਾਏ ਗਏ।ਇਨ੍ਹਾਂ ਵਾਲੀਬਾਲ ਮੁਕਾਬਲਿਆਂ 'ਚ ਕਾਲਜ ਦੀਆਂ ਆਰਟਸ, ਕਾਮਰਸ, ਸਾਇੰਸ ਅਤੇ ਪੋਸਟ ਗ੍ਰੈਜੂਏਟ ਵੱਖ ?ਵੱਖ ਕਲਾਸਾਂ 'ਚੋਂ ਅੱਠ ਟੀਮਾਂ ਨੇ ਭਾਗ ਲਿਆ।ਇਨ੍ਹਾਂ ਮੁਕਾਬਲਿਆਂ ਦੇ ਫ਼ਾਈਨਲ ਮੁਕਾਬਲੇ ਵਿੱਚ ਟੀਮ ਬੀ (ਬੀ.ਕਾਮ ਭਾਗ ਪਹਿਲਾ) ਨੇ ਪਹਿਲਾ ਸਥਾਨ ਤੇ ਟੀਮ ਜੀ (ਬੀਬੀਏ ਭਾਗ ਪਹਿਲਾ) ਨੇ ਦੂਜਾ ਸਥਾਨ ਹਾਸਲ ਕੀਤਾ। ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਪਹਿਲੇ ਤੇ ਦੂਜੇ ਸਥਾਨ 'ਤੇ ਆਉਣ ਵਾਲੀਆਂ ਟੀਮਾਂ ਨੂੰ ਸੋਨੇ ਤੇ ਚਾਂਦੀ ਦੇ ਤਮਗ਼ੇ ਪਹਿਨਾ ਕੇ ਸਨਮਾਨਤ ਕੀਤਾ।ਇਨ੍ਹਾਂ ਮੁਕਾਬਲਿਆਂ ਦੇ ਆਯੋਜਨ ਵਿੱਚ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਤੇ ਡੀਨ ਆਫ਼ ਸਪੋਰਟਸ ਡਾ. ਨਿਰਲੇਪ ਕੌਰ ਅਤੇ ਡਾ. ਕਰਮਜੀਤ ਸਿੰਘ ਨੇ ਯੋਗਦਾਨ ਪਾਇਆ। ਇਸ ਮੌਕੇ ਪ੍ਰੋ. ਰਾਮਪਾਲ ਬੰਗਾ ਵੀ ਹਾਜ਼ਰ ਸਨ। ਇਨ੍ਹਾਂ ਮੁਕਾਬਲਿਆਂ ਦੇ ਸਫ਼ਲਤਾਪੂਰਵਕ ਆਯੋਜਨ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਰਾੜ, ਜਨਰਲ ਸਕੱਤਰ ਡਾ. ਪਵਿੱਤਰਪਾਲ ਸਿੰਘ ਪਾਂਗਲੀ, ਐਗਜ਼ੀਕਿਊਟਿਵ ਮੈਂਬਰ ਸ਼੍ਰੀਮਤੀ ਰੁਪਿੰਦਰ ਕੌਰ ਬਰਾੜ, ਅਹੁਦੇਦਾਰਾਂ, ਮੈਂਬਰ ਸਾਹਿਬਾਨ ਤੇ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਸਰੀਰਕ ਸਿੱਖਿਆ ਵਿਭਾਗ ਦੇ ਪ੍ਰਾਧਿਆਪਕਾਂ ਤੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ।

## ਫਰੀਡਮ ਫਾਇਟਰਜ਼ ਉੱਤਰਾਧਿਕਾਰੀ ਸੰਸਥਾ ਦੀ ਮੀਟਿੰਗ ਹੋਈ



**ਮਾਨਸਾ (ਆਤਮਾ ਸਿੰਘ ਪਮਾਰ)**-ਫਰੀਡਮ ਫਾਈਟਰਜ ਉਤਰਾਧਿਕਾਰੀ ਸੰਸਥਾ ਜ਼ਿਲ੍ਹਾ ਇਕਾਈ ਮਾਨਸਾ ਦੀ ਮਹੀਨਾਵਾਰ ਮੀਟਿੰਗ ਸਥਾਨਕ ਬੱਚਤ ਭਵਨ ਵਿਖੇ ਜ਼ਿਲ੍ਹਾ ਪ੍ਰਧਾਨ ਰਘਵੀਰ ਸਿੰਘ ਜਟਾਣਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ 'ਚ ਸੂਬਾ ਪ੍ਰਧਾਨ ਚਤਿੰਨ ਸਿੰਘ ਸੇਖੋਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਮੀਟਿੰਗ ਦੌਰਾਨ ਫਰੀਡਮ ਫਾਇਟਰਜ਼ ਦੇ ਵਾਰਸਾਂ ਨੂੰ ਆ ਰਹੀਆਂ ਸਮੱਸਿਆਵਾਂ ਤੇ ਵਿਚਾਰ-ਵਟਾਂਦਰਾ ਕੀਤਾ ਗਿਆ।ਸੂਬਾ ਪ੍ਰਧਾਨ ਚਤਿੰਨ ਸਿੰਘ ਸੇਖੋਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੀਟਿੰਗ ਕਰਕੇ ਭੌਰਸਾ ਦਿੱਤਾ ਗਿਆ ਸੀ।ਫਰੀਡਮ ਫਾਇਰਜ ਦੀਆਂ ਮੰਗਾਂ ਸਬੰਧੀ ਨੋਟੀਫਿਕੇਸ਼ਨ ਜਲਦੀ ਜਾਰੀ ਕੀਤਾ ਜਾਵੇ, ਪ੍ਰੰਤੂ ਇਸ ਬਜਟ 'ਚ ਵੀ ਫਰੀਡਮ ਫਾਇਟਰਜ ਦੇ ਵਾਰਸਾਂ ਲਈ ਕੁੱਝ ਨਹੀਂ ਕੀਤਾ ਗਿਆ।ਮੀਟਿੰਗ ਦੌਰਾਨ ਬਲਵੀਰ ਸਿੰਘ ਝੱਬਰ ਨੂੰ ਸੁਨਾਮ ਵਿਖੇ ਧਰਨੇ ਦੌਰਾਨ ਸਾਰੇ ਦਿਨ ਹਾਜ਼ਰ ਰਹਿਣ 'ਤੇ ਸਿਰੋਪਾ ਪਾ ਕੇ ਸਨਮਾਨਤ ਵੀ ਕੀਤਾ ਗਿਆ।ਇਸ ਦੇ ਨਾਲ ਹੀ ਸੂਬਾ ਪ੍ਰਧਾਨ ਚਤਿੰਨ ਸਿੰਘ ਸੇਖੋਂ ਮਾਨਸਾ ਇਹ ਵੀ ਦੱਸਿਆ ਕਿ ਪਿਛਲੇ ਦਿਨੀਂ ਪੰਜਾਬ ਦੇ ਰਾਜ ਪਾਲ, ਸ੍ਰੀ ਗੁਲਾਬ ਚੰਦ ਕਟਾਰੀਆਂ ਨਾਲ ਵੀ ਮੀਟਿੰਗ ਹੋਈ।

## ਪੀ ਆਈ ਐੱਮ ਟੀ ਕਾਲਜ 'ਚ ਲਾਏ ਰੁਜ਼ਗਾਰ ਮੇਲੇ 'ਚ 78 ਉਮੀਦਵਾਰਾਂ ਦੀ ਚੋਣ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਿਲ੍ਹਾ ਰੁਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਪੰਜਾਬ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਕਾਲਜ ਮੰਡੀ ਗੋਬਿੰਦਗੜ੍ਹ ਵਿਖੇ ਇੱਕ ਵਿਸ਼ਾਲ ਰੋਜ਼ਗਾਰ ਮੇਲੇ ਦਾ ਆਯੋਜਨ ਕੀਤਾ ਗਿਆ।ਜ਼ਿਲ੍ਹਾ ਰੁਜ਼ਗਾਰ ਅਫ਼ਸਰ ਸ੍ਰੀ ਹਰਪ੍ਰੀਤ ਸਿੰਘ ਸਿੱਧੂ ਨੇ ਦੱਸਿਆ ਕਿ ਇਸ ਰੁਜ਼ਗਾਰ ਮੇਲੇ ਵਿੱਚ ਐਕਸਿਸ ਬੈਂਕ, ਬਰਗਰ ਕਿੰਗ, ਡੀਮਾਰਟ, ਮਾਧਵ ਸਟੀਲ, ਰਾਈਜ ਤੇ ਸ਼ਾਈਨ ਤੇ ਐਲ ਆਈ ਸੀ, ਕੰਪਨੀ ਵੱਲੋਂ ਸ਼ਿਰਕਤ ਕੀਤੀ ਗਈ।ਉਨ੍ਹਾਂ ਦੱਸਿਆ ਕਿ ਰੋਜਗਾਰ ਮੇਲੇ ਦੌਰਾਨ ਲਗਭਗ 240 ਪ੍ਰਾਰਥੀਆਂ ਨੇ ਵੱਖ-ਵੱਖ ਅਸਾਮੀਆਂ ਲਈ ਆਪਣੀ ਰਜਿਸਟ੍ਰੇਸ਼ਨ ਕਰਾਈ ਤੇ ਇੰਟਰਵਿਊ ਦਿੱਤੀ, ਜਿਸ ਵਿੱਚੋਂ 78 ਨੌਜਵਾਨਾਂ ਦੀ ਨੌਕਰੀ ਲਈ ਚੋਣ ਕੀਤੀ ਗਈ।ਉਨ੍ਹਾਂ ਕਿਹਾ ਕਿ ਇਸ ਮੇਲੇ ਵਿੱਚ ਇਲਾਕੇ ਦੇ ਨੌਜਵਾਨਾਂ ਨੇ ਭਾਰੀ ਉਤਸ਼ਾਹ ਦਿਖਾਇਆ ਤੇ ਨਾਮੀ ਕੰਪਨੀਆਂ ਵਿੱਚ ਨੌਕਰੀ ਪ੍ਰਾਪਤ ਕਰਨ ਲਈ ਇੰਟਰਵਿਊ ਦਿੱਤੀ।ਜ਼ਿਲ੍ਹਾ ਰੋਜ਼ਗਾਰ ਬਿਊਰੋ ਤੋਂ ਪਲੇਸਮੈਂਟ ਅਫ਼ਸਰ ਜਸਵਿੰਦਰ ਸਿੰਘ ਬੱਲ ਤੇ ਕਰੀਅਰ ਕੌਂਸਲਰ ਹਰਮਨਦੀਪ ਸਿੰਘ ਨੇ ਵਿਦਿਆਰਥੀਆਂ ਨੂੰ ਰੋਜ਼ਗਾਰ ਦੇ ਨਵੇਂ ਮੌਕਿਆਂ ਤੇ ਕੈਰੀਅਰ ਦੀ ਚੋਣ ਬਾਰੇ ਮਹੱਤਵਪੂਰਨ ਨੁਕਤੇ ਸਾਂਝੇ ਕੀਤੇ।ਕਾਲਜ ਪ੍ਰਬੰਧਕਾਂ ਨੇ ਆਏ ਹੋਏ ਅਧਿਕਾਰੀਆਂ ਤੇ ਸਾਰੀਆਂ ਕੰਪਨੀਆਂ ਦੇ ਨੁਮਾਇੰਦਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਵਿੱਖ ਵਿੱਚ ਵੀ ਅਜਿਹੇ ਮੇਲੇ ਜਾਰੀ ਰਹਿਣਗੇ।

# ਕਬਜ਼ਾ ਵਰੰਟ ਲੈ ਕੇ ਆਏ ਅਧਿਕਾਰੀ ਕਿਸਾਨਾਂ ਦੇ ਰੋਹ ਅੱਗੇ ਝੁਕਦਿਆਂ ਬੇਰੰਗ ਪਰਤੇ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**

ਭਾਕਿਯੂ ਡਕੌਂਦਾ (ਧਨੇਰ) ਬਲਾਕ ਮਹਿਲ ਕਲਾਂ ਦੇ ਆਗੂਆਂ ਦੀ ਅਗਵਾਈ 'ਚ ਕੀਤੇ ਰੋਸ ਪ੍ਰਦਰਸ਼ਨ ਕਾਰਨ ਵਕਫ ਬੋਰਡ ਜ਼ਮੀਨ ਦਾ ਵਰੰਟ ਕਬਜ਼ਾ ਲੈਣ ਆਏ ਅਧਿਕਾਰੀਆਂ ਨੂੰ ਲੋਕ ਰੋਹ ਅੱਗੇ ਝੁਕਦਿਆਂ ਬੇਰੰਗ ਵਾਪਸ ਪਰਤਣਾ ਪਿਆ।ਜਥੇਬੰਦੀ ਦੇ ਆਗੂਆਂ ਜਗਰਾਜ ਸਿੰਘ ਹਰਦਾਸਪੁਰਾ, ਨਾਨਕ ਸਿੰਘ ਅਮਲਾ ਸਿੰਘ ਵਾਲਾ, ਜੱਗਾ ਸਿੰਘ ਮਹਿਲ ਕਲਾਂ, ਭਿੰਦਰ ਸਿੰਘ ਮੂੰਮ ਨੇ ਕਿਹਾ ਕਿ ਕਿਸਾਨਾਂ ਦੀਆਂ ਜ਼ਮੀਨਾਂ, ਜਾਇਦਾਦ ਦੀ ਕੁਰਕੀ ਕਿਸੇ ਵੀ ਹਾਲਤ ਵਿੱਚ ਨਹੀਂ ਕਰਨ ਦਿਆਂਗੇ।ਇਸ ਮੌਕੇ ਨਛੱਤਰ ਸਿੰਘ, ਗੁਰਮੇਲ ਸਿੰਘ ਤੇ ਅਵਤਾਰ ਸਿੰਘ ਨੇ ਦੱਸਿਆ ਕਿ ਅਸੀਂ ਬਰਫ ਬੋਰਡ ਦੀ ਜ਼ਮੀਨ ਪਿੰਡ ਮਹਿਲ ਕਲਾਂ ਰਕਬਾ ਧਨੇਰ, ਜੋ ਕਿ 1971 ਵਿੱਚ ਠੇਕੇ 'ਤੇ ਲਈ ਹੋਈ ਸੀ, ਉਸ ਦਾ ਠੇਕਾ ਅਸੀਂ ਕਾਫ਼ੀ ਸਮਾਂ ਭਰਦੇ ਰਹੇ ਹਾਂ ਅਸੀਂ ਬਹੁਤ ਗਰੀਬ ਹਾਂ, ਸਾਡੇ ਕੋਲ ਹੋਰ ਕੋਈ ਜਾਇਦਾਦ ਨਹੀਂ ਹੈ, ਜਿਸ ਕਾਰਨ ਸਾਡੇ ਘਰ ਦਾ ਗੁਜ਼ਾਰਾ ਇਸ ਜ਼ਮੀਨ 'ਤੇ ਹੀ ਚਲਦਾ ਹੈ।ਸਾਡੀਆਂ ਕਈ ਫਸਲਾਂ ਕੁਦਰਤੀ ਕਰੋਪੀ ਕਾਰਨ ਨੁਕਸਾਨੀਆਂ ਗਈਆਂ, ਜਿਸ ਕਾਰਨ ਅਸੀਂ ਠੇਕਾ ਦੇਣ ਤੋਂ ਵੀ ਅਸਮਰਥ ਹੋ ਗਏ, ਜਿਸ ਕਰਕੇ ਵਕਫ ਬੋਰਡ ਵਲੋਂ ਕਬਜ਼ਾ ਵਰੰਟ ਲਿਆਂਦਾ ਗਿਆ ਹੈ।ਜਦੋਂ ਪ੍ਰਸ਼ਾਸਨ ਕਬਜ਼ਾ ਕਰਨ ਪਹੁੰਚਿਆ ਤਾਂ ਭਾਕਿਯੂ ਡਕੌਂਦਾ ਧਨੇਰ ਦੀ ਅਗਵਾਈ ਹੇਠ ਵੱਡੀ ਗਿਣਤੀ 'ਚ ਇਕੱਠੇ ਹੋਏ ਕਿਸਾਨਾਂ ਨੇ ਇਸ ਖਿਲਾਫ ਨਾਅਰੇਬਾਜ਼ੀ ਕੀਤੀ।ਕਿਸਾਨ ਆਗੂਆਂ ਨੇ ਕਿਹਾ ਕਿ ਜਥੇਬੰਦੀ ਦੇ ਫੈਸਲੇ ਮੁਤਾਬਕ ਕਿਸਾਨਾਂ ਦੀਆਂ ਜ਼ਮੀਨਾਂ ਦੀਆਂ ਕੁਰਕੀਆਂ, ਨਿਲਾਮੀਆਂ ਨਹੀਂ ਹੋਣ ਦਿੱਤੀਆਂ ਜਾਣਗੀਆਂ, ਭਾਵੇਂ ਕਿੰਨੀਆਂ ਵੀ ਕੁਰਬਾਨੀਆਂ ਕਰਨੀਆਂ ਪੈਣ।ਕਿਸਾਨਾਂ ਦੇ ਰੋਹ ਅੱਗੇ ਝੁਕਦਿਆਂ ਕਬਜ਼ਾ ਵਰੰਟ ਅਧਿਕਾਰੀਆਂ ਨੂੰ ਬੇਰੰਗ ਵਾਪਸ ਪਰਤਣਾ ਪਿਆ।ਇਸ ਮੌਕੇ ਪ੍ਰੀਤਮ ਸਿੰਘ ਮਹਿਲ ਕਲਾਂ, ਸਤਨਾਮ ਸਿੰਘ ਮੂੰਮ, ਗੁਰਮੇਲ ਸਿੰਘ, ਚੰਦ ਸਿੰਘ ਕੁਰੜ, ਹਾਕਮ ਸਿੰਘ ਕੁਰੜ, ਜੱਗੀ ਸਿੰਘ ਕੁਰੜ, ਨਿਰਮਲ ਸਿੰਘ ਅਮਲਾ ਸਿੰਘ ਵਾਲਾ, ਸਤਪਾਲ ਸਿੰਘ, ਸੁਖਵਿੰਦਰ ਸਿੰਘ, ਗੁਰਦਿਆਲ ਸਿੰਘ ਮੂੰਮ ਆਦਿ ਆਗੂ ਹਾਜ਼ਰ ਸਨ।

## ਅਧਿਆਪਕਾਂ 'ਤੇ ਪੁਲਸ ਤਸ਼ੱਦਦ ਦੀ ਇਨਕਲਾਬੀ ਕੇਂਦਰ ਵੱਲੋਂ ਸਖ਼ਤ ਨਿੰਦਾ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਸੇਵਾ ਨਿਭਾਅ ਰਹੇ ਅਧਿਆਪਕਾਂ ਉੱਪਰ ਜਬਰੀ ਥੋਪੀ ਟੈੱਟ ਟੈਸਟ ਪਾਸ ਕਰਨ ਦੀ ਸ਼ਰਤ ਦਾ ਵਿਰੋਧ ਕਰ ਰਹੇ ਅਧਿਆਪਕਾਂ ਉੱਪਰ ਪੁਲਸ ਵੱਲੋਂ ਢਾਹੇ ਅੰਨ੍ਹੇ ਜਬਰ ਦੀ ਇਨਕਲਾਬੀ ਕੇਂਦਰ ਪੰਜਾਬ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਾ ਹੈ। ਇਨਕਲਾਬੀ ਕੇਂਦਰ ਪੰਜਾਬ ਦੇ ਸੂਬਾ ਪ੍ਰਧਾਨ ਨਰਾਇਣ ਦੱਤ ਨੇ ਪ੍ਰੈੱਸ ਬਿਆਨ ਰਾਹੀਂ ਅਧਿਆਪਕਾਂ ਦੇ ਇਸ ਸੰਘਰਸ਼ ਦੀ ਪੁਰਜ਼ੋਰ ਹਮਾਇਤ ਕਰਨ ਦਾ ਐਲਾਨ ਕਰਦੇ ਹੋਏ ਸੇਵਾ ਨਿਭਾਅ ਰਹੇ ਅਧਿਆਪਕਾਂ ਉੱਪਰ ਜਬਰੀ ਥੋਪੀ ਟੈੱਟ ਟੈਸਟ ਪਾਸ ਕਰਨ ਦੀ ਸ਼ਰਤ ਰੱਦ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਇਨਕਲਾਬੀ ਕੇਂਦਰ ਪੰਜਾਬ ਸਮਝਦਾ ਹੈ ਕਿ ਇਹ ਸ਼ਰਤ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੀ ਨਵੀਂ ਸਿੱਖਿਆ ਨੀਤੀ-2020 ਤਹਿਤ ਸਿੱਖਿਆ ਦੇ ਭਗਵਾਂਕਰਨ ਤੇ ਨਿੱਜੀਕਰਨ ਦੀ ਨੀਤੀ ਦਾ ਹਿੱਸਾ ਹੈ। ਅਧਿਆਪਕ ਜਥੇਬੰਦੀਆਂ 'ਤੇ ਜਬਰੀ ਥੋਪੇ ਟੈੱਟ ਟੈਸਟ ਪਾਸ ਕਰਨ ਨੂੰ ਰੱਦ ਕਰਨ ਦੀ ਮੰਗ ਦੇ ਨਾਲ ਨਾਲ ਨਵੀਂ ਸਿੱਖਿਆ ਨੀਤੀ-2020 ਰੱਦ ਕਰਨ ਦੀ ਮੰਗ ਵੀ ਉਭਾਰਨੀ ਚਾਹੀਦੀ ਹੈ। ਹਾਕਮਾਂ ਨੂੰ, ਲੋਕਾਂ ਦੇ ਜਬਰ ਜ਼ੁਲਮ ਦੇ ਬਾਵਜੂਦ ਹਿੱਕ ਡਾਹ ਕੇ ਸੰਘਰਸ਼ ਜਾਰੀ ਰੱਖਣ ਦੇ ਇਤਿਹਾਸ ਨੂੰ ਪੜ੍ਹ ਲੈਣਾ ਚਾਹੀਦਾ ਹੈ।

## ਇੰਡੇਨ ਗੈਸ ਗਾਹਕਾਂ ਲਈ ਰਾਹਤ, 7 ਤਰੀਕਿਆਂ ਨਾਲ ਘਰ ਬੈਠੇ ਹੋ ਸਕਦਾ ਸਿਲੰਡਰ ਬੁੱਕ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਗਾਹਕਾਂ ਦੀ ਸਹੂਲਤ ਤੇ ਡਿਜ਼ੀਟਲ ਇੰਡੀਆ ਮੁਹਿੰਮ ਨੂੰ ਉਤਸ਼ਾਹਤ ਕਰਦੇ ਹੋਏ ਇੰਡੇਨ ਜੈਨ ਗੈਸ ਏਜੰਸੀ ਨੇ ਗੈਸ ਰੀਫਿਲ ਬੁਕਿੰਗ ਸੰਬੰਧੀ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ ਹੈ।ਗਾਹਕਾਂ ਨੂੰ ਹੁਣ ਗੈਸ ਬੁੱਕ ਕਰਨ ਲਈ ਏਜੰਸੀ ਜਾਣ ਦੀ ਜ਼ਰੂਰਤ ਨਹੀਂ ਹੈ।ਕੰਪਨੀ ਨੇ ਸੱਤ ਆਸਾਨ ਡਿਜ਼ੀਟਲ ਤਰੀਕੇ ਜਾਰੀ ਕੀਤੇ ਹਨ, ਜੋ ਗਾਹਕਾਂ ਨੂੰ ਆਪਣੇ ਰਜਿਸਟਰਡ ਮੋਬਾਈਲ ਨੰਬਰ ਦੀ ਵਰਤੋਂ ਕਰਕੇ ਕੁੱਝ ਸਕਿੰਟਾਂ ਵਿੱਚ ਬੁੱਕ ਕਰਨ ਦੀ ਆਗਿਆ ਦਿੰਦੇ ਹਨ।ਗਾਹਕ ਪ੍ਰਸਿੱਧ ਐਪਾਂ ਰਾਹੀਂ ਪ੍ਰੀਪੇਡ ਰੀਫਿਲ ਬੁੱਕ ਕਰ ਸਕਦੇ ਹਨ।ਇਹ ਬੁਕਿੰਗ ਤੇ ਭੁਗਤਾਨ ਦੋਵਾਂ ਨੂੰ ਡਿਜੀਟਲ ਬਣਾਉਂਦਾ ਹੈ।ਗਾਹਕ 7718955555 'ਤੇ ਕਾਲ ਕਰਕੇ ਆਪਣੀ ਬੁਕਿੰਗ ਕਰ ਸਕਦੇ ਹਨ।ਸਭ ਤੋਂ ਆਸਾਨ ਤਰੀਕਾ ਮਿਸਡ ਕਾਲ ਰਾਹੀਂ ਹੈ।ਸਿਲੰਡਰ ਸ਼ਾਮ 6 ਵਜੇ ਤੋਂ ਰਾਤ 10 ਵਜੇ ਦੇ ਵਿਚਕਾਰ 8454955555 'ਤੇ ਮਿਸਡ ਕਾਲ ਦੇ ਕੇ ਬੁੱਕ ਕੀਤੇ ਜਾ ਸਕਦੇ ਹਨ।

ਸਮਾਰਟਫੋਨ ਉਪਭੋਗਤਾ 'ਇੰਡੀਅਨ ਆਇਲ ਵੰਨ' ਐਪ ਡਾਊਨਲੋਡ ਕਰ ਸਕਦੇ ਹਨ, ਆਪਣੇ ਰਜਿਸਟਰਡ ਨੰਬਰ ਨਾਲ ਲਾਗਇਨ ਕਰ ਸਕਦੇ ਹਨ ਤੇ ਰੀਫਿਲ ਆਰਡਰ ਵਿਕਲਪ ਦੀ ਵਰਤੋਂ ਕਰ ਸਕਦੇ ਹਨ।ਗਾਹਕ ਕੰਪਨੀ ਦੀ ਅਧਿਕਾਰਤ ਵੈੱਬਸਾਈਟ 'ਤੇ ਜਾ ਕੇ ਵੀ ਆਪਣੇ ਆਰਡਰ ਬੁੱਕ ਕਰ ਸਕਦੇ ਹਨ।ਜੇਕਰ ਇੰਟਰਨੈੱਟ ਦੀ ਪਹੁੰਚ ਉਪਲਬਧ ਨਹੀਂ ਹੈ, ਤਾਂ 7718955555 'ਤੇ ਟਾਈਪ ਕਰਕੇ ਇੱਕ ਸੁਨੇਹਾ ਭੇਜਿਆ ਜਾ ਸਕਦਾ ਹੈ।

# ਬੀ ਜੇ ਪੀ ਦੀ ਮੋਗਾ ਰੈਲੀ ਦਾ ਕੌਮੀ ਇਨਸਾਫ ਮੋਰਚਾ ਕਾਲੀਆਂ ਝੰਡੀਆਂ ਵਿਖਾ ਕੇ ਕਰੇਗਾ ਵਿਰੋਧ : ਬਲਵਿੰਦਰ ਸਿੰਘ, ਸੁੱਖ ਗਿੱਲ

### ਕੌਮੀ ਇਨਸਾਫ ਮੋਰਚਾ ਦੀ ਅੱਜ ਚੰਡੀਗੜ੍ਹ ਪ੍ਰਸ਼ਾਸਨ ਨਾਲ ਮੀਟਿੰਗ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਦੇ ਕਿੰਗਡਮ ਹੋਟਲ ਵਿਖੇ ਕੌਮੀ ਇਨਸਾਫ ਮੋਰਚੇ ਨਾਲ ਸਬੰਧਤ ਆਗੂਆਂ, ਕਿਸਾਨ ਜਥੇਬੰਦੀਆਂ ਦੇ ਆਗੂਆਂ ਵੱਲੋਂ ਇੱਕ ਵਿਸ਼ੇਸ਼ ਮੀਟਿੰਗ ਰੱਖੀ ਗਈ, ਜਿਸ ਵਿੱਚ 14 ਮਾਰਚ ਨੂੰ ਕਿਲੀ ਚਾਹਲਾਂ ਮੋਗਾ ਵਿਖੇ ਬੀਜੇਪੀ ਦੀ ਹੋਣ ਵਾਲੀ ਰੈਲੀ ਦਾ ਵਿਰੋਧ ਕਰਨ ਸਬੰਧੀ ਵਿਚਾਰਾਂ ਕੀਤੀਆਂ ਗਈਆਂ।

ਮੀਟਿੰਗ ਵਿੱਚ ਇਹ ਮੰਗ ਉਠਾਈ ਗਈ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਕੀਤਾ ਜਾਵੇ, ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ 'ਤੇ ਸਖ਼ਤ ਕਾਨੂੰਨ ਬਣਾਇਆ ਜਾਵੇ, ਬਹਿਬਲ ਕਲਾਂ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ, ਕਿਸਾਨਾਂ ਦੀਆਂ ਸਾਰੀਆਂ ਫਸਲਾਂ 'ਤੇ ਐੱਮ ਐੱਸ ਪੀ ਦਿੱਤੀ ਜਾਵੇ, ਬਿਜਲੀ ਸੋਧ, ਅਮਰੀਕਾ ਨਾਲ ਟ੍ਰੇਡ ਸਮਝੌਤਾ ਰੱਦ ਕਰਨ ਦੀ ਮੰਗ ਨੂੰ ਲੈ ਕੇ ਧਾਰਮਿਕ ਆਗੂ, ਨਿਹੰਗ ਸਿੰਘ ਤੇ ਕਿਸਾਨ ਜਥੇਬੰਦੀਆਂ ਰਲ਼ ਕੇ 14 ਮਾਰਚ ਨੂੰ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਆਉਣ 'ਤੇ ਕਾਲੀਆਂ ਝੰਡੀਆਂ ਲੈ ਕੇ ਸ਼ਾਂਤਮਈ ਤਰੀਕੇ ਨਾਲ ਰੋਸ ਤੇ ਵਿਰੋਧ ਕਰਨ ਦਾ ਐਲਾਨ ਕੀਤਾ ਗਿਆ ਹੈ।ਮੀਟਿੰਗ ਵਿੱਚ ਬਲਵਿੰਦਰ ਸਿੰਘ ਪਿਆਰੇਆਣਾ ਲੋਕ ਅਧਿਕਾਰ ਲਹਿਰ, ਸੁੱਖ ਗਿੱਲ ਮੋਗਾ ਬੀਕੇਯੂ ਤੋਤੇਵਾਲ, ਕਸ਼ਮੀਰ ਸਿੰਘ ਭੇਖਾ ਜ਼ਿਲ੍ਹਾ ਸੀਨੀ. ਮੀਤ ਪ੍ਰਧਾਨ ਕ੍ਰਾਂਤੀਕਾਰੀ ਜਥੇਬੰਦੀ, ਜਸਵਿੰਦਰ ਸਿੰਘ ਘੋਲੀਆ ਸਕੱਤਰ ਯੂਨਾਈਟਡ ਅਕਾਲੀ ਦਲ, ਨਿਰਭੈ ਸਿੰਘ ਢੁੱਡੀਕੇ, ਦਲਜੀਤ ਸਿੰਘ ਸਰਪੰਚ ਜਨਰਲ ਸਕੱਤਰ ਬੀਕੇਯੂ ਤੋਤੇਵਾਲ, ਸੁਖਦੀਪ ਸਿੰਘ ਬਲਾਕ ਆਗੂ, ਗੁਰਮੀਤ ਸਿੰਘ ਬਲਾਕ ਆਗੂ, ਜਗਸੀਰ ਸਿੰਘ ਝੰਡੇਆਣਾ, ਕੁਲਜੀਤ ਸਿੰਘ ਰੌਂਤਾ ਯੂਥ ਪ੍ਰਧਾਨ ਮੋਗਾ ਬੀਕੇਯੂ ਤੋਤੇਵਾਲ, ਚੰਦਨਦੀਪ ਸਿੰਘ ਰੌਂਤਾ ਬਲਾਕ ਪ੍ਰਧਾਨ ਨਿਹਾਲ ਸਿੰਘ ਵਾਲਾ ਬੀਕੇਯੂ ਤੋਤੇਵਾਲ, ਬੋਹੜ ਸਿੰਘ ਦਾਨੇਵਾਲਾ ਇਕਾਈ ਪ੍ਰਧਾਨ ਤੋਤੇਵਾਲ, ਹਰਮਨਪ੍ਰੀਤ ਸਿੰਘ ਦਾਨੇਵਾਲ ਬਲਾਕ ਫਤਿਹਗੜ੍ਹ ਪੰਜਤੂਰ ਯੂਥ ਪ੍ਰਧਾਨ ਤੋਤੇਵਾਲ, ਦਵਿੰਦਰ ਸਿੰਘ ਬਲਾਕ ਫਤਿਹਗੜ੍ਹ ਪੰਜਤੂਰ ਜਨਰਲ ਸਕੱਤਰ ਤੋਤੇਵਾਲ ਹਾਜ਼ਰ ਸਨ।

## ਝਾੜ ਸਾਹਿਬ ਕਾਲਜ ਦੀਆਂ 7 ਵਿਦਿਆਰਥਣਾਂ ਦੀ ਨੌਕਰੀ ਲਈ ਚੋਣ

**ਸਮਰਾਲਾ (ਸੁਰਜੀਤ ਸਿੰਘ)**

ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ, ਝਾੜ ਸਾਹਿਬ ਵਿੱਚ ਸਕੱਤਰ ਵਿੱਦਿਆ ਸੁਖਮਿੰਦਰ ਸਿੰਘ ਤੇ ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੇ ਦਿਸ਼ਾ-ਨਿਰਦੇਸ਼ ਹੇਠ ਕਾਲਜ ਦੇ ਪਲੇਸਮੈਂਟ ਤੇ ਗਾਈਡੈਂਸ ਸੈੱਲ ਦੇ ਕਨਵੀਨਰ ਡਾ. ਸੁਨੀਤਾ ਕੌਸ਼ਲ ਦੀ ਅਗਵਾਈ ਹੇਠ 'ਅਨੁਦੀਪ ਫਾਊਂਡੇਸ਼ਨ' ਦੇ ਸਹਿਯੋਗ ਨਾਲ ਸੱਤ ਰੋਜ਼ਾ ਵਰਕਸ਼ਾਪ ਆਯੋਜਤ ਕੀਤੀ ਗਈ।ਇਸ ਤੋਂ ਬਾਅਦ ਪਲੇਸਮੈਂਟ ਡਰਾਈਵ ਕਰਾਈ ਗਈ, ਜਿਸ ਵਿੱਚ ਕਾਲਜ ਦੀਆਂ ਵਿਦਿਆਰਥਣਾਂ ਨੇ ਭਾਗ ਲਿਆ।ਵਰਕਸ਼ਾਪ ਤੋਂ ਬਾਅਦ ਵਿਦਿਆਰਥਣਾਂ ਦਾ ਆਨਲਾਈਨ ਟੈੱਸਟ ਲਿਆ ਗਿਆ ਤੇ ਕਾਲਜ ਵਿੱਚ ਕਰਵਾਈ ਗਈ ਪਲੇਸਮੈਂਟ ਡਰਾਈਵ ਵਿੱਚ ਸੱਤ ਵਿਦਿਆਰਥਣਾਂ ਦੀ ਚੋਣ ਮਲਟੀਨੇਸ਼ਨਲ ਕੰਪਨੀ ਵਿੱਚ ਹੋਈ ਹੈ, ਜਿਨ੍ਹਾਂ ਵਿੱਚ ਸੁਮਨਦੀਪ ਕੌਰ, ਰਾਜਦੀਪ ਕੌਰ, ਰਸਲੀਨ ਕੌਰ, ਅਮਨਦੀਪ ਕੌਰ, ਪ੍ਰਭਜੋਤ ਕੌਰ, ਜੋਬਨਪ੍ਰੀਤ ਕੌਰ ਅਤੇ ਪ੍ਰਦੀਪ ਕੌਰ ਸ਼ਾਮਲ ਹਨ। ਇਨ੍ਹਾਂ ਵਿਦਿਆਰਥਣਾਂ ਦਾ ਸਾਲਾਨਾ ਸੈਲਰੀ ਪੈਕੇਜ ਤਿੰਨ ਲੱਖ ਰੁਪਏ ਤੋਂ ਉੱਪਰ ਹੋਵੇਗਾ।

ਕਾਲਜ ਪ੍ਰਿੰਸੀਪਲ ਡਾ ਰਾਜਿੰਦਰ ਕੌਰ ਨੇ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਵਿਦਿਆਰਥਣਾਂ ਨੇ ਪੜ੍ਹਾਈ ਦੇ ਨਾਲ-ਨਾਲ ਇਕ ਵੱਡੀ ਮਲਟੀਨੇਸ਼ਨਲ ਕੰਪਨੀ ਵਿੱਚ ਚੋਣ ਹੋ ਕੇ ਆਪਣੇ ਕਾਲਜ ਅਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਹੈ।ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਲਈ ਆਪਣੇ ਪੈਰਾਂ 'ਤੇ ਖੜ੍ਹਾ ਹੋਣਾ ਬਹੁਤ ਜ਼ਰੂਰੀ ਹੈ।ਇਸ ਲਈ ਕਾਲਜ ਵਿੱਚ ਪਲੇਸਮੈਂਟ ਸੈੱਲ ਵੱਲੋਂ ਵੱਖ-ਵੱਖ ਕੰਪਨੀਆਂ ਦੇ ਦੌਰੇ ਕਰਾਏ ਜਾਂਦੇ ਹਨ।ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਇੰਟਰਵਿਊ ਲਈ ਤਿਆਰ ਕਰਨ ਲਈ ਲਿਖਤੀ ਪ੍ਰੀਖਿਆ, ਗਰੁੱਪ ਚਰਚਾ ਤੇ ਨਿੱਜੀ ਇੰਟਰਵਿਊ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

ਇਸ ਤੋਂ ਇਲਾਵਾ ਏ.ਆਈ, ਬਾਇਓਡਾਟਾ ਤਿਆਰ ਕਰਨਾ, ਵਿਚਾਰਾਂ ਦਾ ਅਦਾਨ-ਪ੍ਰਦਾਨ ਕਰਨ ਲਈ ਕਮਿਊਨੀਕੇਸ਼ਨ ਸਕਿਲ ਆਦਿ ਸਬੰਧੀ ਵਰਕਸ਼ਾਪਾਂ ਵੀ ਕਰਾਈਆਂ ਜਾਂਦੀਆਂ ਹਨ।ਪ੍ਰੀ-ਪਲੇਸਮੈਂਟ ਸੈਸ਼ਨ ਵਿਦਿਆਰਥੀਆਂ ਲਈ ਪ੍ਰੇਰਨਾ ਦਾ ਸਰੋਤ ਬਣਦੇ ਹਨ।ਕਨਵੀਨਰ ਡਾ. ਸੁਨੀਤਾ ਕੌਸ਼ਲ ਨੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਭਵਿੱਖ ਵਿੱਚ ਹੋਰ ਕੰਪਨੀਆਂ ਨੂੰ ਕੈਂਪਸ ਵਿੱਚ ਬੁਲਾਇਆ ਜਾਵੇਗਾ ਤੇ ਵਿਦਿਆਰਥੀਆਂ ਨੂੰ ਬਿਹਤਰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਕਾਲਜ ਹਮੇਸ਼ਾ ਵਚਨਬੱਧ ਰਹੇਗਾ।

## ਮਹਾਰਾਜਾ ਭੁਪਿੰਦਰ ਸਿੰਘ ਸਪੋਰਟਸ 'ਵਰਸਿਟੀ ਨੇ ਮਹਿਲਾ ਦਿਵਸ ਮਨਾਇਆ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** : ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਪਟਿਆਲਾ ਨੇ ਅੰਤਰਰਾਸ਼ਟਰੀ ਮਹਿਲਾ ਦਿਵਸ ਬਹੁਤ ਹੀ ਉਤਸ਼ਾਹ ਤੇ ਉਤਸ਼ਾਹ ਨਾਲ ਮਨਾਇਆ।ਇਸ ਮੌਕੇ ਓਲੰਪੀਅਨ ਤੇ ਅਰਜੁਨ ਅਵਾਰਡੀ ਪ੍ਰੋ. (ਡਾ.) ਰੂਪਾ ਸੈਣੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਆਪਣੀ ਲਗਨ, ਜਨੂੰਨ ਤੇ ਖੇਡ ਉੱਤਮਤਾ ਦੀ ਅਸਾਧਾਰਨ ਯਾਤਰਾ ਦੇ ਤਜਰਬੇ ਸਾਂਝੇ ਕਰਕੇ ਮਹਿਲਾਵਾਂ ਨੂੰ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਇਹ ਸਮਾਗਮ ਵਾਈਸ ਚਾਂਸਲਰ ਡਾ. ਪੁਸ਼ਪਿੰਦਰ ਸਿੰਘ ਗਿੱਲ ਤੇ ਰਜਿਸਟਰਾਰ ਕਰਨਲ ਪਰਮਿੰਦਰ ਸਿੰਘ ਸਿੱਧੂ ਦੀ ਅਗਵਾਈ ਹੇਠ ਕਰਵਾਇਆ ਗਿਆ ਸੀ।ਡਾ. ਪੁਸ਼ਪਿੰਦਰ ਸਿੰਘ ਗਿੱਲ ਨੇ ਔਰਤਾਂ ਲਈ ਸਿੱਖਿਆ ਦੀ ਪਰਿਵਰਤਨਸ਼ੀਲ ਸ਼ਕਤੀ ਬਾਰੇ ਭਾਵੁਕਤਾ ਨਾਲ ਗੱਲ ਕੀਤੀ। ਆਪਣੇ ਤਜ਼ਰਬਿਆਂ ਤੋਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇੱਕ ਪੜ੍ਹੀ-ਲਿਖੀ ਔਰਤ ਇੱਕ ਸਸ਼ਕਤ ਰਾਸ਼ਟਰ ਦੀ ਨੀਂਹ ਹੈ।ਸਮਾਗਮ ਦੀਆਂ ਸੱਭਿਆਚਾਰਕ ਝਲਕੀਆਂ ਵਿੱਚ ਗਣੇਸ਼ ਵੰਦਨਾ ਲੋਕ ਨਾਚ ਯੋਗ ਪ੍ਰਦਰਸ਼ਨ ਕਵਿਤਾ ਪਾਠ ਇੱਕ ਐਕਟ ਪਲੇ ਗਿੱਧਾ ਸ਼ਾਮਲ ਸਨ।ਐੱਨ ਐੱਸ ਐੱਸ ਸੈੱਲ ਦੁਆਰਾ ਕਰਵਾਏ ਇਸ ਸਫਲਤਾਪੂਰਵਕ ਸਮਾਗਮ ਦਾ ਸੰਚਾਲਨ ਐੱਨ ਐੱਸ ਐੱਸ ਕੋਆਰਡੀਨੇਟਰ ਡਾ. ਸੁਮਨ ਕੌਰ ਤੇ ਪ੍ਰੋਗਰਾਮ ਅਫਸਰ ਡਾ. ਹਰਜੋਤ ਕੌਰ ਨੇ ਕੀਤਾ।



## ਪੰਜਾਬ ਸਟੇਟ ਟ੍ਰੇਡਰਜ਼ ਕਮਿਸ਼ਨ ਵੱਲੋਂ ਵਪਾਰੀਆਂ ਨਾਲ ਮੀਟਿੰਗ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਪੰਜਾਬ ਸਰਕਾਰ ਵੱਲੋਂ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਬਣਾਈ ਗਈ ਪੰਜਾਬ ਸਟੇਟ ਟ੍ਰੇਡਰਜ਼ ਕਮਿਸ਼ਨ ਤਹਿਤ ਅਬੋਹਰ ਵਿੱਚ ਵਪਾਰੀਆਂ ਨਾਲ ਮੀਟਿੰਗ ਕੀਤੀ ਗਈ।ਇਹ ਮੀਟਿੰਗ ਐਸ.ਡੀ.ਐਮ. ਅਬੋਹਰ ਰਵਿੰਦਰ ਸਿੰਘ ਅਰੋੜਾ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੇ ਵਪਾਰੀ ਸੰਘ ਦੇ ਪ੍ਰਤੀਨਿਧੀਆਂ ਨੇ ਭਾਗ ਲਿਆ।ਮੀਟਿੰਗ ਵਿੱਚ ਪੁਲਿਸ ਵਿਭਾਗ, ਆਬਕਾਰੀ ਤੇ ਕਰ ਵਿਭਾਗ ਸਮੇਤ ਹੋਰ ਸੰਬੰਧਤ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਰਹੇ।ਮੀਟਿੰਗ ਦੌਰਾਨ ਅਧਿਕਾਰੀਆਂ ਵੱਲੋਂ ਦੱਸਿਆ ਗਿਆ ਕਿ ਕਮਿਸ਼ਨ ਰਾਜ ਪੱਧਰ, ਜ਼ਿਲ੍ਹਾ ਪੱਧਰ ਤੇ ਵਿਧਾਨ ਸਭਾ ਪੱਧਰ 'ਤੇ ਕੰਮ ਕਰ ਰਿਹਾ ਹੈ ਤੇ ਸਥਾਨਕ ਪੱਧਰ ਦੀਆਂ ਸਮੱਸਿਆਵਾਂ ਦੇ ਤੁਰੰਤ ਨਿਵਾਰਣ ਲਈ ਵਪਾਰੀਆਂ ਦੇ ਪ੍ਰਤੀਨਿਧੀਆਂ ਨੂੰ ਵੀ ਕਮੇਟੀਆਂ ਵਿੱਜ ਸ਼ਾਮਲ ਕੀਤਾ ਗਿਆ ਹੈ।ਵਪਾਰੀਆਂ ਵੱਲੋਂ ਮਾਰਕੀਟ 'ਚ ਪੁਲਸ ਸੁਰੱਖਿਆ ਪ੍ਰਬੰਧ, ਬਾਥਰੂਮ ਦਾ ਪ੍ਰਬੰਧ, ਕਾਰ ਪਾਰਕਿੰਗ, ਬਿਜਲੀ ਦੀਆਂ ਤਾਰਾਂ ਤੇ ਮੈਡੀਕਲ ਐਮਰਜੈਂਸੀ ਸਹੂਲਤਾਂ ਵਰਗੀਆਂ ਮੁੱਖ ਸਮੱਸਿਆਵਾਂ ਉਠਾਈਆਂ ਗਈਆਂ। ਮਾਰਕੀਟ ਐਸੋਸੀਏਸ਼ਨ ਦੇ ਪ੍ਰਧਾਨ ਵੱਲੋਂ ਸ਼ਾਮ ਦੇ ਸਮੇਂ ਮਾਰਕੀਟ ਇਲਾਕੇ 'ਚ ਪੁਲਸ ਗਸ਼ਤ ਵਧਾਉਣ ਦੀ ਮੰਗ ਕੀਤੀ ਗਈ, ਜਿਸ 'ਤੇ ਪੁਲਸ ਅਧਿਕਾਰੀਆਂ ਨੇ ਯੋਗ ਕਾਰਵਾਈ ਦਾ ਭਰੋਸਾ ਦਿੱਤਾ।ਇਸ ਤੋਂ ਇਲਾਵਾ ਮੈਡੀਕਲ ਐਮਰਜੈਂਸੀ ਸਹੂਲਤ ਤੇ ਹੋਰ ਬੁਨਿਆਦੀ ਸੁਵਿਧਾਵਾਂ ਮੁਹੱਈਆ ਕਰਵਾਉਣ ਲਈ ਵੀ ਜਲਦੀ ਕਦਮ ਚੁੱਕਣ ਦੀ ਗੱਲ ਕਹੀ ਗਈ।ਮੀਟਿੰਗ ਦੌਰਾਨ ਅਧਿਕਾਰੀਆਂ ਵੱਲੋਂ ਵਪਾਰੀਆਂ ਦੀਆਂ ਸਮੱਸਿਆਵਾਂ ਧਿਆਨ ਨਾਲ ਸੁਣੀਆਂ ਗਈਆਂ ਤੇ ਭਰੋਸਾ ਦਿਵਾਇਆ ਗਿਆ ਕਿ ਉਠਾਏ ਗਏ ਸਾਰੇ ਜਾਇਜ਼ ਮਸਲਿਆਂ ਦਾ ਸੰਬੰਧਤ ਵਿਭਾਗਾਂ ਨਾਲ ਸਹਿਯੋਗ ਕਰਕੇ ਜਲਦੀ ਹੱਲ ਕੀਤਾ ਜਾਵੇਗਾ।ਮੀਟਿੰਗ ਦੇ ਅੰਤ 'ਤੇ ਪ੍ਰਸ਼ਾਸਨ ਅਤੇ ਵਪਾਰੀਆਂ ਵੱਲੋਂ ਆਪਸੀ ਸਹਿਯੋਗ ਨਾਲ ਸ਼ਹਿਰ ਦੇ ਵਪਾਰਕ ਮਾਹੌਲ ਨੂੰ ਹੋਰ ਬਿਹਤਰ ਬਣਾਉਣ ਲਈ ਮਿਲਜੁਲ ਕੇ ਕੰਮ ਕਰਨ ਦੀ ਤਾੜਨਾ ਕੀਤੀ ਗਈ।ਅੰਤ ਵਿੱਚ ਹਲਕਾ ਇੰਚਾਰਜ਼ ਅਬੋਹਰ ਅਰੁਣ ਨਾਰੰਗ ਨੇ ਦੱਸਿਆ ਕਿ ਪੰਜਾਬ ਸਰਕਾਰ ਵਪਾਰੀਆਂ ਅਤੇ ਦੁਕਾਨਦਾਰਾਂ ਦੇ ਮੁੱਦਿਆਂ ਨੂੰ ਤਰਜੀਹੀ ਤੌਰ 'ਤੇ ਸੁਲਝਾਉਣ ਲਈ ਵਚਨਬੱਧ ਹੈ।

## ਨਗਰ ਕੌਂਸਲ ਨੇ ਨਜਾਇਜ਼ ਕਬਜ਼ੇ ਛੁਡਵਾਏ, ਸਾਮਾਨ ਜ਼ਬਤ



**ਬਰੇਟਾ (ਰੀਤਵਾਲ)**-ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਬਰੇਟਾ ਦੀ ਨਗਰ ਕੌਂਸਲ ਵੱਲੋਂ ਪਿਛਲੇ ਕਈ ਦਿਨਾਂ ਤੋਂ ਸ਼ਹਿਰ ਅੰਦਰ ਦੁਕਾਨਦਾਰਾਂ ਵੱਲੋਂ ਦੁਕਾਨਾਂ ਅੱਗੇ ਸਾਮਾਨ ਰੱਖ ਕੇ ਕੀਤੇ ਨਜਾਇਜ਼ ਕਬਜ਼ਿਆਂ ਨੂੰ ਹਟਾਉਣ ਲਈ ਸੰਦੇਸ਼ ਦਿੱਤੇ ਗਏ ਸਨ।ਇਸ ਦੇ ਬਾਵਜੂਦ ਕਈ ਦੁਕਾਨਦਾਰਾਂ ਵੱਲੋਂ ਨਿਯਮਾਂ ਨੂੰ ਛਿੱਕੇ ਟੰਗ ਕੇ ਦੁਕਾਨਾਂ ਅੱਗੇ ਸਾਮਾਨ ਰੱਖਿਆ ਹੋਇਆ ਸੀ।ਇਸੇ ਕੜੀ ਤਹਿਤ ਨਗਰ ਕੌਂਸਲ ਦੇ ਈ ਓ ਸਿਕੰਦਰ ਸਿੰਘ ਵੱਲੋਂ ਆਪਣੀ ਟੀਮ ਜੇ ਈ ਸੰਦੀਪ ਸਿੰਘ, ਕਲਰਕ ਨੀਲ ਕਮਲ, ਸੰਜੇ ਕੁਮਾਰ, ਵਿੱਕੀ ਸਿੰਘ, ਬਲਵਿੰਦਰ ਸਿੰਘ ਤੇ ਬਰੇਟਾ ਪੁਲਸ ਦੇ ਸਹਿਯੋਗ ਨਾਲ ਸ਼ਹਿਰ ਦੇ ਮੇਨ ਬਾਜ਼ਾਰ 'ਤੇ ਸਟਾਲਾਂ ਵਾਲੀ ਗਲੀ ਤੋਂ ਨਾਜਾਇਜ਼ ਕਬਜ਼ੇ ਹਟਾਉਣ ਦੀ ਕਾਰਵਾਈ ਆਰੰਭੀ ਗਈ।ਇਸ ਕਾਰਵਾਈ ਦੌਰਾਨ ਨਗਰ ਕੌਂਸਲ ਦੀ ਟੀਮ ਵੱਲੋਂ ਚਿਤਾਵਨੀ ਦੇਣ ਤੋਂ ਬਾਅਦ ਵੀ ਜਦੋਂ ਦੁਕਾਨਦਾਰਾਂ ਨੇ ਸਾਮਾਨ ਨਾ ਚੁੱਕਿਆ ਤਾਂ ਉਨ੍ਹਾਂ ਨੇ ਬਾਹਰ ਪਿਆ ਸਾਮਾਨ ਜ਼ਬਤ ਕਰ ਲਿਆ।ਨਗਰ ਕੌਂਸਲ ਦੀ ਇਸ ਕਾਰਵਾਈ ਨਾਲ ਹੜਕੰਪ ਮਚ ਗਿਆ ਤੇ ਬਹੁਤੇ ਦੁਕਾਨਦਾਰ ਟੀਮ ਨੂੰ ਦੇਖ ਕੇ ਪਹਿਲਾਂ ਹੀ ਦੁਕਾਨਾਂ ਦੇ ਬਾਹਰ ਰੱਖਿਆ ਸਾਮਾਨ ਚੁੱਕਦੇ ਤੇ ਦੁਕਾਨਾਂ ਅੰਦਰ ਰੱਖਦੇ ਆਮ ਦੇਖੇ ਗਏ।ਜਦੋਂ ਕਬਜ਼ੇ ਹਟਾਉਣ ਦੌਰਾਨ ਟੀਮ ਨੇ ਦੁਕਾਨਦਾਰਾਂ ਦੇ ਬਾਹਰ ਰੱਖੇ ਸਾਮਾਨ ਨੂੰ ਜ਼ਬਤ ਕਰਨਾ ਸ਼ੁਰੂ ਕਰ ਦਿੱਤਾ ਤਾਂ ਕੁਝ ਕੁ ਦੁਕਾਨਦਾਰ ਉਨ੍ਹਾਂ ਨਾਲ ਬਹਿਸ ਕਰਨ ਲੱਗ ਪਏ। ਕਾਰਜਸਾਧਕ ਅਫ਼ਸਰ ਸਿਕੰਦਰ ਸਿੰਘ ਨੇ ਕਿਹਾ ਕਿ ਨਗਰ ਕੌਂਸਲ ਵੱਲੋਂ ਇਹ ਕਾਰਵਾਈ ਇੱਕ ਹਫ਼ਤੇ ਬਾਅਦ ਕੀਤੀ ਜਾਇਆ ਕਰੇਗੀ ਤਾਂ ਜੋ ਸ਼ਹਿਰ ਵਿੱਚ ਟ੍ਰੈਫਿਕ ਦੀ ਸਮੱਸਿਆ ਨਾ ਆਵੇ।

# ਰੂਸੀ ਫੌਜ 'ਚ ਜਬਰੀ ਭਰਤੀ ਕੀਤਾ ਗਗਨਦੀਪ, ਪਰਵਾਰ ਵੱਲੋਂ ਮਦਦ ਦੀ ਗੁਹਾਰ

### ਵਿਦੇਸ਼ ਮੰਤਰੀ ਐੱਸ ਜੈਸ਼ੰਕਰ, ਸਾਂਸਦ ਡਾ. ਗਾਂਧੀ, ਪ੍ਰਨੀਤ ਕੌਰ ਤੇ ਸੰਤ ਸੀਚੇਵਾਲ ਨੂੰ ਪੱਤਰ ਲਿਖੇ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਸਬ ਡਵੀਜ਼ਨ ਪਾਤੜਾਂ ਅਧੀਨ ਆਉਂਦੇ ਪਿੰਡ ਦੇਧਨਾ ਦੇ ਕੁਝ ਮਹੀਨੇ ਪਹਿਲਾਂ ਰੋਜ਼ੀ-ਰੋਟੀ ਦੀ ਭਾਲ ਵਿੱਚ ਰੂਸ ਗਏ ਨੌਜਵਾਨ ਨੂੰ ਰੂਸੀ ਫੌਜ ਵਿੱਚ ਜਬਰੀ ਭਰਤੀ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ।ਨੌਜਵਾਨ ਵੱਲੋਂ ਪਰਵਾਰ ਨੂੰ ਭੇਜੇ ਗਏ ਵੀਡੀਓ ਸੰਦੇਸ਼ ਰਾਹੀਂ ਦਿੱਤੀ ਗਈ ਜਾਣਕਾਰੀ ਮਗਰੋਂ ਪਰਵਾਰ ਡੂੰਘੇ ਸਦਮੇ ਵਿੱਚ ਹੈ।ਪਰਿਵਾਰਕ ਮੈਂਬਰਾਂ ਵੱਲੋਂ ਕੇਂਦਰੀ ਵਿਦੇਸ਼ ਰਾਜ ਮੰਤਰੀ ਐੱਸ ਜੈਸ਼ੰਕਰ, ਲੋਕ ਸਭਾ ਹਲਕਾ ਪਟਿਆਲਾ ਤੋਂ ਮੈਂਬਰ ਪਾਰਲੀਮੈਂਟ ਡਾਕਟਰ ਧਰਮਵੀਰ ਗਾਂਧੀ, ਸਾਬਕਾ ਵਿਦੇਸ਼ ਰਾਜ ਮੰਤਰੀ ਸ਼੍ਰੀਮਤੀ ਪ੍ਰਨੀਤ ਕੌਰ ਤੇ ਰਾਜ ਸਭਾ ਮੈਂਬਰ ਸੰਤ ਬਲਵੀਰ ਸਿੰਘ ਸੀਚੇਵਾਲਾ ਨੂੰ ਪੱਤਰ ਭੇਜ ਕੇ ਮਦਦ ਦੀ ਗੁਹਾਰ ਲਗਾਈ ਹੈ।ਰੂਸ-ਯੂਕਰੇਨ ਜੰਗ ਦੇ ਭਖਦੇ ਮੈਦਾਨ ਵਿੱਚ ਫਸੇ ਪਿੰਡ ਦੇਧਨਾ ਵਾਸੀ ਗਗਨਦੀਪ ਦੀ ਪਿੰਡ ਛਨੌਰ ਵਿਖੇ ਵਿਆਹੀ ਭੈਣ ਲਖਵਿੰਦਰ ਕੌਰ ਨੇ ਭੇਜੇ ਪੱਤਰ ਰਾਹੀਂ ਦੱਸਿਆ ਹੈ ਕਿ ਉਸ ਦਾ ਭਰਾ ਗਗਨਦੀਪ (ਪਾਸਪੋਰਟ ਨੰਬਰ: "4441992) ਜੂਨ 2025 ਵਿੱਚ ਪੜ੍ਹਾਈ ਦੇ ਮਕਸਦ ਨਾਲ ਰੂਸ ਗਿਆ ਸੀ। ਸ਼ੁਰੂਆਤੀ ਤਿੰਨ ਮਹੀਨੇ ਉਹ ਪਰਵਾਰ ਦੇ ਸੰਪਰਕ ਵਿੱਚ ਰਿਹਾ, ਪਰ ਸਤੰਬਰ 2025 ਤੋਂ ਬਾਅਦ ਉਸ ਦਾ ਸੰਪਰਕ ਅਚਾਨਕ ਟੁੱਟ ਗਿਆ।ਕੁੱਝ ਸਮੇਂ ਬਾਅਦ ਉਸ ਦੇ ਸੰਦੇਸ਼ ਰਾਹੀਂ ਪਤਾ ਲੱਗਿਆ ਕਿ ਉਸ ਨੂੰ ਰੂਸੀ ਫੌਜ ਨੇ ਜ਼ਬਰਦਸਤੀ ਭਰਤੀ ਕਰ ਲਿਆ ਹੈ ਤੇ ਉਹ ਇੱਕ ਫੌਜੀ ਟ੍ਰੇਨਿੰਗ ਕੈਂਪ ਵਿੱਚ ਹੈ।ਗਗਨਦੀਪ ਦੇ ਪਰਿਵਾਰਕ ਚਾਚਾ ਜਰਨੈਲ ਸਿੰਘ, ਮਾਮਾ ਗੁਰਚਰਨ ਸਿੰਘ, ਮਾਮੀ ਕਮਲਜੀਤ ਕੌਰ ਨੇ ਦੱਸਿਆ ਕਿ ਉਸ ਨੂੰ ਜਲਦੀ ਹੀ ਯੂਕਰੇਨ ਵਿਰੁੱਧ ਜੰਗ ਦੀ 'ਫਰੰਟ ਲਾਈਨ' (ਅਗਲੀ ਕਤਾਰ) 'ਤੇ ਭੇਜਿਆ ਜਾ ਰਿਹਾ ਹੈ।ਉਸ ਨੇ ਪਰਵਾਰ ਨੂੰ ਮੈਸੇਜ ਰਾਹੀਂ ਬਹੁਤ ਹੀ ਸਹਿਮੇ ਹੋਏ ਸ਼ਬਦਾਂ ਵਿੱਚ ਦੱਸਿਆ ਕਿ ਉੱਥੇ ਹਾਲਾਤ ਬਹੁਤ ਭਿਆਨਕ ਹਨ ਤੇ ਕਈ ਨੌਜਵਾਨ ਰੋਜ਼ਾਨਾ ਆਪਣੀਆਂ ਜਾਨਾਂ ਗੁਆ ਰਹੇ ਹਨ। ਜੇਕਰ ਸਮੇਂ ਸਿਰ ਮਦਦ ਨਾ ਮਿਲੀ ਤਾਂ ਉਸ ਦਾ ਸੰਪਰਕ ਹਮੇਸ਼ਾ ਲਈ ਟੁੱਟ ਸਕਦਾ ਹੈ।

ਲਖਵਿੰਦਰ ਕੌਰ ਨੇ ਭਰੇ ਮਨ ਨਾਲ ਦੱਸਿਆ ਕਿ ਉਨ੍ਹਾਂ ਦੇ ਮਾਤਾ-ਪਿਤਾ ਤੇ ਇੱਕ ਭਰਾ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ।ਗਗਨਦੀਪ ਹੀ ਹੁਣ ਪਰਵਾਰ ਦਾ ਇੱਕੋ-ਇੱਕ ਸਹਾਰਾ ਹੈ।ਉਨ੍ਹਾਂ ਕਿਹਾ ਕਿ ਗਗਨਦੀਪ ਦਾ ਇਸ ਜੰਗ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਤੇ ਉਸ ਨੂੰ ਧੋਖੇ ਨਾਲ ਜਾਂ ਜਬਰੀ ਇਸ ਖ਼ਤਰੇ ਵਿੱਚ ਪਾਇਆ ਗਿਆ ਹੈ।ਪੀੜਤ ਪਰਵਾਰ ਨੇ ਭਾਰਤ ਸਰਕਾਰ ਨੂੰ ਪੁਰਜ਼ੋਰ ਅਪੀਲ ਕੀਤੀ ਹੈ ਕਿ ਰੂਸੀ ਸਰਕਾਰ ਨਾਲ ਉੱਚ ਪੱਧਰੀ ਗੱਲਬਾਤ ਕਰਕੇ ਗਗਨਦੀਪ ਨੂੰ ਤੁਰੰਤ ਮੁਕਤ ਕਰਵਾਇਆ ਜਾਵੇ ਤੇ ਉਸ ਨੂੰ ਸੁਰੱਖਿਅਤ ਭਾਰਤ ਵਾਪਸ ਲਿਆਂਦਾ ਜਾਵੇ।ਪਰਵਾਰ ਨੇ ਕਿਹਾ ਕਿ ਹੁਣ ਉਨ੍ਹਾਂ ਦੀ ਆਖਰੀ ਉਮੀਦ ਸਿਰਫ ਸਰਕਾਰ 'ਤੇ ਟਿਕੀ ਹੋਈ ਹੈ।



ਗਗਨਦੀਪ ਸੰਬੰਧੀ ਜਾਣਕਾਰੀ ਦਿੰਦੇ ਪਰਵਾਰਕ ਮੈਂਬਰ ਤੇ ਰਿਸ਼ਤੇਦਾਰ।

## 'ਮਾਨਵਤਾ ਦੇ ਰਾਹ ਦਸੇਰੇ : ਮਾਤਾ ਗੁਜਰੀ ਜੀ' ਵਿਸ਼ੇ 'ਤੇ ਕਰਾਇਆ ਧਾਰਮਿਕ ਲੈਕਚਰ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੇ ਧਰਮ ਅਧਿਐਨ, ਇਤਿਹਾਸ ਤੇ ਫਾਈਨ ਆਰਟਸ ਵਿਭਾਗ ਵੱਲੋਂ ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਅਵਸਰ 'ਤੇ 'ਮਾਨਵਤਾ ਦੇ ਰਾਹ-ਦਸੇਰੇ : ਮਾਤਾ ਗੁਜਰੀ ਜੀ' ਵਿਸ਼ੇ 'ਤੇ ਵਿਸ਼ੇਸ਼ ਲੈਕਚਰ ਦਾ ਆਯੋਜਨ ਕਰਾਇਆ ਗਿਆ।ਇਸ ਲੈਕਚਰ ਦੌਰਾਨ ਇਤਿਹਾਸ ਵਿਭਾਗ ਦੇ ਮੁਖੀ ਪ੍ਰੋ. ਹਰਬਿੰਦਰ ਸਿੰਘ ਤੇ ਧਰਮ ਅਧਿਐਨ ਵਿਭਾਗ ਦੇ ਮੁਖੀ ਡਾ. ਗੁਰਬਾਜ ਸਿੰਘ ਨੇ ਆਪਣੇ ਵਿਚਾਰ ਪੇਸ਼ ਕੀਤੇ। ਪ੍ਰੋ. ਹਰਬਿੰਦਰ ਸਿੰਘ ਨੇ ਮਾਤਾ ਗੁਜਰੀ ਜੀ ਦੇ ਜੀਵਨ, ਹਿੰਮਤ ਤੇ ਅਧਿਆਤਮਕ ਪਹੁੰਚ ਬਾਰੇ ਵਿਸਥਾਰ ਨਾਲ ਦੱਸਦਿਆਂ ਕਿਹਾ ਕਿ ਮਾਤਾ ਗੁਜਰੀ ਜੀ ਦੀ ਕੁਰਬਾਨੀ ਤੇ ਉਨ੍ਹਾਂ ਦੁਆਰਾ ਦਿੱਤੀਆਂ ਗਈਆਂ ਕਦਰਾਂ-ਕੀਮਤਾਂ ਪੀੜ੍ਹੀਆਂ ਤੋਂ ਸਮਾਜ ਨੂੰ ਪ੍ਰੇਰਿਤ ਕਰਦੀਆਂ ਆ ਰਹੀਆਂ ਹਨ।ਡਾ. ਗੁਰਬਾਜ ਸਿੰਘ ਨੇ ਕਿਹਾ ਕਿ ਸ੍ਰੀ ਫ਼ਤਹਿਗੜ੍ਹ ਸਾਹਿਬ ਦੀ ਮੁਕੱਦਸ ਧਰਤੀ 'ਤੇ ਸਥਿਤ ਗੁਰਦੁਆਰਾ ਠੰਢਾ ਬੁਰਜ, ਮਾਤਾ ਗੁਜਰੀ ਜੀ ਦੀ ਯਾਦ ਨੂੰ ਸਮਰਪਿਤ ਆਸਥਾ ਦਾ ਅਜਿਹਾ ਕੇਂਦਰ ਹੈ, ਜਿੱਥੋਂ ਮਨੁੱਖ ਨੂੰ ਸਿਦਕ, ਦਲੇਰੀ, ਨਿਡਰਤਾ, ਸੇਵਾ, ਸਿਮਰਨ, ਪ੍ਰਭੂ ਭਰੋਸਾ ਆਦਿ ਗੁਣਾਂ ਦੀ ਦਾਤ ਮਿਲਦੀ ਹੈ। ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਸਿੱਖ ਇਤਿਹਾਸ ਦੀਆਂ ਮਹਾਨ ਸਿੱਖ ਇਸਤਰੀਆਂ ਦੀਆਂ ਸ਼ਖ਼ਸੀਅਤਾਂ ਬਾਰੇ ਹੋਰ ਜਾਨਣ ਤੇ ਉਨ੍ਹਾਂ ਦੇ ਸਿੱਖੀ ਆਦਰਸ਼ਾਂ ਨੂੰ ਜ਼ਿੰਦਗੀ ਵਿੱਚ ਧਾਰਨ ਕਰਨ ਲਈ ਪ੍ਰੇਰਿਤ ਕੀਤਾ।

## ਡਿਪਟੀ ਮੈਡੀਕਲ ਕਮਿਸ਼ਨਰ ਵੱਲੋਂ ਸੀ ਐੱਚ ਸੀ ਦਾ ਦੌਰਾ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਡਿਪਟੀ ਮੈਡੀਕਲ ਕਮਿਸ਼ਨਰ ਡਾ. ਗੁਰਮਿੰਦਰ ਕੌਰ ਔਜਲਾ ਵੱਲੋਂ ਸੀ ਐੱਚ ਸੀ ਮਹਿਲ ਕਲਾਂ ਦਾ ਦੌਰਾ ਕੀਤਾ ਗਿਆ।ਇਸ ਮੌਕੇ ਉਨ੍ਹਾਂ ਵੱਲੋਂ ਮੁੱਖ ਮੰਤਰੀ ਸਿਹਤ ਯੋਜਨਾ ਦੇ ਕੰਮ-ਕਾਜ ਦੀ ਗੰਭੀਰਤਾ ਨਾਲ ਚੈਕਿੰਗ ਕੀਤੀ ਗਈ।ਉਨ੍ਹਾਂ ਵੱਲੋਂ ਆਸ਼ਾ ਵਰਕਰਾਂ ਨਾਲ ਮੀਟਿੰਗ ਕੀਤੀ ਗਈ ਤੇ ਉਨ੍ਹਾਂ ਨੂੰ ਆਪਣੇ ਆਪਣੇ ਏਰੀਏ ਦੇ ਲੋਕਾਂ ਦੇ ਸਿਹਤ ਕਾਰਡ ਬਣਾਉਣ ਸਬੰਧੀ ਦਿਸ਼ਾ ਨਿਰਦੇਸ਼ ਦਿੱਤੇ ਗਏ। ਇਸ ਮੌਕੇ ਉਨ੍ਹਾਂ ਸੀਨੀਅਰ ਮੈਡੀਕਲ ਅਫ਼ਸਰ ਡਾ. ਗੁਰਤੇਜਿੰਦਰ ਕੌਰ ਤੇ ਹੋਰ ਸਟਾਫ਼ ਨਾਲ ਮੀਟਿੰਗ ਕਰਦਿਆਂ ਵਿਸ਼ੇਸ਼ ਤੌਰ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਹਰੇਕ ਲੋੜਵੰਦ ਮਰੀਜ਼ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਇਲਾਜ ਦੀ ਸਹੂਲਤ ਮਿਲਣੀ ਯਕੀਨੀ ਬਣਾਈ ਜਾਵੇ।ਇਸ ਦੌਰਾਨ ਉਨ੍ਹਾਂ ਵੱਲੋਂ ਓਟ ਕਲੀਨਿਕ,108 ਐਂਬੂਲੈਂਸ, ਬਾਇਓ ਮੈਡੀਕਲ ਵੇਸਟ, ਰੋਗੀ ਕਲਿਆਣ ਸਮਿਤੀ, ਸਿਹਤ ਸੁਵਿਧਾਵਾਂ ਤੇ ਹਸਪਤਾਲ ਦੇ ਸਫ਼ਾਈ ਪ੍ਰਬੰਧਾਂ ਦੀ ਚੈਕਿੰਗ ਕੀਤੀ ਗਈ ਅਤੇ ਜ਼ਰੂਰੀ ਹਦਾਇਤਾਂ ਦਿੱਤੀਆਂ ਗਈਆਂ। ਸੀਨੀਅਰ ਮੈਡੀਕਲ ਅਫ਼ਸਰ ਡਾ. ਗੁਰਤੇਜਿੰਦਰ ਕੌਰ ਨੇ ਉਨ੍ਹਾਂ ਨੂੰ ਲੋਕ ਹਿੱਤ ਵਿੱਚ ਲਗਾਤਾਰ ਤੇ ਹੋਰ ਬਿਹਤਰ ਕੰਮ ਕਰਨ ਦਾ ਭਰੋਸਾ ਦੁਆਇਆ।

## ਹੀਰੇ ਵੈਲਫੇਅਰ ਕਲੱਬ ਵੱਲੋਂ ਉਪ ਮੰਡਲ ਮੈਜਿਸਟ੍ਰੇਟ ਦਾ ਸਵਾਗਤ



**ਕੋਟਕਪੂਰਾ (ਰਛਪਾਲ ਭੁੱਲਰ)**-ਹੀਰੇ ਵੈਲਫੇਅਰ ਕਲੱਬ ਦੀ ਟੀਮ, ਜਿਸ ਵਿੱਚ ਪ੍ਰਧਾਨ ਸੰਦੀਪ ਕਟਾਰੀਆ, ਚੇਅਰਮੈਨ ਦਲਜਿੰਦਰ ਸਿੰਘ ਸੰਧੂ, ਸਰਪ੍ਰਸਤ ਰਜਿੰਦਰ ਸਿੰਘ ਸਰਾ, ਜਨਰਲ ਸਕੱਤਰ ਗੋਪਾਲ ਵੋਹਰਾ, ਸਪੋਕਸਮੈਨ ਬਿੱਟਾ ਨਰੂਲਾ ਤੇ ਸੀਨੀਅਰ ਮੀਤ ਪ੍ਰਧਾਨ ਮਨਤਾਰ ਸਿੰਘ ਮੱਕੜ ਸ਼ਾਮਲ ਸਨ, ਨੇ ਨਵੇਂ ਆਏ ਉਪ ਮੰਡਲ ਮੈਜਿਸਟ੍ਰੇਟ ਕੋਟਕਪੂਰਾ ਸੁਖਰਾਜ ਸਿੰਘ ਢਿੱਲੋਂ ਦਾ ਸ਼ਹਿਰ ਵਿੱਚ ਅਹੁਦਾ ਸੰਭਾਲਣ 'ਤੇ ਫੁੱਲਾਂ ਦਾ ਗੁਲਦਸਤਾ ਦੇ ਕੇ ਸਵਾਗਤ ਕੀਤਾ ਗਿਆ।ਸ਼ਹਿਰ ਵਿੱਚ ਦਰਪੇਸ਼ ਸਮੱਸਿਆਵਾਂ, ਜਿਸ ਵਿੱਚ ਟ੍ਰੈਫ਼ਿਕ, ਪਾਣੀ ਦੀ ਨਿਕਾਸੀ, ਸਵੱਛ ਭਾਰਤ ਅਭਿਆਨ ਅਧੀਨ ਕੂੜੇ ਦੇ ਬੇਹਤਰ ਪ੍ਰਬੰਧਨ ਬਾਜ਼ਾਰਾਂ ਵਿੱਚ ਵੱਡੇ ਵਾਹਨਾਂ ਦੇ ਦਾਖਲੇ ਦੇ ਸਬੰਧ ਵਿੱਚ ਵਿਸਤ੍ਰਤ ਵਿਚਾਰ ਕੀਤਾ ਗਿਆ।ਮੈਜਿਸਟ੍ਰੇਟ ਨੇ ਜਲਦ ਹੀ ਇਸ ਸਬੰਧੀ ਕਾਰਵਾਈ ਕਰਨ ਦਾ ਭਰੋਸਾ ਦਿੱਤਾ।ਕਲੱਬ ਵੱਲੋਂ ਸਬ ਡਵੀਜ਼ਨ ਮੈਜਿਸਟ੍ਰੇਟ ਨੂੰ ਹਰ ਸਮਾਜਿਕ ਕੰਮ ਵਿੱਚ ਜਿਥੇ ਵੀ ਜ਼ਰੂਰਤ ਹੋਵੇਗੀ, ਸੰਸਥਾ ਹਮੇਸ਼ਾ ਮਦਦ ਵਾਸਤੇ ਤਿਆਰ ਹੋਵੇਗੀ।

## ਆਸ਼ੂਤੋਸ਼ ਗਰਗ ਨੂੰ ਕੈਮਿਸਟ ਐਸੋਸੀਏਸ਼ਨਾਂ ਵੱਲੋਂ ਵਧਾਈ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਡਰੱਗ ਇੰਸਪੈਕਟਰ ਤੋਂ ਆਈ.ਏ.ਐਸ. ਬਣੇ ਆਸ਼ੂਤੋਸ਼ ਗਰਗ ਨੂੰ ਕੈਮਿਸਟ ਐਸੋਸੀਏਸ਼ਨ ਦੀਆਂ ਵੱਖ-ਵੱਖ ਯੂਨਿਟਾਂ ਦੇ ਪ੍ਰਧਾਨਾਂ, ਸੈਕਟਰੀਆਂ ਤੇ ਕੈਸ਼ੀਅਰਾਂ ਵੱਲੋਂ ਵਧਾਈ ਦਿੱਤੀ ਗਈ ਤੇ ਖੁਸ਼ੀ ਪ੍ਰਗਟ ਕੀਤੀ ਗਈ।ਕੈਮਿਸਟ ਐਸੋਸੀਏਸ਼ਨ ਗੋਨਿਆਣਾ ਦੇ ਪ੍ਰਧਾਨ ਪਵਨ ਗਰਗ ਵੱਲੋਂ ਦੱਸਿਆ ਕਿ ਡਰੱਗ ਇੰਸਪੈਕਟਰ ਤੋਂ ਆਈ.ਏ.ਐਸ. ਬਣੇ ਆਸ਼ੂਤੋਸ਼ ਗਰਗ ਨੂੰ ਗੁਲਦਸਤਾ ਭੇਟ ਕੀਤਾ ਗਿਆ। ਇਸ ਮੌਕੇ ਭੁੱਚੋ ਮੰਡੀ ਦੇ ਪ੍ਰਧਾਨ ਕ੍ਰਿਸ਼ਨ ਲਾਲ, ਭਗਤਾ ਦੇ ਪ੍ਰਧਾਨ ਰਕੇਸ਼ ਗੋਇਲ, ਰਾਮਪੁਰਾ ਫੂਲ ਦੇ ਪ੍ਰਧਾਨ ਸ਼ਿੰਦਰਪਾਲ ਸਿੰਗਲਾ, ਜਨਰਲ ਸੈਕਟਰੀ ਅਜੀਤ ਅਗਰਵਾਲ ਤੇ ਕੈਸ਼ੀਅਰ ਰਜੇਸ਼ ਕੁਮਾਰ ਵੱਲੋਂ ਵੀ ਗੁਲਦਸਤਾ ਭੇਟ ਕੀਤਾ ਗਿਆ।

## ਝੂਠੇ ਵਾਅਦਿਆਂ ਨਾਲ ਲੋਕਾਂ ਨੂੰ ਭੁਲਾਵੇ 'ਚ ਨਹੀਂ ਰੱਖਿਆ ਜਾ ਸਕਦਾ : ਪੂਨੀਆ



**ਸਨੌਰ/ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**-ਹਲਕਾ ਸਨੌਰ ਤੋਂ ਬੀਜੇਪੀ ਸੀਨੀਅਰ ਆਗੂ ਸਤਪਾਲ ਸਿੰਘ ਪੂਨੀਆ ਨੇ ਪੰਜਾਬ ਸਰਕਾਰ ਵੱਲੋਂ ਪੇਸ਼ ਕੀਤੇ ਬਜਟ ਉੱਤੇ ਤਿੱਖੀ ਪ੍ਰਤੀਕਿਰਿਆ ਜਤਾਈ ਹੈ।ਬੀਜੇਪੀ ਦੀ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਪ੍ਰਨੀਤ ਕੌਰ ਨਾਲ ਮੁਲਾਕਾਤ ਕਰਨ ਤੋਂ ਬਾਅਦ ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਔਰਤਾਂ ਲਈ ਕੀਤੇ ਜਾ ਰਹੇ ਐਲਾਨ ਸਿਰਫ ਕਾਗਜ਼ਾਂ ਤੱਕ ਹੀ ਸੀਮਤ ਹਨ ਅਤੇ ਹਕੀਕਤ ਵਿੱਚ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਰਾਹਤ ਨਹੀਂ ਮਿਲ ਰਹੀ।ਪੂਨੀਆ ਨੇ ਕਿਹਾ ਕਿ ਚੋਣਾਂ ਦੌਰਾਨ ਪੰਜਾਬ ਦੀਆਂ ਅਣਖੀ ਔਰਤਾਂ ਨਾਲ ਵੱਡੇ ਵਾਅਦੇ ਕੀਤੇ ਗਏ ਸਨ।ਉਨ੍ਹਾਂ ਦੱਸਿਆ ਕਿ ਸਰਕਾਰ ਨੇ ਔਰਤਾਂ ਨੂੰ ਮਹੀਨਾਵਾਰ ਵੱਡੀ ਆਰਥਿਕ ਮਦਦ ਦੇਣ ਦਾ ਭਰੋਸਾ ਦਿੱਤਾ ਸੀ, ਜਿਸ ਦੇ ਅਧਾਰ 'ਤੇ ਕਈ ਪਰਿਵਾਰਾਂ ਨੇ ਉਮੀਦਾਂ ਜੋੜੀਆਂ ਹੋਈਆਂ ਸਨ। ਪਰ ਹੁਣ ਹਾਲਾਤ ਇਹ ਹਨ ਕਿ ਔਰਤਾਂ ਨੂੰ ਮਿਲਣ ਵਾਲੇ ਹਜ਼ਾਰ ਜਾਂ ਪੰਦਰਾਂ ਸੌ ਰੁਪਏ ਦੇ ਐਲਾਨ ਕਰਕੇ ਸਰਕਾਰ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ।ਉਨ੍ਹਾਂ ਦੋਸ਼ ਲਗਾਇਆ ਕਿ ਪੰਜਾਬ ਦੀਆਂ ਔਰਤਾਂ ਦੇ ਹੱਕਾਂ ਦੇ ਲੱਖਾਂ ਰੁਪਏ ਰੋਕੇ ਗਏ ਹਨ ਤੇ ਸਰਕਾਰ ਵੱਲੋਂ ਕੀਤਾ ਗਿਆ ਇਹ ਐਲਾਨ ਸਿਰਫ ਲੋਕਾਂ ਨੂੰ ਭੁਲਾਵੇ ਵਿੱਚ ਰੱਖਣ ਲਈ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਹੁਣ ਸਮਝਦਾਰ ਹੋ ਚੁੱਕੇ ਹਨ ਤੇ ਉਹ ਝੂਠੇ ਵਾਅਦਿਆਂ ਨਾਲ ਧੋਖਾ ਨਹੀਂ ਖਾਣਗੇ।

## ਬਸਪਾ ਦੀ ਬਹਿਰਾਮ ਰੈਲੀ ਦੀਆਂ ਤਿਆਰੀਆਂ ਸੰਬੰਧੀ ਮੀਟਿੰਗਾਂ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਦੇ ਜਨਮ ਦਿਨ ਨੂੰ ਸਮਰਪਤ 15 ਮਾਰਚ ਨੂੰ ਬਹਿਰਾਮ (ਬੰਗਾ) ਵਿਖੇ ਕੀਤੀ ਜਾ ਰਹੀ 'ਸੱਤਾ ਪ੍ਰਾਪਤ ਕਰੋ' ਰੈਲੀ ਦੀਆਂ ਤਿਆਰੀਆਂ ਹਲਕਾ ਮਹਿਲ ਕਲਾਂ ਅੰਦਰ ਜੰਗੀ ਪੱਧਰ 'ਤੇ ਜਾਰੀ ਹਨ।ਇਹ ਜਾਣਕਾਰੀ ਬਸਪਾ ਦੇ ਜ਼ਿਲ੍ਹਾ ਪ੍ਰਧਾਨ ਡਾ: ਸਰਬਜੀਤ ਸਿੰਘ ਖੇੜੀ, ਹਲਕਾ ਪ੍ਰਧਾਨ ਜਥੇਦਾਰ ਹਰਬੰਸ ਸਿੰਘ ਛੀਨੀਵਾਲ ਨੇ ਪਿੰਡ ਛੀਨੀਵਾਲ ਕਲਾਂ ਵਿਖੇ ਬਸਪਾ ਮੀਟਿੰਗ ਨੂੰ ਸੰਬੋਧਨ ਕਰਦਿਆਂ ਦਿੱਤੀ।ਉਨ੍ਹਾਂ ਦੱਸਿਆ ਕਿ ਰੈਲੀ ਦੀਆਂ ਤਿਆਰੀਆਂ ਸਬੰਧੀ ਵਰਕਰਾਂ 'ਚ ਖਾਸ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ।ਸਾਹਿਬ ਸ੍ਰੀ ਕਾਂਸ਼ੀ ਰਾਮ ਨੇ ਦੇਸ਼ ਦੇ ਦਲਿਤਾਂ, ਪੱਛੜੇ ਵਰਗਾਂ ਨੂੰ ਰਾਜਨੀਤਕ ਤਾਕਤ ਦੇਣ ਲਈ ਬਹੁਤ ਵੱਡਾ ਸੰਘਰਸ਼ ਕੀਤਾ।ਉਨ੍ਹਾਂ ਅਧੂਰੇ ਮਿਸ਼ਨ ਨੂੰ ਸਾਕਾਰ ਕਰਨ ਲਈ ਬਸਪਾ ਵਰਕਰਾਂ ਨੂੰ ਇਕਜੁੱਟ ਹੋ ਕੇ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰਨਾ ਚਾਹੀਦਾ ਹੈ।ਉਨ੍ਹਾਂ ਵਰਕਰਾਂ ਨੂੰ ਅਪੀਲ ਕੀਤੀ ਕਿ 15 ਮਾਰਚ ਨੂੰ ਬਹਿਰਾਮ (ਬੰਗਾ) ਵਿਖੇ ਹੋਣ ਵਾਲੀ ਰੈਲੀ 'ਚ ਵੱਡੀ ਗਿਣਤੀ ਵਿੱਚ ਪਹੁੰਚ ਕੇ ਬਸਪਾ ਦੀ ਜਥੇਬੰਦਕ ਸ਼ਕਤੀ ਨੂੰ ਮਜ਼ਬੂਤ ਕੀਤਾ ਜਾਵੇ।ਇਸ ਦੌਰਾਨ ਪਿੰਡ ਛੀਨੀਵਾਲ ਕਲਾਂ ਦੇ ਵਰਕਰਾਂ ਨੇ ਰੈਲੀ 'ਚ ਭਰਵੀਂ ਸ਼ਮੂਲੀਅਤ ਕਰਨ ਦਾ ਵਿਸ਼ਵਾਸ ਦੁਆਇਆ।ਇਸ ਮੌਕੇ ਹਲਕਾ ਖਜ਼ਾਨਚੀ ਕੁਲਦੀਪ ਸਿੰਘ, ਜੇਠਾ ਸਿੰਘ ਹਲਕਾ ਸਕੱਤਰ, ਗੁਰਪ੍ਰੀਤ ਸਿੰਘ ਮੂੰਮ ਕੋਆਰਡੀਨੇਟਰ, ਯੂਥ ਆਗੂ ਗੁਰਦਾਸ ਸਿੰਘ, ਰਾਜਾ ਸਿੰਘ, ਸਤਨਾਮ ਸਿੰਘ ਸੱਤਾ, ਦਰਸ਼ਨ ਸਿੰਘ ਆਦਿ ਹਾਜ਼ਰ ਸਨ।

# ਵਿਸ਼ਵ ਉਪਭੋਗਤਾ ਦਿਵਸ ਮੌਕੇ ਸੁਰੱਖਿਅਤ ਉਤਪਾਦਾਂ ਦੀ ਵਰਤੋਂ ਸੰਬੰਧੀ ਸੈਮੀਨਾਰ



ਪਠਾਨਕੋਟ (ਦਵਿੰਦਰ ਸਿੰਘ)-ਵਿਸ਼ਵ ਉਪਭੋਗਤਾ ਦਿਵਸ ਦੇ ਮੌਕੇ ਸੁਰੱਖਿਅਤ ਉਤਪਾਦਾਂ ਦੀ ਵਰਤੋਂ ਵਿਸ਼ੇ 'ਤੇ ਸਥਾਨਕ ਸੜਕਾਂ 'ਤੇ ਦੋਪਹੀਆ ਵਾਹਨਾਂ ਨਾਲ ਸੰਬੰਧਿਤ ਵਧ ਰਹੀਆਂ ਮੌਤਾਂ ਨੂੰ ਰੋਕਣ ਲਈ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਹੋਟਲ ਜ਼ੋਨ ਪਠਾਨਕੋਟ ਵਿੱਚ ਵਿਸਤ੍ਰਿਤ ਉਪਭੋਗਤਾ ਜਾਗਰੂਕਤਾ ਲੈਕਚਰ ਅਤੇ ਹੈਲਮਟ ਸੁਰੱਖਿਆ ਮੁਹਿੰਮ ਆਯੋਜਿਤ ਕੀਤੀ ਗਈ।ਨਾਗਰਿਕਾਂ ਅਤੇ ਨੌਜਵਾਨ ਰਾਈਡਰਾਂ ਦੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਦੀਪਕ ਗੁਪਤਾ ਨੇ ਭਾਰਤ ਵਿੱਚ ਸੜਕ ਹਾਦਸਿਆਂ ਨਾਲ ਜੁੜੇ ਚਿੰਤਾਜਨਕ ਅੰਕੜਿਆਂ 'ਤੇ ਰੌਸ਼ਨੀ ਪਾਈ।

ਹਾਲੀਆ ਡਾਟਾ ਦਾ ਹਵਾਲਾ ਦਿੰਦਿਆਂ ਉਨ੍ਹਾਂ ਦੱਸਿਆ ਕਿ ਲਗਭਗ 45% ਸੜਕ ਮੌਤਾਂ ਦੋਪਹੀਆ ਵਾਹਨ ਸਵਾਰਾਂ ਨਾਲ ਸੰਬੰਧਿਤ ਹੁੰਦੀਆਂ ਹਨ ਅਤੇ ਹਰ ਸਾਲ 30,000 ਤੋਂ ਵੱਧ ਮੌਤਾਂ ਸਿੱਧੇ ਤੌਰ 'ਤੇ ਹੈਲਮਟ ਨਾ ਪਹਿਨਣ ਕਾਰਨ ਹੁੰਦੀਆਂ ਹਨ।ਉਨ੍ਹਾਂ ਕਿਹਾ ਕਿ ਹੈਲਮਟ ਕੋਈ ਬੋਝ ਨਹੀਂ ਹੈ ਅਤੇ ਨਾ ਹੀ ਸਿਰਫ ਟ੍ਰੈਫਿਕ ਚਲਾਨ ਤੋਂ ਬਚਣ ਦਾ ਸਾਧਨ ਹੈ;ਇਹ ਜੀਵਨ ਬਚਾਉਣ ਵਾਲੀ ਢਾਲ ਹੈ।ਸੈਸ਼ਨ ਦੌਰਾਨ ਸੁਰੱਖਿਆ ਮਿਆਰਾਂ ਬਾਰੇ ਵਿਸਥਾਰਪੂਰਕ ਤਕਨੀਕੀ ਡੈਮੋਨਸਟਰੇਸ਼ਨ ਵੀ ਦਿੱਤੀ ਗਈ, ਜਿਸ ਵਿੱਚ ਝਟਕੇ ਨੂੰ ਸੋਖਣ ਦੀ ਸਮਰੱਥਾ ਅਤੇ ਚਿਨ ਸਟ੍ਰੈਪ ਦੀ ਮਹੱਤਵਪੂਰਨ ਭੂਮਿਕਾ 'ਤੇ ਖਾਸ ਧਿਆਨ ਦਿੱਤਾ ਗਿਆ।ਕਾਰਜਕ੍ਰਮ ਦੇ ਅੰਤ ਵਿੱਚ ਰਾਈਡਰ ਸੇਫਟੀ ਪ੍ਰਣ ਕਰਵਾਇਆ ਗਿਆ, ਜਿਸ ਵਿੱਚ ਹਿੱਸੇਦਾਰਾਂ ਨੇ ਛੋਟੀ ਦੂਰੀ ਲਈ ਵੀ ਪ੍ਰਮਾਣਿਤ ਹੈਲਮਟ ਪਹਿਨਣ ਅਤੇ ਪਿੱਛੇ ਬੈਠਣ ਵਾਲੇ ਸਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਦਾ ਵਚਨ ਦਿੱਤਾ।

ਇਸ ਪਹਿਲ ਰਾਹੀਂ ਆਪਣਾ ਜਨ-ਸਸ਼ਕਤੀਕਰਨ ਅਤੇ ਸ਼ਿਕਾਇਤ ਨਿਵਾਰਣ ਦਾ ਮਿਸ਼ਨ ਜਾਰੀ ਰੱਖਦਿਆਂ ਪ੍ਰਸ਼ਾਸਨ ਅਤੇ ਜਨਤਾ ਨੂੰ ਅਪੀਲ ਕਰਦਾ ਹੈ ਕਿ ਸੜਕ ਸੁਰੱਖਿਆ ਨੂੰ ਇੱਕ ਮੂਲ ਮਨੁੱਖੀ ਅਧਿਕਾਰ ਵਜੋਂ ਮੰਨਿਆ ਜਾਵੇ।

# ਚਮਕੌਰ ਸਿੰਘ ਅੱਚਰਵਾਲ ਸਦੀਵੀ ਵਿਛੋੜਾ ਦੇ ਗਏ

## ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਦੁੱਖ ਦਾ ਪ੍ਰਗਟਾਵਾ

ਜਲੰਧਰ (ਨ ਜ ਸ)-ਸ਼ਹੀਦ ਅਮਰ ਸਿੰਘ ਅੱਚਰਵਾਲ ਦੇ ਅੰਗ ਸੰਗ ਰਹਿਣ ਵਾਲੇ ਬਹੁਤ ਹੀ ਬਹਾਦਰ ਇਨਸਾਨ ਨਗਾਹੀਆ ਸਿੰਘ ਦੇ ਸਪੁੱਤਰ ਚਮਕੌਰ ਸਿੰਘ ਅੱਚਰਵਾਲ ਦੇ ਵਿਛੋੜੇ ਦੀ ਹਿਰਦੇਵੇਦਕ ਖ਼ਬਰ ਹਰ ਇਕ ਦੇ ਕਲੇਜੇ ਰੁੱਗ ਭਰ ਕੇ ਲੈ ਗਈ।



ਉਹਨਾਂ ਦੇ ਸਪੁੱਤਰ ਸਿਮਰਜੋਤ ਸਿੰਘ ਅਤੇ ਮਾਸਟਰ ਜਰਨੈਲ ਸਿੰਘ ਅੱਚਰਵਾਲ ਨੇ ਦੱਸਿਆ ਕਿ ਉਹਨਾਂ ਦਾ ਬਰਨਾਲਾ ਤੇ ਡੀ ਐੱਮ ਸੀ ਇਲਾਜ ਚੱਲਦਾ ਰਿਹਾ। ਉਹ ਪਰਵਾਰ ਅਤੇ ਇਨਕਲਾਬੀ ਕਾਫ਼ਲੇ ਨੂੰ ਅਲਵਿਦਾ ਕਹਿ ਗਏ। ਉਹਨਾਂ ਨੂੰ ਸੇਜ਼ਲ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ

ਉਹਨਾਂ ਦੀ ਯਾਦ 'ਚ ਸ਼ਰਧਾਂਜਲੀ ਸਮਾਗਮ 22 ਮਾਰਚ 12 ਵਜੇ ਪਿੰਡ ਅੱਚਰਵਾਲ ਵਿਖੇ ਹੋਏਗਾ। ਉਹ ਲਗਾਤਾਰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਨਾਲ ਜੁੜੇ ਰਹੇ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ ਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਸਮੁੱਚੀ ਕਮੇਟੀ ਨੇ ਉਹਨਾਂ ਦੇ ਪਰਿਵਾਰ,ਸਾਕ ਸਬੰਧੀਆਂ ਅਤੇ ਸੰਗੀ ਸਾਥੀਆਂ ਨਾਲ ਦੁੱਖ਼ ਦਾ ਪ੍ਰਗਟਾਵਾ ਕੀਤਾ ਹੈ।

# ਸੀਟੂ ਤੇ ਕੁੱਲ ਹਿੰਦ ਕਿਸਾਨ ਸਭਾ ਨੇ ਦਿੱਲੀ ਰੈਲੀ ਲਈ ਖਿੱਚੀ ਤਿਆਰੀ




ਛੇਹਰਟਾ/ਖਾਸਾ, (ਮਨੋਜ ਕੁਮਾਰ/ਸ਼ਸ਼ਪਾਲ ਸਿੰਘ)-ਪੁਤਲੀਘਰ ਸਥਿਤ ਦਫ਼ਤਰ ਵਿਖੇ ਸੀਟੂ ਤੇ ਕੁੱਲ ਹਿੰਦ ਕਿਸਾਨ ਸਭਾ ਦੀ ਸਾਂਝੀ ਮੀਟਿੰਗ ਸਾਥੀ ਸਵਿੰਦਰ ਸਿੰਘ ਮੀਰਾਂਕੋਟ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਕੇਂਦਰ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਤੇ ਕੌਮਾਂਤਰੀ ਪੱਧਰ 'ਤੇ ਅਮਰੀਕਾ-ਇਜ਼ਰਾਈਲ ਦੀ ਜੰਗਬਾਜ਼ੀ ਵਿਰੁੱਧ ਤਿੱਖੇ ਸੰਘਰਸ਼ ਦਾ ਬਿਗੁਲ ਵਜਾਇਆ ਗਿਆ। ਮੀਟਿੰਗ ਦੌਰਾਨ ਅਮਰੀਕਾ, ਇਜ਼ਰਾਈਲ ਤੇ ਈਰਾਨ ਦਰਮਿਆਨ ਵਧ ਰਹੇ ਜੰਗੀ ਤਣਾਅ ਦੀ ਨਿਖੇਧੀ ਕੀਤੀ ਗਈ। ਆਗੂਆਂ ਨੇ ਅਮਰੀਕਾ-ਭਾਰਤ ਮੁਕਤ ਵਪਾਰ ਸਮਝੌਤੇ ਨੂੰ ਭਾਰਤੀ ਕਿਸਾਨਾਂ ਤੇ ਮਜ਼ਦੂਰਾਂ ਲਈ ਘਾਤਕ ਦੱਸਦਿਆਂ ਇਸ ਦਾ ਜ਼ੋਰਦਾਰ ਵਿਰੋਧ ਕੀਤਾ। ਸੰਯੁਕਤ ਕਿਸਾਨ ਮੋਰਚੇ ਤੇ ਮਜ਼ਦੂਰ ਜਥੇਬੰਦੀਆਂ ਵੱਲੋਂ 16 ਮਾਰਚ ਨੂੰ ਕੀਤੀ ਜਾ ਰਹੀ ਸਾਂਝੀ ਮੀਟਿੰਗ ਵਿਚ ਵੱਧ-ਚੜ੍ਹ ਕੇ ਸ਼ਮੂਲੀਅਤ ਕਰਨ ਦਾ ਫ਼ੈਸਲਾ ਵੀ ਲਿਆ ਗਿਆ। ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ 'ਸਾਮਰਾਜ ਵਿਰੋਧੀ ਦਿਹਾੜੇ' ਵਜੋਂ ਮਨਾਉਣ ਦਾ ਐਲਾਨ ਕੀਤਾ ਗਿਆ। ਮੀਟਿੰਗ ਵਿਚ ਫ਼ੈਸਲਾ ਲਿਆ ਗਿਆ ਕਿ ਕਿਸਾਨੀ ਤੇ ਮਜ਼ਦੂਰ ਮੰਗਾਂ ਨੂੰ ਲੈ ਕੇ 24 ਮਾਰਚ ਨੂੰ ਦਿੱਲੀ ਵਿਚ ਹੋ ਰਹੀ ਵਿਸ਼ਾਲ ਰੋਸ ਰੈਲੀ ਵਿਚ ਅੰਮ੍ਰਿਤਸਰ ਜ਼ਿਲ੍ਹੇ ਤੋਂ ਵੱਡੀ ਗਿਣਤੀ ਵਿਚ ਕਾਫ਼ਲੇ ਸ਼ਾਮਿਲ ਹੋਣਗੇ। ਆਗੂਆਂ ਨੇ ਸਰਕਾਰ ਵੱਲੋਂ ਆਪਣੇ ਹੱਕ ਮੰਗਦੇ ਮੁਲਾਜ਼ਮਾਂ 'ਤੇ ਕੀਤੇ ਗਏ ਲਾਠੀਚਾਰਜ ਤੇ ਅੱਥਰੂ ਗੈਸ ਦੇ ਗੋਲੇ ਸੁੱਟੇ ਜਾਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਤੁਰੰਤ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਨੂੰ ਪ੍ਰਵਾਨ ਕਰੇ। ਇਸ ਮੌਕੇ ਕਾਮਰੇਡ ਚਰਨਜੀਤ ਸਿੰਘ ਮਜੀਠਾ, ਕਾਮਰੇਡ ਸੁੱਚਾ ਸਿੰਘ ਅਜਨਾਲਾ, ਕਿਰਪਾ ਰਾਮ, ਮਹਿੰਦਰ ਖਹਿਰਾ, ਭੁਪਿੰਦਰਜੀਤ ਸਿੰਘ ਛੀਨਾ ਤੇ ਯਸ਼ਪਾਲ ਸਮੇਤ ਕਈ ਪ੍ਰਮੁੱਖ ਸਾਥੀ ਹਾਜ਼ਰ ਸਨ।

# ਮਾਨਸਿਕ ਰੋਗਾਂ ਦਾ ਮੁਫ਼ਤ ਮੈਡੀਕਲ ਕੈਂਪ ਭਲਕੇ



ਪਠਾਨਕੋਟ (ਦਵਿੰਦਰ ਸਿੰਘ)-ਮਾਨਸਿਕ ਰੋਗਾਂ ਨਾਲ ਪੀੜਤ ਮਰੀਜ਼ਾਂ ਦੀ ਗਿਣਤੀ ਦਿਨੋਂ ਦਿਨ ਵੱਧਦੀ ਜਾ ਰਹੀ ਹੈ।ਇਹੋ ਜਿਹੇ ਮਰੀਜ਼ਾਂ ਲਈ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰ ਦਾ ਹੋਣਾ ਜ਼ਰੂਰੀ ਹੁੰਦਾ ਹੈ।ਡਾਕਟਰ ਰਮਨਦੀਪ ਕੌਰ ਜੋ ਕਿ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰ ਹਨ, ਜਿਨ੍ਹਾਂ ਨੇ ਆਪਣੀ ਮਿਹਨਤ ਅਤੇ ਕਾਬਲੀਅਤ ਨਾਲ ਐੱਮ ਡੀ ਸਾਈਕੈਟਰੀ (ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰ) ਦੀ ਡਿਗਰੀ ਸਰਕਾਰੀ ਮੈਡੀਕਲ ਕਾਲਜ ਪਟਿਆਲਾ ਤੋਂ ਹਾਸਲ ਕੀਤੀ ਹੈ।ਇਸ ਤੋਂ ਬਾਅਦ ਉਨ੍ਹਾਂ ਨੇ ਵੱਡੇ ਹਸਪਤਾਲਾਂ ਵਿੱਚ ਵੀ ਸੇਵਾ ਨਿਭਾਈ ਹੈ।ਹੁਣ ਉਹ ਹੱਡੀਆਂ ਦੇ ਮਾਹਿਰ ਡਾਕਟਰ ਭਿੰਡਰ ਦੇ ਹਸਪਤਾਲ ਵਿੱਚ ਬਤੌਰ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰ ਵੱਜੋਂ ਸੇਵਾ ਨਿਭਾ ਰਹੇ ਹਨ ਉਨ੍ਹਾਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਨ੍ਹਾਂ ਵੱਲੋਂ ਮਾਨਸਿਕ ਰੋਗਾਂ ਤੋਂ ਪੀੜਤ ਮਰੀਜ਼ਾਂ ਲਈ ਐਤਵਾਰ 15 ਮਾਰਚ ਦਿਨ ਐਤਵਾਰ ਨੂੰ ਭਿੰਡਰ ਹਸਪਤਾਲ ਮਿਸ਼ਨ ਰੋਡ ਪਠਾਨਕੋਟ ਵਿਖੇ ਫ੍ਰੀ ਮੈਡੀਕਲ ਚੈੱਕਅਪ ਕੈਂਪ ਆਯੋਜਿਤ ਕੀਤਾ ਜਾ ਰਿਹਾ ਹੈ ਜਿਸ ਵਿੱਚ ਮਾਨਸਿਕ ਰੋਗੀਆਂ ਦੀ ਜਾਂਚ ਦੇ ਨਾਲ- ਨਾਲ ਸ਼ੂਗਰ ਚੈੱਕ ਵੀ ਮੁਫ਼ਤ ਕੀਤਾ ਜਾਵੇਗਾ। ਡਾਕਟਰ ਰਮਨਦੀਪ ਕੌਰ ਨੇ ਕਿਹਾ ਕਿ ਪਠਾਨਕੋਟ ਅਤੇ ਇਸ ਦੇ ਨਾਲ ਲੱਗਦੇ ਇਲਾਕੇ ਦੇ ਮਰੀਜ਼ ਇਸ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਦਾ ਲਾਹਾ ਪ੍ਰਾਪਤ ਕਰ ਸਕਦੇ ਹਨ । ਚੈੱਕਅਪ ਕੈਂਪ ਦਾ ਸਮਾਂ ਸਵੇਰੇ 10 ਵਜੇ ਤੋਂ 3 ਵਜੇ ਤੱਕ ਹੋਵੇਗਾ।

## ਰੱਤੜ-ਛੱਤੜ ਦੇ ਖੇਤਾਂ 'ਚੋਂ ਅਫੀਮ ਬਰਾਮਦ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡੇਰਾ ਬਾਬਾ ਨਾਨਕ ਦੇ ਪਿੰਡ ਰੱਤੜ-ਛੱਤੜ ਦੇ ਖੇਤਾਂ ਵਿੱਚੋਂ ਬੀਐੱਸਐੱਫ ਅਤੇ ਪੰਜਾਬ ਪੁਲਸ ਨੂੰ ਸਾਂਝੇ ਸਰਚ ਆਪਰੇਸ਼ਨ ਦੌਰਾਨ ਅਫੀਮ ਬਰਾਮਦ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਸ ਥਾਣਾ ਡੇਰਾ ਬਾਬਾ ਨਾਨਕ ਦੇ ਐੱਸਐੱਚਓ ਅਸ਼ੋਕ ਕੁਮਾਰ ਸ਼ਰਮਾ ਨੇ ਦੱਸਿਆ ਕਿ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਸਰਚ ਅਭਿਆਨ ਚਲਾਇਆ ਜਾ ਰਿਹਾ ਸੀ ਜਿਸ ਦੌਰਾਨ ਪਿੰਡ ਰੱਤੜ-ਛੱਤੜ ਦੇ ਖੇਤਾਂ ਵਿੱਚੋਂ ਮੋਮੀ ਲਫਾਫਾ ਮਿਲਿਆ ਜਿਸ ਨੂੰ ਖੋਲ੍ਹਣ 'ਤੇ ਉਸ ਵਿੱਚੋਂ ਅਫੀਮ ਬਰਾਮਦ ਹੋਈ ਹੈ ਜਿਸ ਦਾ ਵਜ਼ਨ 481 ਗਰਾਮ ਹੈ।ਉਨ੍ਹਾਂ ਦੱਸਿਆ ਕਿ ਇਸ ਸਬੰਧੀ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।



## ਮੁਰੀਦਕੇ 'ਚ ਕੀਰਤਨ ਦਰਬਾਰ ਤੇ ਅੰਮ੍ਰਿਤ ਸੰਚਾਰ 15 ਨੂੰ

ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਪਿੰਡ ਮੁਰੀਦਕੇ ਦੀ ਸਮੂਹ ਸਾਧ ਸੰਗਤ ਵੱਲੋਂ ਸਰਬੱਤ ਦੇ ਭਲੇ ਅਤੇ ਖਾਲਸੇ ਪੰਥ ਦੀ ਚੜ੍ਹਦੀ ਕਲਾ ਵਾਸਤੇ ਨਗਰ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ ਹਨ ।13 ਮਾਰਚ ਤੋਂ ਸ੍ਰੀ ਆਖੰਡ ਸਾਹਿਬ ਦੀ ਆਰੰਭਤਾ ਤੋਂ ਲੈ ਕੇ 15 ਮਾਰਚ ਸਮਾਪਤੀ ਤੱਕ ਸੰਗਤਾਂ ਨਿਰੰਤਰ ਚੌਰ ਸਾਹਿਬ ਦੀ ਸੇਵਾ ਨਿਭਾਉਣਗੀਆਂ।15 ਮਾਰਚ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ 9 ਵਜੇ ਤੋਂ ਲੈ ਕੇ ਦੁਪਹਿਰ 1 ਵਜੇ ਤੱਕ ਕੀਰਤਨ ਦਰਬਾਰ ਸਜਾਇਆ ਜਾਵੇਗਾ।ਦੁਪਹਿਰ 2 ਵਜੇ ਮਹਾਨ ਅੰਮ੍ਰਿਤ ਸੰਚਾਰ ਦੀ ਆਰੰਭਤਾ ਹੋਵੇਗੀ, ਅੰਮ੍ਰਿਤ ਅਭਿਲਾਖੀਆਂ ਨੂੰ ਕਕਾਰ ਭੇਟਾ ਰਹਿਤ ਦਿੱਤੇ ਜਾਣਗੇ। ਮੁਰੀਦਕੇ ਨਗਰ ਦੀ ਸਮੂਹ ਸਾਧ ਸੰਗਤ ਵੱਲੋਂ ਬੇਨਤੀ ਹੈ ਕਿ ਕੀਰਤਨ ਦਰਬਾਰ ਤੇ ਮਹਾਨ ਅੰਮ੍ਰਿਤ ਸੰਚਾਰ 'ਚ ਪਰਿਵਾਰਾਂ ਸਮੇਤ ਹਾਜ਼ਰੀ ਭਰ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਗੁਰੂ ਕੇ ਅਤੁੱਟ ਲੰਗਰ ਵਰਤੇਗਾ ।

## ਜਾਗੋਵਾਲ ਬਾਂਗਰ ਵਿਖੇ ਬਲਾਕ ਪੱਧਰੀ ਕਿਸਾਨ ਸਿਖਲਾਈ ਕੈਂਪ ਲੱਗਾ

**ਧਾਰੀਵਾਲ/ਕਾਹਨੂੰਵਾਨ, (ਮਨਦੀਪ ਵਿੱਕੀ)**-ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਤੇ ਮੁੱਖ ਖੇਤੀਬਾੜੀ ਅਫਸਰ ਡਾਕਟਰ ਰਣਧੀਰ ਸਿੰਘ ਠਾਕਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਬਲਾਕ ਖੇਤੀਬਾੜੀ ਅਫਸਰ ਡਾਕਟਰ ਪਰਮਿੰਦਰ ਕੁਮਾਰ ਦੀ ਯੋਗ ਅਗਵਾਈ ਹੇਠ ਖੇਤੀਬਾੜੀ ਵਿਸਥਾਰ ਅਫਸਰ ਡਾਕਟਰ ਕੁਲਦੀਪ ਸਿੰਘ ਅਤੇ ਸਮੂਹ ਸਟਾਫ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਬਲਾਕ ਕਾਹਨੂੰਵਾਨ ਵੱਲੋਂ ਪਿੰਡ ਜਾਗੋਵਾਲ ਬਾਂਗਰ ਵਿਖੇ ਬਲਾਕ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ।ਇਸ ਬਲਾਕ ਪੱਧਰੀ ਕੈਂਪ ਵਿੱਚ ਜ਼ਿਲ੍ਹਾ ਸਿਖਲਾਈ ਅਫਸਰ ਡਾਕਟਰ ਸ਼ਾਹਬਾਜ਼ ਸਿੰਘ ਚੀਮਾ ਅਤੇ ਉਨਾਂ ਦੀ ਟੀਮ ਨੇ ਵਿਸ਼ੇਸ਼ ਤੌਰ ਤੇ ਪਹੁੰਚ ਕੇ ਕੈਂਪ ਵਿੱਚ ਹਿੱਸਾ ਲਿਆ।ਖੇਤੀਬਾੜੀ ਵਿਸਥਾਰ ਅਫਸਰ ਡਾਕਟਰ ਕੁਲਦੀਪ ਸਿੰਘ ਨੇ ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਲਈ ਚਲਾਈਆਂ ਜਾ ਰਹੀਆਂ ਵੱਖ-ਵੱਖ ਕਿਸਾਨ ਭਲਾਈ ਸਕੀਮਾਂ ਬਾਰੇ ਜਾਣਕਾਰੀ ਦਿੱਤੀ।ਡਾਕਟਰ ਚੀਮਾ ਨੇ ਕਿਸਾਨਾਂ ਨੂੰ ਤਕਨੀਕੀ ਜਾਣਕਾਰੀ ਦਿੱਤੀ ਜਿਸ ਨਾਲ ਕਿਸਾਨ ਘੱਟ ਖਰਚਾ ਕਰਕੇ ਵੱਧ ਕਮਾਈ ਕਰ ਸਕਦੇ ਹਨ।ਡਾਕਟਰ ਦਿਲਰਾਜ ਸਿੰਘ ਨੇ ਕਿਸਾਨਾਂ ਨੂੰ ਪ੍ਰਧਾਨ ਮੰਤਰੀ ਕਿਸਾਨ ਨਿਧੀ ਯੋਜਨਾ ਬਾਰੇ ਜਾਣਕਾਰੀ ਦਿੱਤੀ।ਡਾਕਟਰ ਸੰਦੀਪ ਨੇ ਦਾਲਾਂ ਦੀ ਖੇਤੀ ਬਾਰੇ, ਡਾਕਟਰ ਜਰਮਨਜੀਤ ਨੇ ਮਿੱਟੀ ਦੇ ਸੈਂਪਲ ਲੈਣ ਸਬੰਧੀ, ਡਾਕਟਰ ਪਰਮਿੰਦਰ ਸਿੰਘ ਨੇ ਗੰਨੇ ਦੀ ਫਸਲ ਬਾਰੇ ਵਿਸਥਾਰ ਨਾਲ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਅਤੇ ਕਿਸਾਨਾਂ ਨੂੰ ਕਣਕ ਦੀ ਫਸਲ ਦੇ ਨਾੜ ਨੂੰ ਅੱਗ ਨਾ ਲਾਉਣ ਸਬੰਧੀ ਅਪੀਲ ਕੀਤੀ।ਇਸ ਮੌਕੇ ਖੇਤੀਬਾੜੀ ਵਿਸਥਾਰ ਅਫਸਰ ਅਮਨਦੀਪ ਕੌਰ, ਇਕਬਾਲ ਸਿੰਘ, ਖੇਤੀਬੜੀ ਵਿਕਾਸ ਅਫਸਰ ਰਜਿੰਦਰ ਕੁਮਾਰ, ਬਾਵਜੀਤ ਸਿੰਘ, ਖੇਤੀਬਾੜੀ ਸਬ ਇੰਸਪੈਕਟਰ ਰਾਜਵਿੰਦਰ ਕੌਰ ,ਗੁਰਸਿਮਰਨ ਸਿੰਘ, ਇੰਦਰਪ੍ਰੀਤ ਸਿੰਘ, ਅਨਮੋਲ ਸਿੰਘ ਅਤੇ ਜੋਗਾ ਸਿੰਘ ਸਮੇਤ ਕਿਸਾਨ ਵੱਡੀ ਗਿਣਤੀ ਵਿੱਚ ਮੌਜੂਦ ਸਨ।




## ਫ਼ੋਕਲੋਰ ਰਿਸਰਚ ਅਕਾਦਮੀ ਅੰਮ੍ਰਿਤਸਰ ਵੱਲੋਂ ਇਜ਼ਰਾਈਲ-ਅਮਰੀਕਾ ਤੇ ਈਰਾਨ ਜੰਗ ਦੀ ਨਿੰਦਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਫ਼ੋਕਲੋਰ ਰਿਸਰਚ ਅਕਾਦਮੀ ਅੰਮ੍ਰਿਤਸਰ ਵੱਲੋਂ ਇਕ ਪ੍ਰੈੱਸ ਨੋਟ ਜਾਰੀ ਕਰਕੇ ਇਜ਼ਰਾਈਲ-ਅਮਰੀਕਾ ਅਤੇ ਈਰਾਨ ਵਿਚਾਲੇ ਹੋ ਰਹੀਂ ਤਬਾਹਕੁੰਨ ਜੰਗ ਦੀ ਨਿੰਦਾ ਕੀਤੀ ਗਈ।ਅਕਾਦਮੀ ਦੇ ਪ੍ਰਧਾਨ ਰਮੇਸ਼ ਯਾਦਵ ਨੇ ਇਸ ਸਬੰਧ ਵਿੱਚ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਮੂਹ ਮੈਂਬਰਾਨ ਵੱਲੋਂ ਇਸ ਤਬਾਹਕੁੰਨ ਜੰਗ ਦੀ ਨਿਖੇਧੀ ਕੀਤੀ ਗਈ ਹੈ।ਇਸ ਜੰਗ 'ਚ ਨਾ ਸਿਰਫ਼ ਇਨ੍ਹਾਂ ਦੇਸ਼ਾਂ ਬਲਕਿ ਸਾਰੇ ਸੰਸਾਰ ਲਈ ਹੀ ਖ਼ਤਰਾ ਪੈਦਾ ਹੋ ਗਿਆ ਹੈ।ਇਜ਼ਰਾਈਲ ਤੇ ਅਮਰੀਕਾ ਵੱਲੋਂ ਈਰਾਨ ਦੇ ਕਈ ਸ਼ਹਿਰਾਂ, ਫ਼ੌਜੀ ਟਿਕਾਣਿਆਂ, ਸਕੂਲਾਂ ਹਵਾਈ ਅੱਡਿਆਂ ਤੇ ਹੋਰ ਕਈ ਮੱਹਤਵ ਥਾਵਾਂ ਤੇ ਹਮਲੇ ਕੀਤੇ ਗਏ ਹਨ। ਇਨ੍ਹਾਂ ਹਮਲਿਆਂ ਨਾਲ ਈਰਾਨ 'ਚ ਤਬਾਹੀ ਹੋਈ ਹੈ।ਈਰਾਨ ਦੇ ਜਵਾਬੀ ਹਮਲਿਆਂ 'ਚ ਇਜ਼ਰਾਈਲ ਦਾ ਵੀ ਬੇਹੱਦ ਨੁਕਸਾਨ ਹੋਇਆ ਹੈ।ਇਜ਼ਰਾਈਲ ਦੇ ਦੱਖਣੀ ਈਰਾਨ ਦੇ ਇੱਕ ਸਕੂਲ 'ਤੇ ਮਿਜ਼ਾਇਲਾਂ ਨਾਲ ਹਮਲਾ ਕਰਕੇ 180 ਮਾਸੂਮ ਬੱਚੀਆਂ ਦੀ ਜਾਨ ਲੈ ਲਈ ਹੈ।ਖਾੜੀ ਦੇਸ਼ ਵੀ ਅਸਿੱਧੇ ਤੌਰ 'ਤੇ ਇਸ ਜੰਗ ਦਾ ਹਿੱਸਾ ਬਣ ਚੁੱਕੇ ਹਨ। ਇਥੇ ਲੱਖਾਂ ਦੀ ਗਿਣਤੀ ਵਿੱਚ ਦੁਨੀਆ ਭਰ ਤੋਂ ਤੇ ਭਾਰਤ ਤੋਂ ਵੀ ਲੋਕ ਫਸ ਕੇ ਰਹਿ ਗਏ ਹਨ।ਇਕ ਦੂਜੇ ਦੇ ਸ਼ਹਿਰੀ ਇਲਾਕਿਆਂ 'ਤੇ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਹਮਲਿਆਂ 'ਚ ਲੱਖਾਂ ਬੇਕਸੂਰ ਨਾਗਰਿਕਾਂ ਦੀ ਜਾਨ ਚੱਲੀ ਗਈ ਹੈ।ਇਹ ਕਾਰਵਾਈਆਂ ਅੰਤਰ-ਰਾਸ਼ਟਰੀ ਕਾਨੂੰਨ ਅਤੇ ਸੰਯੁਕਤ ਰਾਸ਼ਟਰ ਦੇ ਚਾਰਟਰ ਦੇ ਮੂਲ ਸਿਧਾਂਤਾਂ ਦੀ ਉਲੰਘਣਾ ਹੈ।ਪੂਰਬੀ ਏਸ਼ੀਆਂ ਵਿੱਚ ਛਿੜੀ ਇਸ ਜੰਗ ਨੇ ਪੂਰੀ ਦੁਨੀਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ।ਮੱਧ ਪੂਰਬ ਵਿੱਚ ਵੱਡੇ ਪੱਧਰ ਤੇ ਛਿੜੀ ਜੰਗ ਕਾਰਨ ਤੇਲ ਦੀਆਂ ਕੀਮਤਾਂ ਵਧ ਜਾਣ ਕਾਰਨ, ਤੇਲ ਤੇ ਘਰੇਲੂ ਗੈਸ ਦੀ ਕਿੱਲਤ ਨੇ ਹਾਹਾਕਾਰ ਮਚਾ ਦਿੱਤੀ ਹੈ।ਫ਼ੋਕਲੋਰ ਰਿਸਰਚ ਅਕਾਦਮੀ ਅੰਮ੍ਰਿਤਸਰ ਭਾਰਤ ਦੀ ਕੇਂਦਰੀ ਸਰਕਾਰ ਨੂੰ ਅਪੀਲ ਕਰਦੀ ਹੈ ਕਿ ਉਹ ਆਪਣੇ ਪੱਧਰ ਤੇ ਜੰਗ ਰੁਕਵਾਉਣ ਲਈ ਦੋਹਾਂ ਧਿਰਾਂ ਦੇ ਆਗੂਆਂ ਨਾਲ ਸੰਪਰਕ ਕਰੇ ਅਤੇ ਇਸ ਖਿੱਤੇ ਵਿੱਚ ਅਮਨ-ਅਮਾਨ ਕਰਵਾਉਣ ਦਾ ਯਤਨ ਕਰਕੇ ਆਪਣਾ ਸੁਚਾਰੂ ਯੋਗਦਾਨ ਪਾਵੇ।ਅਕਾਦਮੀ ਦੇ ਸਮੂਹ ਮੈਂਬਰਾਨ ਸ਼ਤੀਸ਼ ਝੀਂਗਣ, ਦਿਲਬਾਗ ਸਿੰਘ ਸਰਕਾਰੀਆ, ਜਸਵੰਤ ਸਿੰਘ ਰੰਧਾਵਾ, ਐੱਸ. ਪ੍ਰਸ਼ੋਤਮ, ਹਰਜਿੰਦਰਪਾਲ ਕੌਰ ਕੰਗ, ਗੁਰਜਿੰਦਰ ਸਿੰਘ ਬਘਿਆੜੀ, ਗੁਰਪ੍ਰੀਤ ਸਿੰਘ ਕਦਗਿੱਲ, ਕਮਲ ਗਿੱਲ, ਕਰਮਜੀਤ ਕੌਰ ਜੱਸਲ, ਹਰੀਸ਼ ਸਾਬਰੀ, ਜਗਰੂਪ ਸਿੰਘ ਐਮਾ, ਡਾ. ਪ੍ਰਭਜੋਤ ਕੌਰ ਸੰਧੂ, ਮਨਜੀਤ ਸਿੰਘ ਧਾਲੀਵਾਲ, ਓਂਕਾਰ ਸਿੰਘ, ਸੁਖਵੰਤ ਸਿੰਘ ਚੇਤਨਪੁਰੀ, ਬਲਜੀਤ ਕੌਰ ਰੰਧਾਵਾ ਨੇ ਮਤੇ ਦਾ ਸਮਰਥਨ ਕੀਤਾ।

## ਨਵ-ਨਿਯੁਕਤ ਚੇਅਰਮੈਨ ਦੀਪਕ ਭੰਡਾਰੀ ਵੱਲੋਂ ਪਲੇਠੀ ਮੀਟਿੰਗ

**ਚਵਿੰਡਾ ਦੇਵੀ (ਖ਼ੁਸ਼ਹਾਲ ਸੁੰਦਰ)**-ਹਲਕਾ ਮਜੀਠਾ ਵਿਖੇ ਟ੍ਰੇਡ ਕਮਿਸ਼ਨ ਦੇ ਚੇਅਰਮੈਨ ਦੀਪਕ ਭੰਡਾਰੀ ਦੀ ਅਗਵਾਈ ਹੇਠ ਪੰਜਾਬ ਸਟੇਟ ਟ੍ਰੇਡ ਕਮਿਸ਼ਨ ਦੀ ਪਲੇਠੀ ਮੀਟਿੰਗ ਕੀਤੀ ਗਈ ਜਿਸ ਵਿੱਚ ਐੱਸ. ਡੀ. ਐੱਮ. ਮਜੀਠਾ ਰਜਨੀਸ਼ ਅਰੋੜਾ ਨੂੰ ਵੱਖ-ਵੱਖ ਮਹਿਕਮਿਆਂ ਵੱਲੋਂ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਜਾਣੂ ਕਰਾਇਆ ਅਤੇ ਐੱਸ. ਡੀ. ਐੱਮ. ਨੇ ਸਮੱਸਿਆਵਾਂ ਨੂੰ ਸੁਣਿਆ ਅਤੇ ਉਨ੍ਹਾਂ ਦਾ ਜਲਦ ਨਿਪਟਾਰਾ ਕਰਨ ਦਾ ਭਰੋਸਾ ਦਿੱਤਾ ਅਤੇ ਵਿਸ਼ਵਾਸ ਦਿਵਾਇਆ ਕਿ ਕਿਸੇ ਨੂੰ ਕੋਈ ਵੀ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ।ਇਸ ਮੌਕੇ ਚੇਅਰਮੈਨ ਦੀਪਕ ਭੰਡਾਰੀ, ਵਿਕਰਮ ਭੰਡਾਰੀ, ਡੀ. ਐੱਸ. ਪੀ. ਮਜੀਠਾ ਕਮਲਮੀਤ ਸਿੰਘ, ਏ. ਐੱਸ. ਆਈ, ਅਮਨਜੀਤ ਸਿੰਘ ਚੌਕੀ ਇੰਚਾਰਜ ਚਵਿੰਡਾ ਦੇਵੀ, ਐੱਸ. ਡੀ. ਓ. ਮਜੀਠਾ, ਸਰਪੰਚ ਹਰਦੇਵ ਸਿੰਘ, ਲਾਟੀ ਲੰਬੜਦਾਰ, ਕਾਲਾ ਲੰਬੜਦਾਰ, ਗੰਗਾ ਮਾਸਟਰ, ਗੋਲਡੀ (ਫਰੂਟ ਸ਼ਾਪ), ਸਵਰਨਜੀਤ ਸਿੰਘ ਕੁਰਾਲੀਆਂ, ਜਸਪਾਲ ਸਿੰਘ ਸ਼ਰਮਾ, ਸੰਦੀਪ ਸ਼ਰਮਾ, ਅਮਨਪ੍ਰੀਤ ਧੰਜਲ, ਟਿੰਕੂ ਸੁੰਦਰ, ਨੂਰ, ਪਾਲੀ ਮੈਂਬਰ ਪੰਚਾਇਤ, ਲੱਡੂ ਮੈਂਬਰ ਪੰਚਾਇਤ, ਮਿੰਟਾ ਮੈਂਬਰ ਪੰਚਾਇਤ, ਮੁਨੀਸ਼ ਚੌਹਾਨ ਮੈਂਬਰ ਪੰਚਾਇਤ, ਸਵਰਨ ਸਿੰਘ ਐੱਸ ਐੱਸ, ਮੁਖਤਾਰ ਸਿੰਘ (ਬਾਬਾ), ਬਲਾਕ ਸਮਤੀ ਮੈਂਬਰ ਜੰਗ ਸਿੰਘ, ਸੋਨੂੰ ਚੌਹਾਨ, ਪਵਨ ਚੌਹਾਨ, ਧੀਰਾ ਸਿੰਘ, ਜੱਗਾ ਸਿੰਘ, ਗੁਰਜੀਤ ਸਿੰਘ (ਮਿੱਠੂ), ਜਗਦੀਸ਼ ਸਿੰਘ (ਸੈਕਟਰੀ), ਕਰਨਬੀਰ ਸਿੰਘ, ਸਮੇਤ ਵੱਡੀ ਗਿਣਤੀ ਵਿੱਚ ਦੁਕਾਨਦਾਰ ਹਾਜ਼ਰ ਸਨ।





# 'ਬੇਟੀ ਬਚਾਓ ਬੇਟੀ ਪੜ੍ਹਾਓ' ਵਿਸ਼ੇ 'ਤੇ ਕਪੈਸਿਟੀ ਬਿਲਡਿੰਗ ਵਰਕਸ਼ਾਪ ਕਰਵਾਈ



**ਗੁਰਦਾਸਪੁਰ (ਜਨਕ ਮਹਾਜਨ)**-ਬੇਟੀ ਬਚਾਓ ਬੇਟੀ ਪੜ੍ਹਾਓ ਵਿਸ਼ੇ ਤੇ ਦਫ਼ਤਰ ਸਿਵਲ ਸਰਜਨ ਗੁਰਦਾਸਪੁਰ ਵਿਖੇ ਕਪੈਸਿਟੀ ਬਿਲਡਿੰਗ ਵਰਕਸ਼ਾਪ ਕਰਵਾਈ ਗਈ।ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸਿਵਲ ਸਰਜਨ ਗੁਰਦਾਸਪੁਰ ਡਾਕਟਰ ਮਹੇਸ਼ ਕੁਮਾਰ ਪ੍ਰਭਾਕਰ ਜੀ ਮੌਜੂਦ ਰਹੇ।ਵਰਕਸ਼ਾਪ ਦਾ ਉਦੇਸ਼ ਕੁੜੀਆਂ ਦੀ ਜਨਮ ਦਰ ਵਧਾਉਣ ਲਈ ਉਪਰਾਲੇ ਕਰਨਾ ਸੀ।ਇਸ ਮੌਕੇ ਸਿਵਲ ਸਰਜਨ ਗੁਰਦਾਸਪੁਰ ਡਾਕਟਰ ਮਹੇਸ਼ ਕੁਮਾਰ ਪ੍ਰਭਾਕਰ ਨੇ ਕਿਹਾ ਕਿ ਬੇਟੀ ਬਚਾਓ ਬੇਟੀ ਪੜ੍ਹਾਓ ਮੁਹਿੰਮ ਤਹਿਤ ਕੁੜੀਆਂ ਦੀ ਜਨਮ ਦਰ ਵਿੱਚ ਵਾਧਾ ਹੋਇਆ ਹੈ, ਅਜੇ ਵੀ ਬਹੁਤ ਕੁੱਝ ਕਰਨਾ ਬਾਕੀ ਹੈ।ਕੁੜੀਆਂ ਦੀ ਜਨਮ ਦਰ ਵਿੱਚ ਹੋਰ ਸੁਧਾਰ ਦਾ ਯਤਨ ਕੀਤਾ ਜਾ ਰਿਹਾ ਹੈ, ਕੁੜੀਆਂ ਲਈ ਸਰਕਾਰ ਵਲੋਂ ਜਾਰੀ ਸਕੀਮਾਂ ਜਿਵੇਂ ਕਿ ਬੇਬੇ ਨਾਨਕੀ ਲਾਡਲੀ ਬੇਟੀ ਕਲਿਆਣ ਸਕੀਮ, ਮੁਖਮੰਤਰੀ ਕੰਨਿਆ ਸੁਰੱਖਿਆ ਯੋਜਨਾ, ਬਾਲੜੀ ਰਖਿਆ ਯੋਜਨਾ , ਸੁਕਨਿਆ ਸਮਰਿੱਧੀ ਯੋਜਨਾ ਆਦਿ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ।0 ਤੋਂ 5 ਸਾਲ ਤਕ ਦੀਆਂ ਕੁੜੀਆਂ ਦੇ ਮੁਫ਼ਤ ਇਲਾਜ ਦੀ ਸਹੂਲੀਅਤ ਮੁਹੱਈਆ ਹੈ।ਕੁੜੀਆਂ ਦੀ ਬਿਹਤਰ ਦੇਖਭਾਲ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।ਪੀਸੀਪੀਐੱਨਡੀਟੀ ਐਕਟ ਤਹਿਤ ਲਿੰਗ ਨਿਰਧਾਰਨ ਟੈਸਟ ਕਰਨਾ ਅਪਰਾਧ ਹੈ।ਜੇਕਰ ਕੋਈ ਅਜਿਹਾ ਕਰਦਾ ਹੈ ਤਾਂ ਉਸਦੀ ਸੂਚਨਾ ਵਿਭਾਗ ਨੂੰ ਦਿੱਤੀ ਜਾਵੇ ਤਾਂ ਜੋ ਦੋਸ਼ੀਆਂ ਖਿਲਾਫ਼ ਬਣਦੀ ਕਾਰਵਾਈ ਕੀਤੀ ਜਾ ਸਕੇ। ਇਸ ਮੌਕੇ ਡੀ. ਡੀ. ਐੱਚ ਓ ਡਾ. ਵਿਨੋਦ ਕੁਮਾਰ, ਡੀਐੱਮਸੀ ਡਾ. ਵਰਿੰਦਰ ਮੋਹਨ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਗੁਰਪ੍ਰੀਤ ਕੌਰ, ਡਾ. ਵੰਦਨਾ, ਡਾ. ਮਮਤਾ ਵਸ਼ਿਸ਼ਟ ਸੀਨੀਅਰ ਮੈਡੀਕਲ ਅਫਸਰ ਡਾ. ਮਨਿੰਦਰਜੀਤ ਸਿੰਘ, ਡਾ. ਅਮਰਦੀਪ ਸਿੰਘ ਬੈਂਸ, ਡਾ. ਲਲਿਤ ਮੋਹਨ, ਡਾ. ਗੁਰਪਰਦੀਪ ਸਿੰਘ, ਡਾ. ਆਨਿਤਾ ਮਹਾਜਨ, ਡਾ. ਜਸਵਿੰਦਰ ਸਿੰਘ, ਡਾ. ਪਰਜੀਤ ਕੌਰ, ਡਾ. ਭੁਪਿੰਦਰਜੀਤ ਕੌਰ, ਡਾ. ਸਮਿਤਾ, ਡਾ. ਅੰਕੁਰ ਕੌਸ਼ਲ, ਡਾ. ਅਮਨਦੀਪ ਕੌਰ, ਬਲਾਕ ਬੀ ਈ ਈ, ਐੱਲ ਐੱਚ ਵੀ ਆਦਿ ਹਾਜ਼ਰ ਸਨ।

## ਮਹਿਲਾਵਾਂ ਨੂੰ ਸਨਮਾਨ ਰਾਸ਼ੀ ਦੇਣਾ ਸ਼ਲਾਘਾਯੋਗ ਕਦਮ : ਜਗਦੀਸ਼ ਸਿੰਘ ਸ਼ਹਿਜ਼ਾਦਾ



ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)-ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਪੰਜਾਬ ਸਰਕਾਰ ਵੱਲੋਂ ਮਹਿਲਾਵਾਂ ਨੂੰ ਹਰ ਮਹੀਨੇ ਸਨਮਾਨ ਰਾਸ਼ੀ ਦੇਣ ਦਾ ਐਲਾਨ ਕੀਤਾ ਗਿਆ ਹੈ, ਜੋ ਕਿ ਬਹੁਤ ਹੀ ਸ਼ਲਾਘਾਯੋਗ ਫੈਸਲਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬਲਾਕ ਪ੍ਰਧਾਨ ਜਗਦੀਸ਼ ਸਿੰਘ ਸ਼ਹਿਜ਼ਾਦਾ ਨੇ ਕੀਤਾ।

ਉਨ੍ਹਾ ਕਿਹਾ ਕਿ ਮਹਿਲਾਵਾਂ ਕਾਫੀ ਸਮੇਂ ਤੋਂ ਇਸ ਫੈਸਲੇ ਦੀ ਉਡੀਕ ਵਿੱਚ ਸਨ। ਜਿਉਂ ਹੀ ਮਾਨ ਸਰਕਾਰ ਨੇ ਇਹ ਐਲਾਨ ਕੀਤਾ ਤਾਂ ਮਹਿਲਾਵਾਂ ਅੰਦਰ ਖੁਸ਼ੀ ਦੀ ਲਹਿਰ ਦੌੜ ਗਈ।ਇਹ ਫੈਸਲਾ ਮਹਿਲਾਵਾਂ ਨੂੰ ਆਤਮ ਨਿਰਭਰ ਬਣਾਏਗਾ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਲੋਕਾਂ ਨਾਲ ਜੋ ਵੀ ਵਾਅਦੇ ਕੀਤੇ ਸਨ, ਉਹ ਪੂਰੇ ਕੀਤੇ ਗਏ ਹਨ ਅਤੇ 2027 ਦੀਆਂ ਚੋਣਾਂ ਵਿੱਚ ਵੀ ਆਪ ਦੀ ਸਰਕਾਰ ਬਣੇਗੀ।

# ਦਾਣਾ ਮੰਡੀ ਮਜੀਠਾ ਵਿਖੇ ਕਵੀਆਂ ਦੀ ਮਹਿਫਲ ਸਜੀ

## * ਭੁੱਲਰ ਦੀ ਪਲੇਠੀ ਪੁਸਤਕ 'ਹਵਾ 'ਚ ਲਟਕਦੇ ਪਰ' ਲੋਕ ਅਰਪਿਤ

ਮਜੀਠਾ (ਸੋਇਮ ਆਨੰਦ)-ਪਿਛਲੇ ਦਿਨੀਂ ਸੁਖਬੀਰ ਸਿੰਘ ਭੁੱਲਰ ਦੀ ਪਲੇਠੀ ਪੁਸਤਕ ਹਵਾ 'ਚ ਲਟਕਦੇ ਪਰ ਲੋਕ ਅਰਪਣ ਕੀਤੀ ਗਈ।ਇਸ ਮੌਕੇ ਸਤਿੰਦਰ ਸਿੰਘ ਸ਼ਾਹ ਮਜੀਠਾ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ਜਿਸ ਸਬੰਧੀ ਦਾਣਾ ਮੰਡੀ ਮਜੀਠਾ ਵਿਖੇ ਸ਼ਾਹ ਕਮਿਸ਼ਨ ਦੇ ਦਫ਼ਤਰ ਵਿਖੇ ਵਿਚਾਰ ਗੋਸ਼ਟੀ ਕਰਵਾਈ ਗਈ ਜਿਸ ਉਪਰ ਵੱਖ-ਵੱਖ ਵਿਦਵਾਨਾਂ ਵੱਲੋਂ ਟਿੱਪਣੀਆਂ ਕੀਤੀਆਂ ਗਈਆਂ ਅਤੇ ਸ਼ਾਇਰ ਸੁਖਬੀਰ ਭੁੱਲਰ ਨੂੰ ਭਵਿੱਖ ਵਿੱਚ ਸੁਧਾਰ ਲਿਆਉਣ ਲਈ ਸੁਝਾਅ ਵੀ ਦਿੱਤੇ ਗਏ। ਪ੍ਰੋਫੈਸਰ ਹੀਰਾ ਸਿੰਘ ਵੱਲੋਂ ਇਸ ਕਿਤਾਬ ਸਬੰਧੀ ਕਿਹਾ ਗਿਆ ਕਿ ਇਸ ਕਿਤਾਬ ਵਿੱਚ ਇਨਕਲਾਬੀ ਸੋਚ ਹੈ ਅਤੇ ਸਮਾਜ ਨੂੰ ਸਹੀ ਸੇਧ ਵਾਲੀਆਂ ਰਚਨਾਵਾਂ ਲਿਖੀਆਂ ਗਈਆਂ ਹਨ।ਇਸ ਕਿਤਾਬ 'ਤੇ ਵਿਚਾਰ ਚਰਚਾ ਕਰਦਿਆਂ ਮਨਦੀਪ ਸਿੰਘ ਮਜੀਠੀਆ ਵੱਲੋਂ ਕਿਹਾ ਗਿਆ ਕਿ ਇਹ ਕਿਤਾਬ ਸਮੁੱਚੇ ਤੌਰ ਤੇ ਪੂਰੀ ਮਾਨਵ ਜਾਤੀ ਨੂੰ ਸਮਰਪਿਤ ਹੈ ਅਤੇ ਇਸ ਤੋਂ ਸੇਧ ਲੈ ਕੇ ਜੀਵਨ ਵਿੱਚ ਹੋਰ ਵੀ ਅੱਗੇ ਵਧਿਆ ਜਾ ਸਕਦਾ ਹੈ। ਇਹ ਕਿਤਾਬ ਸਮੁੱਚੀ ਮਾਨਵ ਜਾਤੀ ਦਾ ਮਾਰਗ ਦਰਸ਼ਨ ਕਰਦੀ ਰਹੇਗੀ।ਸੁਖਬੀਰ ਸਿੰਘ ਭੁੱਲਰ ਵੱਲੋਂ ਉਕਤ ਵਿਦਵਾਨਾਂ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਗਿਆ ਕਿ ਤੁਹਾਡੀ ਦਿੱਤੀ ਗਈ ਰਾਏ ਮੇਰੇ ਲਈ ਬੇਸ਼ ਕੀਮਤੀ ਹੈ, ਇਸ ਨਾਲ ਆਉਣ ਵਾਲੇ ਸਮੇਂ ਵਿੱਚ ਮੇਰੀ ਸ਼ਾਇਰੀ ਵਿੱਚ ਹੋਰ ਵੀ ਸੁਧਾਰ ਹੋਵੇਗਾ।ਇਸ ਤੋਂ ਬਾਅਦ ਵਿਸ਼ਾਲ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿੱਚ ਵੱਡੀ ਗਿਣਤੀ ਵਿੱਚ ਕਵੀਆਂ ਨੇ ਹਿੱਸਾ ਲਿਆ ਜਿਸ ਵਿੱਚ ਆਲਮੀ ਪੰਜਾਬੀ ਵਿਰਾਸਤ ਫਾਊਂਡੇਸ਼ਨ ਦੇ ਪ੍ਰਧਾਨ ਭੁਪਿੰਦਰ ਸਿੰਘ ਸੰਧੂ, ਨਿਰੰਜਨ ਸਿੰਘ ਗਿੱਲ, ਸੁੱਚਾ ਸਿੰਘ ਰੰਧਾਵਾ, ਸਰਬ ਮਜੀਠਾ, ਕੁਲਦੀਪ ਸਿੰਘ ਕਾਹਲੋਂ, ਧਰਮਿੰਦਰ ਸਿੰਘ ਔਲਖ, ਰਮੇਸ਼ ਕੁਮਾਰ ਜਾਨੂੰ, ਮਨਜੀਤ ਸਿੰਘ ਭੰਗੂ, ਅਵਤਾਰ ਸਿੰਘ ਗੋਇੰਦਵਾਲੀਆ, ਸੁਲਤਾਨ ਭਾਰਤੀ, ਢਾਡੀ ਗੁਲਜ਼ਾਰ ਸਿੰਘ ਖੇੜਾ, ਗੁਰਬਾਜ ਸ਼ੀਨਾ, ਵਜੀਰ ਸਿੰਘ ਮੂਧਲ, ਓਮ ਪ੍ਰਕਾਸ਼ ਭਗਤ, ਅਮਰਜੀਤ ਸਿੰਘ ਐੱਸ ਡੀ ਓ, ਸੁਖਦੇਵ ਸਿੰਘ ਕਾਹਲੋਂ, ਨਵਜੋਤ ਭੁੱਲਰ, ਬਲਵਿੰਦਰ ਕਾਸ਼, ਰਾਜਪਾਲ ਸ਼ਰਮਾ, ਪ੍ਰਿਥੀਪਾਲ ਸਿੰਘ ਸਿੱਧੂ, ਮਨਵੀਰ ਸਿੰਘ ਵਡਾਲਾ, ਮਾ ਕੁਲਜੀਤ ਸਿੰਘ ਵੇਰਕਾ, ਸਤਨਾਮ ਜੱਸੜ, ਬਲਬੀਰ ਸਿੰਘ ਕਲਸੀ ਆਦਿ ਕਵੀ ਹਾਜ਼ਰ ਸਨ।

## ਮੰਗਾਂ ਲਈ ਸੰਘਰਸ਼ ਕਰ ਰਹੇ ਅਧਿਆਪਕਾਂ 'ਤੇ ਲਾਠੀਚਾਰਜ ਦੀ ਨਿਖੇਧੀ



**ਧੂਰੀ (ਮਨੋਹਰ ਸਿੰਘ ਸੱਗੂ/ਮੋਹਿਤ ਗਰਗ)**-ਕ੍ਰਾਂਤੀਕਾਰੀ ਲੋਕ ਚੇਤਨਾ ਮੰਚ (ਰਜਿ.) ਭਾਰਤ ਦੇ ਕੌਮੀ ਪ੍ਰਧਾਨ ਵਿੱਕੀ ਪਰੋਚਾ ਧੂਰੀ ਨੇ ਪਿਛਲੇ ਦਿਨਾਂ ਵਿੱਚ ਮੋਹਾਲੀ ਵਿਖੇ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰ ਰਹੇ ਅਧਿਆਪਕ ਯੂਨੀਅਨਾਂ ਅਤੇ ਭਰਾਤਰੀ ਜਥੇਬੰਦੀਆਂ ਉਪਰ ਕੀਤੇ ਗਏ ਲਾਠੀਚਾਰਜ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ। ਵਿੱਕੀ ਪਰੋਚਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਵਾਅਦੇ ਕੀਤੇ ਸਨ ਕਿ ਪੰਜਾਬ ਅੰਦਰ ਕੱਚੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇਗਾ ਅਤੇ ਪੁਰਾਣੀ ਪੈਨਸ਼ਨ ਲਾਗੂ ਕੀਤੀ ਜਾਵੇਗੀ ਅਤੇ ਦਰਜਾ ਚੌਥਾ ਮੁਲਾਜ਼ਮ, ਸੀਵਰ ਮੈਨਾਂ ਤੇ ਸਫਾਈ ਸੇਵਕਾਂ ਨੂੰ ਪਹਿਲ ਦੇ ਆਧਾਰ ਤੇ ਪੱਕਾ ਕੀਤਾ ਜਾਵੇਗਾ, ਪੰਜਾਬ ਅੰਦਰ ਸਾਰੇ ਮੁਲਾਜ਼ਮਾਂ ਨੂੰ ਪੈਨਸ਼ਨਾਂ ਅਤੇ ਤਨਖਾਹਾਂ ਸਮੇਂ ਤੇ ਮਿਲਣਗੀਆਂ ਤੇ ਪੰਜਾਬ ਅੰਦਰ ਕਿਸੇ ਵੀ ਕਿਸਮ ਦੇ ਕੋਈ ਧਰਨੇ ਮੁਜ਼ਾਹਰੇ ਨਹੀਂ ਹੋਣਗੇ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਧਾਨ ਸਭਾ ਵਿੱਚ ਕਿਹਾ ਸੀ ਕਿ ਪੰਜਾਬ ਅੰਦਰ ਜਿੰਨੇ ਵੀ ਲੋਕਾਂ ਨੇ ਜਾਅਲੀ ਜਾਤੀ ਸਰਟੀਫਿਕੇਟ ਬਣਾਏ ਹਨ ਉਨ੍ਹਾਂ ਨੂੰ ਕਾਨੂੰਨੀ ਤੌਰ 'ਤੇ ਸਜ਼ਾ ਦਿੱਤੀ ਜਾਵੇਗੀ ਅਤੇ ਨੌਕਰੀ ਤੋਂ ਬਾਹਰ ਦਾ ਰਸਤਾ ਦਿਖਾਇਆ ਜਾਵੇਗਾ।ਉਨ੍ਹਾਂ ਕਿਹਾ ਝੂਠ ਬੋਲਕੇ ਸੱਤਾ 'ਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੇ ਵਾਅਦੇ ਪੂਰੇ ਨਹੀਂ ਕੀਤੇ।

# ਕੁਲਵਿੰਦਰ ਸਿੰਘ ਨੂੰ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ

ਧਾਰੀਵਾਲ, (ਮਨਦੀਪ ਵਿੱਕੀ)-ਇਪਟਾ (ਇੰਡੀਅਨ ਪੀਪਲ ਥਿਏਟਰ ਐਸੋਸੀਏਸ਼ਨ) ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਗੁਰਮੀਤ ਸਿੰਘ ਪਾਹੜਾ ਦੇ ਸਪੁੱਤਰ ਇੰਜੀ: ਕੁਲਵਿੰਦਰ ਸਿੰਘ ਸਰਾਂ ਨੂੰ ਸੇਜਲ ਅੱਖਾਂ ਨਾਲ ਵਿਦਾਇਗੀ ਉਨ੍ਹਾਂ ਦੇ ਵੱਡੇ ਭਰਾ ਤੇ ਭੈਣ ਦੇ ਵਿਦੇਸ਼ ਵਿਚੋਂ ਪਹੁੰਚਣ ਉਪਰੰਤ ਸ਼ਮਸ਼ਾਨਘਾਟ ਮਾਨ ਕੋਰ ਸਿੰਘ ਵਿੱਚ ਦਿੱਤੀ ਗਈ।ਉਨ੍ਹਾਂ (ਇੰਜੀ: ਕੁਲਵਿੰਦਰ ਸਿੰਘ ਸਰਾਂ) ਦੇ ਮ੍ਰਿਤਕ ਸਰੀਰ ਨੂੰ ਅਗਨੀ ਭੇਟ ਉਨ੍ਹਾਂ ਦੇ ਪੰਜ ਸਾਲ ਦੇ ਪੁੱਤਰ ਹਰਦਿੱਤ ਸਿੰਘ, ਤਾਇਆ ਅਜੀਤ ਸਿੰਘ ਪਾਹੜਾ ਤੇ ਵੱਡੇ ਭਾਈ ਸੁਖਦੀਪ ਸਿੰਘ ਦੁਆਰਾ ਕੀਤੀ ਗਈ।



ਜ਼ਿਕਰਯੋਗ ਹੈ ਕਿ ਉਨ੍ਹਾਂ ਦਾ ਬੀਤੇ ਦਿਨੀਂ ਭਰ ਜਵਾਨੀ ਵਿੱਚ 36 ਸਾਲ ਦੀ ਉਮਰ ਵਿੱਚ ਨਾਮੁਰਾਦ ਬੀਮਾਰੀ ਕਾਰਨ ਦਿਹਾਂਤ ਹੋ ਗਿਆ ਸੀ। ਉਨ੍ਹਾਂ ਦੇ ਅੰਤਿਮ ਸੰਸਕਾਰ ਮੌਕੇ ਲੇਖਕ ਭਾਈਚਾਰੇ ਵਲੋਂ ਮੱਖਣ ਕੋਹਾੜ, ਤਰਸੇਮ ਸਿੰਘ ਭੰਗੂ, ਜੇ. ਪੀ. ਸਿੰਘ ਖਰਲਾਂ ਵਾਲਾ, ਸੀਤਲ ਸਿੰਘ ਗੁਨੋਪੁਰੀ, ਸੁਭਾਸ਼ ਦੀਵਾਨਾ, ਪ੍ਰਿੰਸੀਪਲ ਰਜਵਿੰਦਰ ਕੌਰ ਨਾਗਰਾ, ਜਨਕ ਰਾਜ ਰਾਠੌਰ, ਮੰਗਤ ਚੰਚਲ, ਪਾਲ ਗੁਰਦਾਸਪੁਰੀ, ਪੱਤਰਕਾਰਾਂ ਵੱਲੋਂ ਸੁੱਚਾ ਸਿੰਘ ਪਸਨਾਵਾਲ, ਸਰਬਜੀਤ ਸਿੰਘ ਚਾਹਲ, ਰਣਬੀਰ ਆਕਾਸ਼, ਨਵਰਾਜ ਸੰਧੂ ਤੇ ਰੰਜਨ ਵਫ਼ਾ, ਇਪਟਾ ਵੱਲੋਂ ਡਾਕਟਰ ਗੁਰਚਰਨ ਗਾਂਧੀ, ਗੁਰਮੀਤ ਬਾਜਵਾ, ਬੂਟਾ ਰਾਮ ਆਜ਼ਾਦ, ਜਮਹੂਰੀ ਅਧਿਕਾਰ ਸਭਾ ਦੇ ਪ੍ਰਧਾਨ ਡਾ. ਜਗਜੀਵਨ ਲਾਲ ਰਿਟਾ. ਸੀ. ਐੱਮ. ਓ., ਤੇ ਹਰਭਜਨ ਸਿੰਘ ਮਾਂਗਟ, ਡਾ. ਗੁਰਇਕਬਾਲ ਸਿੰਘ ਕਾਹਲੋਂ ਖੇਤੀ ਵਿਗਿਆਨੀ, ਨਟਾਲੀ ਰੰਗਮੰਚ ਦੇ ਰਛਪਾਲ ਸਿੰਘ ਘੁੰਮਣ, ਅਮਰੀਕ ਸਿੰਘ ਮਾਨ ਤੇ ਜੋਧ ਸਿੰਘ, ਡੀ. ਟੀ. ਐੱਫ਼ ਦੇ ਅਮਰਜੀਤ ਸ਼ਾਸਤਰੀ, ਅਮਰ ਕ੍ਰਾਂਤੀ, ਹਲਕਾ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਦੇ ਪਿਤਾ ਗੁਰਮੀਤ ਸਿੰਘ ਪਾਹੜਾ (ਸੀਨੀਅਰ ਕਾਂਗਰਸੀ ਆਗੂ), ਤੇ ਸਾਬਕਾ ਚੇਅਰਮੈਨ ਸੁੱਚਾ ਸਿੰਘ ਰਾਮਨਗਰ, ਭਾਰਤੀ ਕਿਸਾਨ ਯੂਨੀਅਨ ਦੇ ਗੁਰਮੀਤ ਸਿੰਘ ਮਗਰਾਲਾ, ਤਰਕਸ਼ੀਲ ਸੋਸਾਇਟੀ ਦੇ ਪ੍ਰਧਾਨ ਤਰਲੋਚਨ ਸਿੰਘ ਲੱਖੋਵਾਲ, ਮਹਿੰਦਰਪਾਲ ਕਲੋਤਰਾ, ਕਸ਼ਿਯਪ ਰਾਜਪੂਤ ਸਭਾ ਦੇ ਬਲਬੀਰ ਸਿੰਘ ਪਾਹੜਾ, ਸੁਖਵਿੰਦਰ ਸਿੰਘ ਪਾਹੜਾ, ਮਾਸਟਰ ਹਰਦਿਆਲ ਸਿੰਘ ਸਰਸਪੁਰ, ਵਿਜੈ ਬੱਧਨ ਆਦਿ ਸਮੇਤ ਸੱਜਣ ਮਿੱਤਰ ਤੇ ਰਿਸ਼ਤੇਦਾਰ, ਲੇਖਕ, ਰੰਗਕਰਮੀ, ਪੱਤਰਕਾਰ ਅਤੇ ਰਾਜਨੀਤਕ ਲੋਕਾਂ ਨੇ ਵੱਡੀ ਗਿਣਤੀ ਵਿੱਚ ਪਹੁੰਚ ਕੇ ਇਸ ਦੁੱਖ ਦੀ ਘੜੀ ਵਿੱਚ ਸਰੀਕ ਹੁੰਦਿਆਂ ਪ੍ਰਧਾਨ ਗੁਰਮੀਤ ਸਿੰਘ ਪਾਹੜਾ ਤੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕਰਦਿਆਂ ਹਮਦਰਦੀ ਪ੍ਰਗਟ ਕੀਤੀ।

ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ (ਇੰਜੀ: ਕੁਲਵਿੰਦਰ ਸਿੰਘ ਸਰਾਂ) ਦੇ ਨਮਿੱਤ ਪਾਠ ਦੇ ਭੋਗ, ਕੀਰਤਨ ਤੇ ਅੰਤਿਮ ਅਰਦਾਸ 14 ਮਾਰਚ ਦਿਨ ਸ਼ਨੀਵਾਰ ਨੂੰ 11 ਤੋਂ 1 ਵਜੇ ਤੱਕ ਗੁਰਦਾਸਪੁਰ ਵਿਖੇ ਨਵੇਂ ਬੱਸ ਸਟੈਂਡ ਦੇ ਨੇੜੇ ਤਿੱਬੜੀ ਰੋਡ ਤੇ ਗੁਰਦੁਆਰਾ ਸਾਹਿਬ ਬਾਬਾ ਟਹਿਲ ਸਿੰਘ ਗੁਰਦਾਸਪੁਰ ਵਿੱਚ ਹੋਵੇਗੀ।

# ਨੌਜਵਾਨਾਂ 'ਚ ਅਗਨੀਵੀਰ ਭਰਤੀ ਲਈ ਚੋਖਾ ਉਤਸ਼ਾਹ



ਗੁਰਦਾਸਪੁਰ, (ਜਨਕ ਮਹਾਜਨ)-ਸਰਕਾਰੀ ਕਾਲਜ ਗੁਰਦਾਸਪੁਰ ਵਿੱਚ ਚੱਲ ਰਹੀ ਭਾਰਤੀ ਫੌਜ ਦੀ ਭਰਤੀ ਰੈਲੀ ਦੇ ਪੰਜਵੇਂ ਦਿਨ ਵੀ ਨੌਜਵਾਨਾਂ ਦੀ ਵੱਡੀ ਅਤੇ ਉਤਸ਼ਾਹਪੂਰਨ ਭਾਗੀਦਾਰੀ ਦੇਖਣ ਨੂੰ ਮਿਲੀ।900 ਤੋਂ ਵੱਧ ਉਮੀਦਵਾਰਾਂ ਨੇ ਭਰਤੀ ਪ੍ਰਕਿਰਿਆ ਵਿੱਚ ਹਿੱਸਾ ਲਿਆ।

ਭਰਤੀ ਡਾਇਰੈਕਟਰ ਬੋਰਡ ਕਰਨਲ ਜੇਮਸ ਜੈਕਬ ਨੇ ਦੱਸਿਆ ਕਿ ਉਮੀਦਵਾਰਾਂ ਨੇ ਦਸਤਾਵੇਜ਼ ਜਾਂਚ, ਫਿਜ਼ਿਕਲ ਫਿਟਨੈੱਸ ਟੈਸਟ, ਪੁਲ-ਅੱਪਸ, ਸਰੀਰਕ ਮਾਪ ਅਤੇ 1.6 ਕਿਲੋਮੀਟਰ ਦੌੜ ਵਰਗੇ ਪੜਾਵਾਂ ਵਿੱਚ ਪੂਰੇ ਜੋਸ਼ ਨਾਲ ਭਾਗ ਲਿਆ।ਉਨ੍ਹਾਂ ਦੱਸਿਆ ਕਿ ਸੁਰੱਖਿਆ, ਭੀੜ ਪ੍ਰਬੰਧਨ, ਮੈਡੀਕਲ ਸਹਾਇਤਾ ਅਤੇ ਪ੍ਰਸ਼ਾਸਕੀ ਪ੍ਰਬੰਧਾਂ ਦੇ ਸਹਿਯੋਗ ਨਾਲ ਰੈਲੀ ਸੁਚਾਰੂ ਢੰਗ ਨਾਲ ਚਲ ਰਹੀ ਹੈ।ਇਹ ਰੈਲੀ ਨੌਜਵਾਨਾਂ ਨੂੰ ਨਿਰਪੱਖ, ਪਾਰਦਰਸ਼ੀ ਅਤੇ ਯੋਗਤਾ ਆਧਾਰਿਤ ਪ੍ਰਕਿਰਿਆ ਰਾਹੀਂ ਭਾਰਤੀ ਫੌਜ ਵਿੱਚ ਸ਼ਾਮਲ ਹੋਣ ਦਾ ਮੌਕਾ ਪ੍ਰਦਾਨ ਕਰ ਰਹੀ ਹੈ।

# ਜ਼ਿਲ੍ਹਾ ਟ੍ਰੇਡਰਜ਼ ਕਮਿਸ਼ਨ ਵੱਲੋਂ ਵਪਾਰੀਆਂ ਤੇ ਦੁਕਾਨਦਾਰਾਂ ਨਾਲ ਮੀਟਿੰਗ



ਫਤਿਹਗੜ੍ਹ ਚੂੜੀਆਂ, (ਜਸਦੇਵ ਸਿੰਘ ਮਾਨ)-ਪੰਜਾਬ ਰਾਜ ਟ੍ਰੇਡਰਜ਼ ਕਮਿਸ਼ਨ ਵੱਲੋਂ ਵੱਖ-ਵੱਖ ਵਿਧਾਨ ਸਭਾ ਹਲਕਿਆਂ ਵਿੱਚ ਵਪਾਰੀਆਂ ਨਾਲ ਮੀਟਿੰਗਾਂ ਕਰਨ ਦੀ ਯੋਜਨਾ ਤਹਿਤ ਫਤਿਹਗੜ੍ਹ ਚੂੜੀਆਂ ਦੇ ਮੇਨ ਬਜ਼ਾਰ ਵਿੱਚ ਇੱਕ ਅਹਿਮ ਅਤੇ ਪ੍ਰਭਾਵਸ਼ਾਲੀ ਮੀਟਿੰਗ ਕੀਤੀ ਗਈ ਜਿਸ ਵਿੱਚ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂ, ਐੱਸ. ਡੀ. ਐੱਮ. ਨਵਜੋਤ ਸ਼ਰਮਾ ਅਤੇ ਚੇਅਰਮੈਨ ਟ੍ਰੇਡਰਸ ਕਮਿਸ਼ਨ ਜ਼ਿਲਾ ਗੁਰਦਾਸਪੁਰ ਸਿਮਰਜੀਤ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਮੌਕੇ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਬਲਬੀਰ ਸਿੰਘ ਪਨੂੰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਪਾਰੀਆਂ, ਦੁਕਾਨਦਾਰਾਂ ਤੇ ਉਦਮੀਆਂ ਲਈ ਕਾਰੋਬਾਰੀ ਪ੍ਰਕਿਰਿਆਵਾਂ ਨੂੰ ਸਰਲ ਬਣਾਉਣ ਦੇ ਉਦੇਸ਼ ਨਾਲ ਪੰਜਾਬ ਟਰੇਡ ਕਮਿਸ਼ਨ ਦਾ ਗਠਨ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਇਹ ਪਹਿਲਕਦਮੀ ਪੰਜਾਬ ਦੀ ਆਰਥਿਕਤਾ ਨੂੰ ਚਲਾਉਣ ਵਾਲੇ ਲੋਕਾਂ ਲਈ ਪ੍ਰਸ਼ਾਸਨ ਨੂੰ ਵਧੇਰੇ ਪਹੁੰਚਯੋਗ ਅਤੇ ਜਵਾਬਦੇਹ ਬਣਾਉਣ ਦੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।ਉਨ੍ਹਾਂ ਕਿਹਾ ਕਿ ਗੁਰਦਾਸਪੁਰ ਦੇ ਵਪਾਰੀਆਂ ਦੀਆਂ ਮੁਸ਼ਕਿਲਾਂ ਲਈ ਵਚਨਬੱਧ ਹਨ ਅਤੇ ਉਨ੍ਹਾਂ ਦੀ ਹਰ ਸਮੱਸਿਆ ਪਹਿਲ ਦੇ ਆਧਾਰ 'ਤੇ ਹੱਲ ਕੀਤੀ ਜਾਵੇਗੀ।

ਮੀਟਿੰਗ ਸੰਬੋਧਨ ਕਰਦਿਆਂ ਚੇਅਰਮੈਨ ਸਿਮਰਜੀਤ ਸਿੰਘ ਨੇ ਕਿਹਾ ਪੰਜਾਬ ਸਰਕਾਰ ਹਰ ਪੱਖੋਂ ਵਪਾਰੀ ਵਰਗ ਦੀ ਭਲਾਈ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਵਚਨਬੱਧ ਹੈ ਅਤੇ ਵਪਾਰ ਨੂੰ ਹੋਰ ਮਜ਼ਬੂਤ ਬਣਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ।

ਇਸ ਮੌਕੇ ਚੇਅਰਮੈਨ ਚਰਨਜੀਤ ਸਿੰਘ ਪਾਰੋਵਾਲ, ਐੱਸ. ਟੀ. ਓ. ਬਲਜਿੰਦਰ ਕੌਰ ਸਮੇਤ ਫਤਿਹਗੜ੍ਹ ਚੂੜੀਆਂ ਦੇ ਕਮਿਸ਼ਨ ਮੈਂਬਰ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਫੋਰਟਿਸ ਜਲੰਧਰ ਵੱਲੋਂ ਸਿਹਤ ਸੰਬਧੀ ਗੱਲਬਾਤ (ਹੈਲਥ ਟਾਕ) ਦਾ ਆਯੋਜਨ

ਜਲੰਧਰ,: ਵਿਸ਼ਵ ਕਿਡਨੀ ਦਿਵਸ ਦੇ ਮੌਕੇ ਫੋਰਟਿਸ ਹਸਪਤਾਲ ਜਲੰਧਰ ਨੇ ਗੁਰਦੇ (ਕਿਡਨੀ) ਦੀ ਸਿਹਤ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਮਰੀਜ਼ਾਂ ਅਤੇ ਪਰਿਵਾਰਾਂ ਦੀ ਹਿੰਮਤ ਨੂੰ ਮਾਨਤਾ ਦੇਣ ਲਈ ਇੱਕ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ, ਜਿਨ੍ਹਾਂ ਨੇ ਗੁਰਦੇ ਦੀ ਬਿਮਾਰੀ ਵਿਰੁੱਧ ਲੜਾਈ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।ਇਸ ਸਮਾਗਮ ਵਿੱਚ ਗੁਰਦੇ ਦੀਆਂ ਬਿਮਾਰੀਆਂ ਦੀ ਰੋਕਥਾਮ ਤੇ ਇੱਕ ਸਿਹਤ ਗੱਲਬਾਤ (ਹੈਲਥ ਟਾਕ) ਕੀਤੀ ਗਈ, ਜਿਸਦੀ ਅਗਵਾਈ ਪ੍ਰਮੁੱਖ ਨੈਫਰੋਲੋਜਿਸਟ ਡਾ. ਰਾਜੀਵ ਭਾਟੀਆ, ਡਾਇਰੈਕਟਰ ਅਤੇ ਸੀਨੀਅਰ ਕੰਸਲਟੈਂਟ ਨੈਫਰੋਲੋਜੀ ਅਤੇ ਕਿਡਨੀ ਟ੍ਰਾਂਸਪਲਾਂਟੇਸ਼ਨ ਡਾ. ਅਜੈ ਮਰਵਾਹਾ, ਡਾਇਰੈਕਟਰ ਅਤੇ ਸੀਨੀਅਰ ਕੰਸਲਟੈਂਟ ਟਨੈਫਰੋਲੋਜੀ ਅਤੇ ਕਿਡਨੀ ਟ੍ਰਾਂਸਪਲਾਂਟੇਸ਼ਨ, ਫੋਰਟਿਸ ਹਸਪਤਾਲ ਜਲੰਧਰ ਨੇ ਕੀਤੀ।

# ਮੋਗਾ ਰੈਲੀ ਨੂੰ ਲੈ ਕੇ ਭਾਜਪਾ ਵਰਕਰਾਂ ਦੀ ਵਿਨੈ ਚੌਧਰੀ ਦੇ ਘਰ ਮੀਟਿੰਗ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਦੇਸ਼ ਦੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਮੋਗਾ ਵਿਖੇ ਹੋਣ ਜਾ ਰਹੀ ਬੀਜੇਪੀ ਦੀ ਵਿਸ਼ਾਲ ਰੈਲੀ ਨੂੰ ਲੈ ਕੇ ਪਾਰਟੀ ਵਰਕਰਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।ਇਸ ਸਬੰਧੀ ਹਲਕਾ ਦੀਨਾਨਗਰ ਵਿਖੇ ਭਾਜਪਾ ਆਗੂਆਂ ਵਿਨੈ ਚੌਧਰੀ ਨੇ ਆਪਣੇ ਗ੍ਰਹਿ ਨਿਵਾਸ ਵਿੱਚ ਇੱਕ ਮਹੱਤਵਪੂਰਨ ਮੀਟਿੰਗ ਕੀਤੀ, ਜਿਸ ਵਿੱਚ ਰੈਲੀ ਦੀਆਂ ਤਿਆਰੀਆਂ ਅਤੇ ਵਰਕਰਾਂ ਦੀ ਭਾਗੀਦਾਰੀ ਨੂੰ ਲੈ ਕੇ ਵਿਸਥਾਰ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ।ਮੀਟਿੰਗ ਦੌਰਾਨ ਵਿਨੈ ਚੌਧਰੀ ਨੇ ਕਿਹਾ ਕਿ ਅਮਿਤ ਸ਼ਾਹ ਦੀ ਮੋਗਾ ਰੈਲੀ ਇਤਿਹਾਸਕ ਹੋਵੇਗੀ ਅਤੇ ਪੰਜਾਬ ਭਰ ਤੋਂ ਵੱਡੀ ਗਿਣਤੀ ਵਿੱਚ ਭਾਜਪਾ ਵਰਕਰ ਅਤੇ ਸਮਰਥਕ ਇਸ ਵਿੱਚ ਸ਼ਮੂਲੀਅਤ ਕਰਨਗੇ।ਉਨ੍ਹਾਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਵੱਲੋਂ ਕੀਤੇ ਗਏ ਵਿਕਾਸ ਕਾਰਜਾਂ ਕਾਰਨ ਲੋਕਾਂ ਵਿੱਚ ਭਾਜਪਾ ਪ੍ਰਤੀ ਭਰੋਸਾ ਲਗਾਤਾਰ ਵੱਧ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਮੌਜੂਦਾ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਭਗਵੰਤ ਮਾਨ ਸਰਕਾਰ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਨਹੀਂ ਉਤਰੀ। ਉਨ੍ਹਾਂ ਦੋਸ਼ ਲਗਾਇਆ ਕਿ ਪੰਜਾਬ ਵਿੱਚ ਕਾਨੂੰਨ-ਵਿਵਸਥਾ, ਬੇਰੁਜ਼ਗਾਰੀ ਅਤੇ ਵਿਕਾਸ ਦੇ ਮਸਲਿਆਂ 'ਤੇ ਸਰਕਾਰ ਪੂਰੀ ਤਰ੍ਹਾਂ ਫੇਲ ਸਾਬਤ ਹੋਈ ਹੈ, ਜਿਸ ਕਾਰਨ ਲੋਕ ਹੁਣ ਬਦਲਾਅ ਚਾਹੁੰਦੇ ਹਨ। ਚੌਧਰੀ ਨੇ ਕਿਹਾ ਕਿ ਪੰਜਾਬ ਵਿੱਚ ਭਾਜਪਾ ਮਜ਼ਬੂਤੀ ਨਾਲ ਉਭਰ ਰਹੀ ਹੈ ਅਤੇ ਮੋਗਾ ਦੀ ਰੈਲੀ ਇਸ ਗੱਲ ਦਾ ਸਪਸ਼ਟ ਸੰਕੇਤ ਦੇਵੇਗੀ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੀ ਰਾਜਨੀਤੀ ਵਿੱਚ ਵੱਡਾ ਬਦਲਾਅ ਆਉਣ ਵਾਲਾ ਹੈ ਤੇ 2027 ਵਿੱਚ ਭਾਜਪਾ ਦੀ ਸਰਕਾਰ ਬਣਨ ਜਾ ਰਹੀ ਹੈ । ਉਨ੍ਹਾਂ ਸਾਰੇ ਵਰਕਰਾਂ ਤੇ ਪੰਜਾਬ ਵਾਸੀਆ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਗਿਣਤੀ ਵਿੱਚ ਰੈਲੀ ਵਿੱਚ ਪਹੁੰਚ ਕੇ ਇਸਨੂੰ ਇਤਿਹਾਸਕ ਬਣਾਇਆ ਜਾਵੇ। ਇਸ ਮੌਕੇ ਤੇ ਅਜੇ ਧਵਨ, ਰਮਨ ਠਾਕੁਰ, ਪਵਨ ਕਪੂਲਾ, ਬੱਲੂ ਠਾਕੁਰ, ਜਿੰਦਰ ਕੁਮਾਰ, ਦੀਪੂ, ਰੋਹਿਤ ਕੁਮਾਰ, ਪਵਨ ਗੋਤਰਾ, ਰਵਿੰਦਰ ਲੋਧੀ ਆਦਿ ਹਾਜ਼ਰ ਸਨ।

# ਅੱਖਾਂ ਦਾ ਮੁਫ਼ਤ ਜਾਂਚ ਕੈਂਪ ਭਲਕੇ

**ਬਿਆਸ (ਪਰਮਜੀਤ ਸਿੰਘ ਰੱਖੜਾ)**-ਡਾ. ਓਮ ਪ੍ਰਕਾਸ਼ ਆਈ ਹਸਪਤਾਲ ਵੱਲੋਂ ਪ੍ਰਕਾਸ਼ ਦੀਪ ਪ੍ਰੋਗਰਾਮ ਤਹਿਤ ਅੱਖਾਂ ਦਾ ਮੁਫ਼ਤ ਕੈਂਪ ਪਿੰਡ ਗੁਰੂ ਨਾਨਕਪੁਰਾ ਦੇ ਸ਼ਹੀਦ ਰੇਸ਼ਮ ਸਿੰਘ ਸਰਕਾਰੀ ਐਲੀਮੈਂਟਰੀ ਸਕੂਲ ਗੁਰੂ ਨਾਨਕਪੁਰਾ ਬਿਆਸ ਵਿਖੇ ਲਗਾਇਆ ਜਾ ਰਿਹਾ ਹੈ।ਗੁਰੂ ਨਾਨਕਪੁਰਾ ਦੇ ਸਰਪੰਚ ਸੁਰਜੀਤ ਸਿੰਘ ਅਤੇ ਰਜਿੰਦਰ ਸਿੰਘ ਸਹੋਤਾ ਨੇ ਸਾਂਝੇ ਤੌਰ 'ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ 15 ਮਾਰਚ ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਡਾ. ਓਮ ਪ੍ਰਕਾਸ਼ ਆਈ ਹਸਪਤਾਲ ਅੰਮ੍ਰਿਤਸਰ ਵੱਲੋਂ ਲਗਾਇਆ ਜਾ ਰਿਹਾ ਹੈ ਜਿਸ ਵਿੱਚ ਹਸਪਤਾਲ ਦੇ ਮਾਹਿਰ ਡਾਕਟਰ ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕਅਪ ਕਰਨਗੇ ਅਤੇ ਲੋੜਵੰਦ ਬਜ਼ੁਰਗਾਂ ਨੂੰ ਦਾਰੂ ਅਤੇ ਦਵਾਈਆਂ ਮੁਫ਼ਤ ਦਿੱਤੀਆਂ ਜਾਣਗੀਆਂ।ਨਿਗ੍ਹਾ ਦੇ ਨੰਬਰ ਦਾ ਚੈੱਕਅਪ ਕੰਪਿਊਟਰ ਦੁਆਰਾ ਬਿਲਕੁਲ ਮੁਫ਼ਤ ਕੀਤਾ ਜਾਵੇਗਾ।

# ਏਆਈ ਟੂਲਾਂ ਨਾਲ ਵੀਵੋ ਵਾਈ51 ਪ੍ਰੋ 5ਜੀ ਹੋਇਆ ਲਾਂਚ

ਅੰਮ੍ਰਿਤਸਰ-ਵੀਵੋ ਇੰਡੀਆ ਨੇ ਆਪਣੀ ਵਾਈ ਸੀਰੀਜ਼ ਵਿੱਚ ਨਵਾਂ ਸਮਾਰਟਫੋਨ ਵੀਵੋ ਵਾਈ 51 ਪ੍ਰੋ 5ਜੀ ਲਾਂਚ ਕੀਤਾ ਹੈ। ਨਵਾਂ ਵਾਈ 51 ਪ੍ਰੋ ਉਨ੍ਹਾਂ ਯੂਜ਼ਰਾਂ ਲਈ ਡਿਜ਼ਾਈਨ ਕੀਤਾ ਗਿਆ ਹੈ ਜੋ ਸਮੂਥ ਅਤੇ ਭਰੋਸੇਯੋਗ ਪਰਫਾਰਮੈਂਸ ਨਾਲ ਇਮਰਸਿਵ ਐਂਟਰਟੇਨਮੈਂਟ ਦਾ ਅਨੁਭਵ ਕਰਨਾ ਚਾਹੁੰਦੇ ਹਨ।ਵੀਵੋ ਵਾਈ 51 ਪ੍ਰੋ 5ਜੀ ਵਿੱਚ ਸ਼ਾਨਦਾਰ ਡਿਜ਼ਾਇਨ ਦਿੱਤਾ ਗਿਆ ਹੈ।ਵੱਡੇ ਰੇਡੀਅਸ ਵਾਲੇ ਕੋਨੇ ਅਤੇ ਮੈਟੈਲਿਕ ਕੈਮਰਾ ਡੈਕੋ ਇਸਨੂੰ ਪ੍ਰੀਮਿਅਮ ਲੁੱਕ ਦਿੰਦੇ ਹਨ।

ਇਹ ਦੋ ਰੰਗਾਂ ਵਿੱਚ ਉਪਲਬਧ ਹੈ—ਫੈਸਟਿਵ ਰੈੱਡ, ਜੋ ਤਿਉਹਾਰਾਂ ਦੀ ਲਾਲਟੇਨ ਦੀ ਗਰਮ ਰੌਸ਼ਨੀ ਤੋਂ ਪ੍ਰੇਰਿਤ ਹੈ ਅਤੇ ਬਲੈਕ ਬੇਜ਼ਲ ਨਾਲ ਆਉਂਦਾ ਹੈ; ਅਤੇ ਨੋਬਲ ਗੋਲਡ, ਜਿਸ ਵਿੱਚ ਵੀਵੋ ਦਾ ਸਿਗਨੇਚਰ ਗ੍ਰੇਡੀਐਂਟ ਗ੍ਰੇਟਿੰਗ ਡਿਜ਼ਾਇਨ ਹੈ ।ਵੀਵੋ ਇੰਡੀਆ ਦੇ ਚੀਫ ਕਾਰਪੋਰੇਟ ਕਮਿਊਨੀਕੇਸ਼ਨਜ਼ ਆਫਿਸਰ ਗੀਤਾਜ ਚੰਨਾਨਾ ਨੇ ਕਿਹਾ ਕਿ ਵੀਵੋ ਵਿੱਚ ਅਸੀਂ ਮੰਨਦੇ ਹਾਂ ਕਿ ਇਨੋਵੇਸ਼ਨ ਅਜਿਹਾ ਹੋਣਾ ਚਾਹੀਦਾ ਹੈ ਜੋ ਯੂਜ਼ਰਾਂ ਦੀ ਰੋਜ਼ਾਨਾ ਜ਼ਿੰਦਗੀ ਅਤੇ ਉਨ੍ਹਾਂ ਦੇ ਕੰਮ ਕਰਨ ਦੇ ਢੰਗ ਨੂੰ ਸੱਚਮੁੱਚ ਸਹਾਰਾ ਦੇਵੇ।

# 1000 ਰੁਪਏ ਵਾਲੀ ਗਰੰਟੀ ਪੂਰੀ ਹੋਣ 'ਤੇ ਔਰਤਾਂ ਨੇ ਜਸ਼ਨ ਮਨਾਏ

ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)-ਬੀਤੇ ਦਿਨੀਂ ਮਹਿਲਾ ਦਿਵਸ ਮੌਕੇ ਆਮ ਆਦਮੀ ਪਾਰਟੀ ਦੀ ਸਰਕਾਰ ਤੇ ਮੁੱਖ ਮੰਤਰੀ ਮਾਨ ਵੱਲੋਂ ਆਪਣੇ ਚੋਣ ਵਾਦਿਆਂ ਨੂੰ ਪੂਰਾ ਕਰਦਿਆਂ ਔਰਤਾਂ ਨੂੰ 1 ਹਜ਼ਾਰ ਰੁਪਏ ਦੇਣ ਦੀ ਗਰੰਟੀ ਵਾਲਾ ਵਾਅਦਾ ਪੂਰਾ ਕੀਤਾ ਗਿਆ ਸੀ, ਜਿਸ ਨੂੰ ਲੈ ਕੇ ਹਲਕਾ ਡੇਰਾ ਬਾਬਾ ਨਾਨਕ ਦੇ ਵੱਖ-ਵੱਖ ਪਿੰਡਾਂ ਦੀਆਂ ਔਰਤਾਂ ਵੱਲੋਂ ਬਲਾਕ ਵਿਕਾਸ ਤੇ ਪੰਚਾਇਤ ਦਫ਼ਤਰ ਡੇਰਾ ਬਾਬਾ ਨਾਨਕ ਵਿਖੇ ਇੱਕ ਧੰਨਵਾਦੀ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਮੁੱਖ ਮਹਿਮਾਨ ਵਜੋਂ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।ਇਸ ਮੌਕੇ ਮਹਿਲਾਵਾਂ ਨੇ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਮਾਨ ਦਾ ਧੰਨਵਾਦ ਕੀਤਾ, ਭੰਗੜਾ ਪਾ ਕੇ ਖੁਸ਼ੀ ਦਾ ਇਜ਼ਹਾਰ ਕੀਤਾ।ਮਹਿਲਾਵਾਂ ਨੇ ਕਿਹਾ ਕਿ ਪੰਜਾਬ ਵਿੱਚ ਹੁਣ ਤੱਕ ਕਈ ਸਰਕਾਰਾਂ ਆਉਂਦੀਆਂ ਰਹੀਆਂ ਪਰ ਲੋਕਾਂ ਨਾਲ ਝੂਠੇ ਵਾਅਦੇ ਕਰਕੇ ਚਲੀਆਂ ਜਾਂਦੀਆਂ ਰਹੀਆਂ, ਪਰ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਜੋ ਚੋਣਾਂ ਦੇ ਦੌਰਾਨ ਔਰਤਾਂ ਨੂੰ 1000-1000 ਰੁਪਏ ਦੇਣ ਦਾ ਵਾਅਦਾ ਕੀਤਾ ਗਿਆ ਸੀ ਉਸ ਵਾਅਦੇ ਨੂੰ ਪੂਰਾ ਕਰਕੇ ਵਿਰੋਧੀ ਪਾਰਟੀਆਂ ਦਾ ਮੂੰਹ ਬੰਦ ਕੀਤਾ ਹੈ।ਇਸ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਮਹਿਲਾਵਾਂ ਨੂੰ ਲੱਡੂ ਵੰਡ ਕੇ ਮੂੰਹ ਮਿੱਠਾ ਕਰਵਾਇਆ ਗਿਆ।ਇਸ ਰੰਧਾਵਾ ਤੇ ਔਰਤਾਂ ਨੇ ਸੁਖਪਾਲ ਸਿੰਘ ਖਹਿਰਾ ਦੇ ਟਵੀਟ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ।ਇਸ ਮੌਕੇ ਸ਼ਿਖਾ ਗੁਪਤਾ ਪ੍ਰਧਾਨ ਨਗਰ ਕੌਂਸਲ, ਲਵਪ੍ਰੀਤ ਸਿੰਘ ਪੀਏ, ਸਰਪੰਚ ਅੰਗਰੇਜ਼ ਸਿੰਘ, ਨਰਿੰਦਰ ਸਿੰਘ ਪ੍ਰਧਾਨ ਪੰਚਾਇਤ ਸਕੱਤਰ ਯੂਨੀਅਨ, ਸਾਹਿਬ ਸਿੰਘ ਪੰਚਾਇਤ ਸਕੱਤਰ, ਰਮਨ ਕੁਮਾਰ ਪੰਚਾਇਤ ਸਕੱਤਰ, ਹਰਿੰਦਰ ਸਿੰਘ ਪੰਚਾਇਤ ਸਕੱਤਰ, ਬਲਦੇਵ ਰਾਜ ਡਾਇਮੰਡ, ਰਾਜਵੀਰ ਕੌਰ ਬਲਾਕ ਪ੍ਰਧਾਨ, ਗੁਰਪ੍ਰੀਤ ਕੌਰ ਖੁਸੀਪੁਰ, ਗੁਰਜੀਤ ਕੌਰ, ਰਜਨੀ ਬਾਲਾ ਮੁੱਖ ਸਮਾਜ ਸੇਵਕ, ਸਰਪੰਚ ਬਲਜਿੰਦਰ ਸਿੰਘ ਟਰਪੱਲਾ, ਸਰਪੰਚ ਸੁਖਬੀਰ ਸਿੰਘ ਹਕੀਮ ਬੇਗ, ਸਰਪੰਚ ਰਾਮਜੀਤ ਸਿੰਘ ਕੋਟ ਮੌਲਵੀ, ਸਰਪੰਚ ਦਿਲਬਾਗ ਸਿੰਘ ਪੱਬਾਰਾਲੀ, ਸਰਪੰਚ ਮਲਕੀਤ ਸਫਰਕੋਟ, ਸਰਪੰਚ ਹੀਰਾ ਸਿੰਘ ਪੱਬਾ ਵਾਲੀ ਖੁਰਦ, ਸਰਪੰਚ ਮਹਿੰਦਰ ਸਿੰਘ ਨਿਕੋਸਰਾ, ਨਿਸ਼ਾਨ ਸਿੰਘ ਸਰਪੰਚ ਸਿੰਘਪੁਰਾ, ਮਨਜਿੰਦਰ ਕੌਰ, ਮਨਪ੍ਰੀਤ ਕੌਰ ਅਕਾਊਂਟੈਂਟ, ਅਮਨਦੀਪ ਕੌਰ, ਨਵਦੀਪ ਕੌਰ ਤੇ ਪਿੰਕੀ ਤੋਂ ਇਲਾਵਾ ਵੱਡੀ ਗਿਣਤੀ ਔਰਤਾਂ ਹਾਜ਼ਰ ਸਨ।



## ਲੋਕਾਂ ਨੂੰ ਗੈਸ ਸਿਲੰਡਰਾਂ ਦੀ ਘਾਟ ਦਾ ਕਰਨਾ ਪੈ ਰਿਹੈ ਸਾਹਮਣਾ : ਅਨੁਜ ਖੇਮਕਾ



ਛੇਹਰਟਾ, (ਮਨੋਜ ਕੁਮਾਰ)-ਰਾਸ਼ਟਰੀ ਹਿੰਦੂ ਚੇਤਨਾ ਮੰਚ ਦੇ ਪੰਜਾਬ ਪ੍ਰਧਾਨ ਤੇ ਸਮਾਜ ਸੇਵਕ ਅਨੁਜ ਖੇਮਕਾ ਨੇ ਕਿਹਾ ਹੈ ਕਿ ਇਨ੍ਹੀਂ ਦਿਨੀਂ ਅਮਰੀਕਾ ਤੇ ਈਰਾਨ ਵਿਚਕਾਰ ਜੰਗ ਕਾਰਨ ਲੋਕ ਘਰੇਲੂ ਉਤਪਾਦਾਂ ਦੀਆਂ ਵਧਦੀਆਂ ਕੀਮਤਾਂ ਤੇ ਗੈਸ ਸਿਲੰਡਰਾਂ ਦੀ ਘਾਟ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਵਿਦੇਸ਼ ਵਿਚ ਜੰਗ ਕਾਰਨ ਲੋਕਾਂ ਨੂੰ ਘਰੇਲੂ ਉਤਪਾਦਾਂ ਦੀ ਘਾਟ ਮਹਿਸੂਸ ਹੋਣ ਲੱਗ ਪਈ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਵਿਚ ਸਿਲੰਡਰਾਂ ਦੀ ਕਾਲਾਬਾਜ਼ਾਰੀ ਨੂੰ ਰੋਕਣ ਲਈ ਪ੍ਰਸ਼ਾਸਨ ਨੂੰ ਚੌਕਸ ਰਹਿਣਾ ਪਵੇਗਾ, ਤਾਂ ਜੋ ਗਰੀਬ ਤੇ ਮਜ਼ਦੂਰ ਵਰਗ ਦੀ ਲੁੱਟ ਨਾ ਹੋਵੇ।

ਅਨੁਜ ਖੇਮਕਾ ਨੇ ਕਿਹਾ ਕਿ ਇਸ ਤੋਂ ਇਲਾਵਾ ਰਾਸ਼ਨ, ਤੇਲ, ਫ਼ਲ ਤੇ ਸਬਜ਼ੀਆਂ ਦੀਆਂ ਕੀਮਤਾਂ ਵੀ ਅਸਮਾਨ ਛੂਹ ਰਹੀਆਂ ਹਨ। ਸਿਲੰਡਰਾਂ ਦੀ ਆਨਲਾਈਨ ਬੁਕਿੰਗ ਕਰਨ ਵਿਚ ਖਪਤਕਾਰਾਂ ਨੂੰ ਸਮੱਸਿਆ ਆ ਰਹੀ ਹੈ। ਉਨ੍ਹਾਂ ਗੈਸ ਏਜੰਸੀ ਮਾਲਿਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਸਿਲੰਡਰ ਬੁਕਿੰਗ ਦਾ ਸਮਾਂ 25 ਦਿਨਾਂ ਦੀ ਬਜਾਏ ਪਹਿਲਾਂ ਵਾਂਗ ਹੀ ਰੱਖਣ। ਇਸ ਮੌਕੇ ਸ਼ੰਕਰ ਅਰੋੜਾ, ਆਸ਼ੀਸ਼ ਖੇਮਕਾ, ਨਵਲ ਵਰਮਾ ਆਦਿ ਮੌਜੂਦ ਸਨ।

# ਪੰਜਾਬ ਨੂੰ ਨੰਬਰ ਵਨ ਬਣਾਉਣ ਲਈ ਹੰਭਲਾ

## ਪ੍ਰੋਗਰੈਸਿਵ ਪੰਜਾਬ ਨਿਵੇਸ਼ਕ ਸੰਮੇਲਨ-2026




ਪੰਜਾਬ ਭਾਰਤ ਦੇ ਸਭ ਤੋਂ ਮਹੱਤਵਪੂਰਨ ਰਾਜਾਂ ਵਿੱਚੋਂ ਇੱਕ ਹੈ, ਜਿਸ ਨੇ ਦੇਸ਼ ਦੀ ਖੇਤੀਬਾੜੀ, ਉਦਯੋਗ ਅਤੇ ਆਰਥਿਕ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਦਿੱਤਾ ਹੈ। ਹਰਿਆਲੇ ਖੇਤਾਂ, ਮਿਹਨਤੀ ਲੋਕਾਂ ਅਤੇ ਉਦਮੀ ਉਤਸ਼ਾਹ ਕਰਕੇ ਪੰਜਾਬ ਨੂੰ ਭਾਰਤ ਦਾ ਅੰਨ ਭੰਡਾਰ ਵੀ ਕਿਹਾ ਜਾਂਦਾ ਹੈ। ਸਮੇਂ ਦੇ ਨਾਲ-ਨਾਲ ਗਲੋਬਲ ਅਰਥਵਿਵਸਥਾ ਵਿੱਚ ਬਦਲਾਅ ਆ ਰਹੇ ਹਨ ਅਤੇ ਨਵੇਂ ਉਦਯੋਗ, ਤਕਨਾਲੋਜੀ ਤੇ ਨਿਵੇਸ਼ ਦੀ ਲੋੜ ਵਧ ਰਹੀ ਹੈ। ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਸਰਕਾਰ ਵੱਲੋਂ ਉਦਯੋਗਿਕ ਵਿਕਾਸ ਅਤੇ ਆਰਥਿਕ ਤਰੱਕੀ ਨੂੰ ਤੇਜ਼ ਕਰਨ ਲਈ ਕਈ ਕਦਮ ਚੁੱਕੇ ਜਾ ਰਹੇ ਹਨ।

ਇਸੇ ਦਿਸ਼ਾ ਵਿੱਚ ਪ੍ਰੋਗਰੈਸਿਵ ਪੰਜਾਬ ਨਿਵੇਸ਼ਕ ਸੰਮੇਲਨ-2026 ਇੱਕ ਮਹੱਤਵਪੂਰਨ ਪਹਿਲ ਹੈ। ਇਸ ਸੰਮੇਲਨ ਦਾ ਮੁੱਖ ਉਦੇਸ਼ ਪੰਜਾਬ ਨੂੰ ਦੇਸ਼ ਅਤੇ ਵਿਦੇਸ਼ ਦੇ ਨਿਵੇਸ਼ਕਾਂ ਲਈ ਇੱਕ ਆਕਰਸ਼ਕ ਨਿਵੇਸ਼ ਕੇਂਦਰ ਵਜੋਂ ਪੇਸ਼ ਕਰਨਾ ਹੈ। ਇਸ ਸੰਮੇਲਨ ਵਿੱਚ ਕਈ ਵੱਡੇ ਉਦਯੋਗਪਤੀ, ਨਿਵੇਸ਼ਕ, ਵਪਾਰੀ, ਸਰਕਾਰੀ ਅਧਿਕਾਰੀ ਅਤੇ ਵਿਦੇਸ਼ੀ ਨੁਮਾਇੰਦੇ ਸ਼ਾਮਲ ਹੋ ਰਹੇ ਹਨ। ਇਸ ਮੰਚ ਰਾਹੀਂ ਪੰਜਾਬ ਵਿੱਚ ਮੌਜੂਦ ਨਿਵੇਸ਼ ਦੇ ਮੌਕਿਆਂ ਨੂੰ ਉਜਾਗਰ ਕੀਤਾ ਜਾਵੇਗਾ ਅਤੇ ਨਵੇਂ ਉਦਯੋਗਿਕ ਪ੍ਰੋਜੈਕਟਾਂ ਦਾ ਐਲਾਨ ਕੀਤਾ ਜਾਵੇਗਾ।

### ਸੰਮੇਲਨ ਦਾ ਉਦੇਸ਼ ਅਤੇ ਮਹੱਤਤਾ

ਪ੍ਰੋਗਰੈਸਿਵ ਪੰਜਾਬ ਨਿਵੇਸ਼ਕ ਸੰਮੇਲਨ ਦਾ ਮੁੱਖ ਉਦੇਸ਼ ਪੰਜਾਬ ਦੀ ਆਰਥਿਕਤਾ ਨੂੰ ਮਜ਼ਬੂਤ ਬਣਾਉਣਾ ਅਤੇ ਰਾਜ ਵਿੱਚ ਨਵੇਂ ਉਦਯੋਗਾਂ ਨੂੰ ਉਤਸ਼ਾਹਿਤ ਕਰਨਾ ਹੈ। ਇਸ ਸੰਮੇਲਨ ਰਾਹੀਂ ਸਰਕਾਰ ਨੇ ਨਿਵੇਸ਼ਕਾਂ ਨੂੰ ਇਹ ਸੰਦੇਸ਼ ਦੇਣਾ ਹੈ ਕਿ ਪੰਜਾਬ ਵਿੱਚ ਉਦਯੋਗ ਲਗਾਉਣ ਲਈ ਬਹੁਤ ਵਧੀਆ ਮਾਹੌਲ ਮੌਜੂਦ ਹੈ।

ਇਸ ਸੰਮੇਲਨ ਦੀ ਇੱਕ ਹੋਰ ਮਹੱਤਵਪੂਰਨ ਵਿਸ਼ੇਸ਼ਤਾ ਇਹ ਹੈ ਕਿ ਇਹ ਸਰਕਾਰ ਅਤੇ ਉਦਯੋਗਪਤੀਆਂ ਵਿਚਕਾਰ ਸੰਵਾਦ ਦਾ ਮੰਚ ਬਣਦਾ ਹੈ। ਇੱਥੇ ਨਿਵੇਸ਼ਕਾਂ ਨੂੰ ਆਪਣੀਆਂ ਸਮੱਸਿਆਵਾਂ ਅਤੇ ਸੁਝਾਅ ਰੱਖਣ ਦਾ ਮੌਕਾ ਮਿਲੇਗਾ, ਜਦਕਿ ਸਰਕਾਰ ਉਨ੍ਹਾਂ ਨੂੰ ਨਵੀਆਂ ਨੀਤੀਆਂ ਅਤੇ ਸਹੂਲਤਾਂ ਬਾਰੇ ਜਾਣਕਾਰੀ ਦੇਵੇਗੀ।

ਇਸ ਤੋਂ ਇਲਾਵਾ ਸੰਮੇਲਨ ਦਾ ਮਕਸਦ ਪੰਜਾਬ ਨੂੰ ਇੱਕ ਆਧੁਨਿਕ ਅਤੇ ਉਦਯੋਗਿਕ ਰਾਜ ਵਜੋਂ ਵਿਕਸਿਤ ਕਰਨਾ ਵੀ ਹੈ। ਜੇਕਰ ਨਵੇਂ ਉਦਯੋਗ ਲੱਗਦੇ ਹਨ ਤਾਂ ਇਸ ਨਾਲ ਰਾਜ ਦੀ ਆਮਦਨੀ ਵਿੱਚ ਵਾਧਾ ਹੋਵੇਗਾ ਅਤੇ ਲੋਕਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਆਵੇਗਾ।

### ਪੰਜਾਬ ਦੀ ਭੂਗੋਲਿਕ ਅਤੇ ਆਰਥਿਕ ਮਹੱਤਤਾ

ਪੰਜਾਬ ਦੀ ਭੂਗੋਲਿਕ ਸਥਿਤੀ ਵੀ ਨਿਵੇਸ਼ ਲਈ ਬਹੁਤ ਉਚਿੱਤ ਹੈ। ਇਹ ਰਾਜ ਉੱਤਰੀ ਭਾਰਤ ਵਿੱਚ ਸਥਿਤ ਹੈ ਅਤੇ ਕਈ ਮਹੱਤਵਪੂਰਨ ਰਾਜਾਂ ਨਾਲ ਜੁੜਿਆ ਹੋਇਆ ਹੈ। ਇੱਥੇ ਚੰਗਾ ਸੜਕ ਜਾਲ, ਰੇਲਵੇ ਸਹੂਲਤ ਅਤੇ ਹਵਾਈ ਸੇਵਾਵਾਂ ਉਪਲੱਬਧ ਹਨ, ਜਿਸ ਨਾਲ ਵਪਾਰ ਕਰਨਾ ਆਸਾਨ ਬਣ ਜਾਂਦਾ ਹੈ।

ਇਸ ਤੋਂ ਇਲਾਵਾ ਪੰਜਾਬ ਵਿੱਚ ਮਿਹਨਤੀ ਅਤੇ ਹੁਨਰਮੰਦ ਮਨੁੱਖੀ ਵਸੀਲੇ ਵੀ ਉਪਲੱਬਧ ਹਨ। ਇੱਥੇ ਦੇ ਨੌਜਵਾਨ ਤਕਨਾਲੋਜੀ, ਉਦਯੋਗ ਅਤੇ ਵਪਾਰ ਵਿੱਚ ਕਾਬਲ ਹਨ। ਇਸ ਕਰਕੇ ਨਿਵੇਸ਼ਕਾਂ ਲਈ ਪੰਜਾਬ ਇੱਕ ਵਧੀਆ ਚੋਣ ਬਣ ਸਕਦਾ ਹੈ।

ਪੰਜਾਬ ਦੀ ਮਜ਼ਬੂਤ ਖੇਤੀਬਾੜੀ ਵੀ ਉਦਯੋਗਾਂ ਲਈ ਕੱਚਾ ਮਾਲ ਪ੍ਰਦਾਨ ਕਰਦੀ ਹੈ, ਜਿਸ ਨਾਲ ਫੂਡ ਪ੍ਰੋਸੈਸਿੰਗ ਅਤੇ ਐਗਰੀ-ਬਿਜ਼ਨੈੱਸ ਵਰਗੇ ਖੇਤਰਾਂ ਵਿੱਚ ਬਹੁਤ ਵੱਡੀ ਸੰਭਾਵਨਾ ਹੈ।

### ਪੰਜਾਬ ਵਿੱਚ ਨਿਵੇਸ਼ ਦੇ ਮੁੱਖ ਖੇਤਰ

ਪੰਜਾਬ ਵਿੱਚ ਕਈ ਅਜਿਹੇ ਖੇਤਰ ਹਨ, ਜਿੱਥੇ ਨਿਵੇਸ਼ ਦੀ ਬਹੁਤ ਸੰਭਾਵਨਾ ਹੈ। ਇਨ੍ਹਾਂ ਵਿੱਚੋਂ ਕੁਝ ਮਹੱਤਵਪੂਰਨ ਖੇਤਰ ਹੇਠ ਲਿਖੇ ਹਨ-

#### 1. ਮੈਨੂੰਫੈਕਚਰਿੰਗ ਅਤੇ ਉਦਯੋਗ

ਪੰਜਾਬ ਵਿੱਚ ਲੁਧਿਆਣਾ, ਜਲੰਧਰ, ਅੰਮ੍ਰਿਤਸਰ ਅਤੇ ਮੰਡੀ ਗੋਬਿੰਦਗੜ੍ਹ ਵਰਗੇ ਸ਼ਹਿਰ ਉਦਯੋਗਿਕ ਕੇਂਦਰ ਵਜੋਂ ਜਾਣੇ ਜਾਂਦੇ ਹਨ। ਲੁਧਿਆਣਾ ਸਾਈਕਲ ਅਤੇ ਟੈਕਸਟਾਈਲ ਉਦਯੋਗ ਲਈ ਮਸ਼ਹੂਰ ਹੈ, ਜਦਕਿ ਜਲੰਧਰ ਸਪੋਰਟਸ ਗੁੱਡਸ ਲਈ ਪ੍ਰਸਿੱਧ ਹੈ। ਇਨ੍ਹਾਂ ਖੇਤਰਾਂ ਵਿੱਚ ਹੋਰ ਨਿਵੇਸ਼ ਕਰਕੇ ਉਦਯੋਗਿਕ ਵਿਕਾਸ ਨੂੰ ਹੋਰ ਤੇਜ਼ ਕੀਤਾ ਜਾ ਸਕਦਾ ਹੈ।

#### 2. ਖੇਤੀਬਾੜੀ ਅਤੇ ਫੂਡ ਪ੍ਰੋਸੈਸਿੰਗ

ਪੰਜਾਬ ਵਿੱਚ ਖੇਤੀਬਾੜੀ ਦਾ ਬਹੁਤ ਵੱਡਾ ਮਹੱਤਵ ਹੈ। ਇੱਥੇ ਕਣਕ, ਚੌਲ, ਮੱਕੀ ਅਤੇ ਸਬਜ਼ੀਆਂ ਦੀ ਵੱਡੀ ਪੈਦਾਵਾਰ ਹੁੰਦੀ ਹੈ। ਇਸ ਕਰਕੇ ਫੂਡ ਪ੍ਰੋਸੈਸਿੰਗ ਉਦਯੋਗ, ਕੋਲਡ ਸਟੋਰੇਜ ਅਤੇ ਪੈਕਿੰਗ ਯੂਨਿਟਾਂ ਵਿੱਚ ਨਿਵੇਸ਼ ਦੇ ਬੇਹੱਦ ਮੌਕੇ ਹਨ।

#### 3. ਸੂਚਨਾ ਤਕਨਾਲੋਜੀ (ਆਈ ਟੀ) ਅਤੇ ਡਿਜੀਟਲ ਖੇਤਰ

ਮੋਹਾਲੀ ਅਤੇ ਚੰਡੀਗੜ੍ਹ ਵਿੱਚ ਆਈ ਟੀ ਪਾਰਕ ਬਣ ਰਹੇ ਹਨ ਅਤੇ ਕਈ ਸਟਾਰਟਅੱਪ ਕੰਪਨੀਆਂ ਕੰਮ ਕਰ ਰਹੀਆਂ ਹਨ। ਡਿਜੀਟਲ ਤਕਨਾਲੋਜੀ ਦੇ ਵਿਕਾਸ ਨਾਲ ਪੰਜਾਬ ਵਿੱਚ ਆਈ ਟੀ ਉਦਯੋਗ ਲਈ ਵੀ ਵੱਡੇ ਮੌਕੇ ਹਨ।

#### 4. ਨਵੀਕਰਨਯੋਗ ਊਰਜਾ

ਸੂਰਜੀ ਊਰਜਾ ਅਤੇ ਬਾਇਓ-ਐਨਰਜੀ ਦੇ ਖੇਤਰ ਵਿੱਚ ਪੰਜਾਬ ਵਿੱਚ ਨਿਵੇਸ਼ ਲਈ ਬਹੁਤ ਸੰਭਾਵਨਾ ਹੈ। ਖੇਤੀਬਾੜੀ ਦੇ ਬਚੇ ਹੋਏ ਅਵਸ਼ੇਸ਼ਾਂ ਤੋਂ ਬਾਇਓ-ਗੈਸ ਅਤੇ ਊਰਜਾ ਤਿਆਰ ਕੀਤੀ ਜਾ ਸਕਦੀ ਹੈ। ਇਸ ਨਾਲ ਪਰਾਲੀ ਦੀ ਸਮੱਸਿਆ ਨੂੰ ਵੀ ਘਟਾਇਆ ਜਾ ਸਕਦਾ ਹੈ।

#### 5. ਸਿਹਤ ਅਤੇ ਸਿੱਖਿਆ ਖੇਤਰ

ਪੰਜਾਬ ਵਿੱਚ ਨਵੇਂ ਹਸਪਤਾਲ, ਮੈਡੀਕਲ ਕਾਲਜ ਅਤੇ ਸਿੱਖਿਆ ਸੰਸਥਾਵਾਂ ਬਣਾਉਣ ਲਈ ਵੀ ਵੱਡੀ ਸੰਭਾਵਨਾ ਹੈ। ਇਸ ਨਾਲ ਸਿਹਤ ਸੇਵਾਵਾਂ ਅਤੇ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਆ ਸਕਦਾ ਹੈ।

### ਸੰਮੇਲਨ ਦੀਆਂ ਪ੍ਰਾਪਤੀਆਂ

ਪ੍ਰੋਗਰੈਸਿਵ ਪੰਜਾਬ ਨਿਵੇਸ਼ਕ ਸੰਮੇਲਨ-2026 ਦੌਰਾਨ ਕਈ ਵੱਡੇ ਨਿਵੇਸ਼ ਸਮਝੌਤੇ ਕੀਤੇ ਜਾਣਗੇ। ਵੱਖ-ਵੱਖ ਖੇਤਰਾਂ ਵਿੱਚ ਹਜ਼ਾਰਾਂ ਕਰੋੜ ਰੁਪਏ ਦੇ ਪ੍ਰੋਜੈਕਟਾਂ ਦਾ ਐਲਾਨ ਹੋਵੇਗਾ।

ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬ ਵਿੱਚ ਲੱਗਭੱਗ 1.5 ਲੱਖ ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਹੋਇਆ ਹੈ। ਇਸ ਨਾਲ ਰਾਜ ਵਿੱਚ ਲੱਗਭੱਗ 5 ਲੱਖ ਤੋਂ ਵੱਧ ਰੁਜ਼ਗਾਰ ਦੇ ਮੌਕੇ ਪੈਦਾ ਹੋਏ ਹਨ।

ਇਸ ਤੋਂ ਇਲਾਵਾ ਸਰਕਾਰ ਨੇ ਕਈ ਨਵੇਂ ਉਦਯੋਗਿਕ ਪਾਰਕ, ਲਾਜਿਸਟਿਕ ਹੱਬ ਅਤੇ ਇੰਡਸਟਰੀਅਲ ਜ਼ੋਨ ਬਣਾਉਣ ਦੀ ਯੋਜਨਾ ਵੀ ਬਣਾਈ ਹੈ। ਇਹ ਪ੍ਰੋਜੈਕਟ ਭਵਿੱਖ ਵਿੱਚ ਪੰਜਾਬ ਦੀ ਆਰਥਿਕ ਤਰੱਕੀ ਨੂੰ ਹੋਰ ਮਜ਼ਬੂਤ ਬਣਾਉਣ ਵਿੱਚ ਮਦਦ ਕਰਨਗੇ।

### ਸਰਕਾਰ ਦੀਆਂ ਨੀਤੀਆਂ ਅਤੇ ਉਪਰਾਲੇ

ਪੰਜਾਬ ਸਰਕਾਰ ਨੇ ਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ ਕਈ ਮਹੱਤਵਪੂਰਨ ਨੀਤੀਆਂ ਲਾਗੂ ਕੀਤੀਆਂ ਹਨ। ਸਰਕਾਰ ਵੱਲੋਂ ਸਿੰਗਲ ਵਿੰਡੋ ਸਿਸਟਮ ਸ਼ੁਰੂ ਕੀਤਾ ਗਿਆ ਹੈ, ਜਿਸ ਰਾਹੀਂ ਉਦਯੋਗਪਤੀਆਂ ਨੂੰ ਸਾਰੀਆਂ ਮਨਜ਼ੂਰੀਆਂ ਇੱਕ ਹੀ ਥਾਂ 'ਤੇ ਮਿਲ ਸਕਦੀਆਂ ਹਨ।

ਇਸ ਤੋਂ ਇਲਾਵਾ ਉਦਯੋਗਾਂ ਲਈ ਟੈਕਸ ਛੋਟ, ਸਬਸਿਡੀ ਅਤੇ ਜ਼ਮੀਨ ਦੀ ਉਪਲੱਬਧਤਾ ਵਰਗੀਆਂ ਸਹੂਲਤਾਂ ਵੀ ਦਿੱਤੀਆਂ ਜਾ ਰਹੀਆਂ ਹਨ। ਸਰਕਾਰ ਦਾ ਮਕਸਦ ਹੈ ਕਿ ਨਿਵੇਸ਼ਕਾਂ ਨੂੰ ਕੋਈ ਵੀ ਪ੍ਰਸ਼ਾਸਕੀ ਮੁਸ਼ਕਲ ਨਾ ਆਵੇ ਅਤੇ ਉਹ ਆਸਾਨੀ ਨਾਲ ਆਪਣੇ ਪ੍ਰੋਜੈਕਟ ਸ਼ੁਰੂ ਕਰ ਸਕਣ।

ਸਰਕਾਰ ਵੱਲੋਂ ਹੁਨਰ ਵਿਕਾਸ ਪ੍ਰੋਗਰਾਮ ਵੀ ਚਲਾਏ ਜਾ ਰਹੇ ਹਨ, ਤਾਂ ਜੋ ਨੌਜਵਾਨਾਂ ਨੂੰ ਉਦਯੋਗਾਂ ਲਈ ਤਿਆਰ ਕੀਤਾ ਜਾ ਸਕੇ।

### ਨੌਜਵਾਨਾਂ ਲਈ ਮੌਕੇ

ਨਵੇਂ ਨਿਵੇਸ਼ ਨਾਲ ਪੰਜਾਬ ਦੇ ਨੌਜਵਾਨਾਂ ਲਈ ਰੋਜ਼ਗਾਰ ਦੇ ਕਈ ਨਵੇਂ ਮੌਕੇ ਪੈਦਾ ਹੋਣਗੇ। ਆਈ ਟੀ, ਮੈਨੂੰਫੈਕਚਰਿੰਗ, ਸਿਹਤ, ਸਿੱਖਿਆ ਅਤੇ ਸੇਵਾ ਖੇਤਰ ਵਿੱਚ ਹਜ਼ਾਰਾਂ ਨੌਕਰੀਆਂ ਉਪਲੱਬਧ ਹੋਣਗੀਆਂ।

ਇਸ ਨਾਲ ਬੇਰੁਜ਼ਗਾਰੀ ਦੀ ਸਮੱਸਿਆ ਘਟੇਗੀ ਅਤੇ ਨੌਜਵਾਨਾਂ ਨੂੰ ਆਪਣੇ ਹੀ ਰਾਜ ਵਿੱਚ ਕੰਮ ਕਰਨ ਦਾ ਮੌਕਾ ਮਿਲੇਗਾ। ਇਸ ਨਾਲ ਵਿਦੇਸ਼ ਜਾਣ ਦੇ ਰੁਝਾਨ ਵਿੱਚ ਵੀ ਕਮੀ ਆ ਸਕਦੀ ਹੈ।

### ਭਵਿੱਖ ਦੀਆਂ ਸੰਭਾਵਨਾਵਾਂ

ਜੇਕਰ ਪੰਜਾਬ ਵਿੱਚ ਨਿਵੇਸ਼ ਅਤੇ ਉਦਯੋਗਿਕ ਵਿਕਾਸ ਇਸੇ ਤਰ੍ਹਾਂ ਜਾਰੀ ਰਹਿੰਦਾ ਹੈ ਤਾਂ ਭਵਿੱਖ ਵਿੱਚ ਇਹ ਰਾਜ ਦੇਸ਼ ਦੇ ਸਭ ਤੋਂ ਅੱਗੇ ਵਧਦੇ ਉਦਯੋਗਿਕ ਕੇਂਦਰਾਂ ਵਿੱਚੋਂ ਇੱਕ ਬਣ ਸਕਦਾ ਹੈ।ਨਵੀਆਂ ਤਕਨਾਲੋਜੀਆਂ, ਡਿਜੀਟਲ ਵਿਕਾਸ ਅਤੇ ਉਦਯੋਗਿਕ ਨੀਤੀਆਂ ਦੇ ਨਾਲ ਪੰਜਾਬ ਆਪਣੀ ਆਰਥਿਕਤਾ ਨੂੰ ਹੋਰ ਮਜ਼ਬੂਤ ਕਰ ਸਕਦਾ ਹੈ। ਇਸ ਨਾਲ ਰਾਜ ਦੀ ਤਰੱਕੀ ਦੇ ਨਾਲ-ਨਾਲ ਲੋਕਾਂ ਦੀ ਜੀਵਨ ਗੁਣਵੱਤਾ ਵਿੱਚ ਵੀ ਸੁਧਾਰ ਆਵੇਗਾ।

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਪ੍ਰੋਗਰੈਸਿਵ ਪੰਜਾਬ ਨਿਵੇਸ਼ਕ ਸੰਮੇਲਨ-2026 ਪੰਜਾਬ ਦੀ ਆਰਥਿਕ ਵਿਕਾਸ ਯਾਤਰਾ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਸਾਬਤ ਹੋ ਸਕਦਾ ਹੈ। ਇਸ ਸੰਮੇਲਨ ਰਾਹੀਂ ਨਵੇਂ ਨਿਵੇਸ਼, ਉਦਯੋਗ ਅਤੇ ਰੋਜ਼ਗਾਰ ਦੇ ਮੌਕੇ ਪੈਦਾ ਹੋਣਗੇ।

ਜੇਕਰ ਸਰਕਾਰ, ਉਦਯੋਗਪਤੀ ਅਤੇ ਸਮਾਜ ਮਿਲ ਕੇ ਇਸ ਦਿਸ਼ਾ ਵਿੱਚ ਕੰਮ ਕਰਦੇ ਰਹੇ ਤਾਂ ਪੰਜਾਬ ਭਵਿੱਖ ਵਿੱਚ ਨਾ ਸਿਰਫ ਖੇਤੀਬਾੜੀ ਵਿੱਚ, ਸਗੋਂ ਉਦਯੋਗ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਵੀ ਦੇਸ਼ ਦੇ ਅਗੇਤਰ ਰਾਜਾਂ ਵਿੱਚ ਆਪਣੀ ਪਛਾਣ ਬਣਾਏਗਾ।